ਕੈਨੇਡਾ ਦਰਪਣ

ਨਵੰਬਰ 1- 8, 1988

November 1- 8, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਫਸਾਦਾਂ ਲਈ ਸਰਕਾਰ ਜ਼ਿੰਮੇਵਾਰ

NOVEMBER 1-8, 1988 Vol. 07, No. 26 Out of Greater Vancouver 75¢ Second Class Mail Reg. No. 5991

ਕੈਨੇਡਾ ਦਰਪਣ

The Canada Darpan The Punjabi Newspaper

P.O.BOX 265, Surrey, B.C. V3T 4W8
Ph: (604) 581-4473

ਮਦਰਾਸ — ਇਥੇ ਇਕ ਫੈਸਲਾ, ਸੁਣਾਉਂਦਿਆਂ ਤਾਮਿਲਨਾਡੂ ਹਾਈਕੋਰਟ ਦੇ ਜੱਜਾਂ ਨੇ ਫੈਸਲਾ ਦਿਤਾ ਕਿ ਸਰਕਾਰ ਨੇ 1984 ਦੇ ਦੰਗਿਆਂ ਸਮੇਂ ਸਿੱਖਾਂ ਦੇ ਜਾਨ ਮਾਲ ਦੀ ਰੱਖਿਆ ਕਰਨ ਵਿਚ ਕੋਤਾਹੀ ਕੀਤੀ। ਫੈਸਲੇ ਵਿਚ ਕਿਹਾ ਗਿਆ ਕਿ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਭੜਕੇ ਸਿਖ-ਵਿਰੋਧੀ ਦੰਗਿਆਂ ਸਮੇਂ ਰਾਜ ਸਰਕਾਰ ਨੇ ਜ਼ਿੰਮੇਂਵਾਰੀ ਤੋਂ ਕੰਮ ਨਹੀਂ ਲਿਆ।

ਹਾਈਕੋਰਟ ਨੇ ਰਾਜ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਸ ਮੌਕੇ ਤੇ ਕੋਇੰਬਟੂਰ ਜ਼ਿਲੇ ਵਿਚ ਜਿਨ੍ਹਾਂ 36 ਸਿਖ ਪ੍ਰਵਾਰਾਂ ਉਤੇ ਹਮਲੇ ਹੋਏ ਸਨ, ਅਤੇ ਜਿਨ੍ਹਾਂ ਦੀਆਂ ਦੁਕਾਨਾਂ ਸਾੜ ਦਿੱਤੀਆਂ ਗਈਆਂ ਸਨ ਤੇ ਘਰ ਜਲਾ ਦਿਤੇ ਸਨ ਉਨ੍ਹਾਂ ਪ੍ਰਵਾਰਾਂ ਨੂੰ 33 ਲੱਖ ਰੁਪਏ ਇਵਜ਼ਾਨਾ ਦਵੇ।

ਯਾਦ ਰਹੇ ਕਿ ਅਜਿਹਾ ਹੀ ਫੈਸਲਾ ਦਿੱਲੀ ਹਾਈਕੋਰਟ ਨੇ ਵੀ ਦਿੱਤਾ ਹੈ ਕਿ ਦਿੱਲੀ ਦੇ ਦੰਗਿਆਂ ਵਿਚ ਪੁਲਸ ਦਾ ਰੋਲ ਬਹੁਤ ਘਟੀਆ ਸੀ।

ਇੰਦਰਾ ਦੀ ਚੌਥੀ ਬਰਸੀ ਬੇਅਸਰ

ਨਵੀਂ ਦਿੱਲੀ — ਖਬਰ ਮਿਲੀ ਹੈ ਕਿ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਚੌਥੀ ਬਰਸੀ ਕਲ੍ਹ ਨਵੀਂ ਦਿੱਲੀ ਦੇ ਲਾਲ ਕਿਲਾ ਮੈਦਾਨ ਵਿਚ ਮਨਾਈ ਗਈ। ਕਾਂਗਰਸ ਪਾਰਟੀ ਦੇ ਪ੍ਰਬੰਧਕਾਂ ਇਹ ਬਰਸੀ ਬੋਟ ਕਲੱਬ ਵਿਖੇ ਕਰਨ ਦੀ ਯੋਜਨਾ ਬਣਾਈ ਸੀ, ਪਰ ਬੋਟ ਕਲੱਬ ਉਪਰ ਕਿਸਾਨ ਯੂਨੀਅਨ ਵਲੋਂ ਕਬਜ਼ਾ ਕਰ ਲੈਣ ਦੇ ਕਾਰਨ ਇਸ ਨੂੰ ਇਕ ਮੀਲ ਦੂਰ ਲਾਲ ਕਿਲੇ ਦੇ ਮੈਦਾਨ ਵਿਚ ਬਦਲ ਦਿੱਤਾ ਗਿਆ।



ਕੌਮੀ ਪ੍ਰੈਸ ਦੀਆਂ ਖਬਰਾਂ ਅਨੁਸਾਰ ਇਸ ਬਰਸੀ ਦੇ ਮੌਕੇ ਉਪਰ ਸਾਰੀ ਸਰਕਾਰੀ ਮਸ਼ੀਨਰੀ ਝੋਕ ਕੇ ਟਰੱਕਾਂ-ਬੱਸਾਂ ਰਾਹੀਂ ਵੀਹ ਲੱਖ ਲੋਕਾਂ ਦਾ ਇਕੱਠ ਕਰਨ ਦੀ ਸਕੀਮ ਸੀ ਪਰ ਸਿਰਫ 60/70 ਹਜ਼ਾਰ ਲੋਕ ਹੀ ਇਸ ਵਿਚ ਢੋ ਕੇ ਲਿਆਂਦੇ ਜਾ ਸਕੇ।

ਕਾਂਗਰਸ ਪਾਰਟੀ ਦੇ ਪ੍ਰਬੰਧਕਾਂ ਦਾ ਫਿਰ ਵੀ ਕਹਿਣਾ ਹੈ ਕਿ ਇਹ ਇਕੱਠ ਵੀਹ ਲੱਖ ਹੀ ਸੀ। ਰੈਲੀ ਦੇ ਵਿਚ ਮੁਖ ਸਪੀਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸੀ ਜਿਨ੍ਹਾਂ ਕੋਈ ਨਵੀਂ ਪਾਲਸੀ ਦਾ ਐਲਾਨ ਨਹੀਂ ਕੀਤਾ। ਇਸ ਗੱਲ ਦੀ ਭਾਰੀ ਉਮੀਦ ਸੀ ਕਿ ਇਸ ਰੈਲੀ ਨੂੰ ਕਾਂਗਰਸ ਪਾਰਟੀ ਅਗਲੀਆਂ ਪਾਰਲੀਮੈਂਟਰੀ ਚੋਣਾਂ ਜਿੱਤਣ ਦੇ ਉਦੇਸ਼ ਨਾਲ ਆਯੋਜਤ ਕੀਤਾ ਗਿਆ ਸੀ।

ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਨੇ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਲੋਕਾਂ ਨੂੰ ਯਕੀਨ ਦੁਆਇਆ ਅਤੇ ਇੰਦਰਾ ਗਾਂਧੀ ਦੇ ਸੁਪਨਿਆਂ ਦਾ ਭਾਰਤ ਉਸਾਰਨ ਦਾ ਐਲਾਨ ਕੀਤਾ। ਦਰਸ਼ਕਾਂ ਦਾ ਕਹਿਣਾ ਹੈ ਕਿ ਇਹ ਰੈਲੀ ਜਨਤਾ ਦਲ ਦੇ ਉਭਰ ਰਹੇ ਪ੍ਰਭਾਵ ਨੂੰ ਠੱਲ ਪਾਉਣ ਵਿਚ ਅਸਫਲ ਰਹੀ ਹੈ ਅਤੇ ਇਸ ਤੋਂ ਅਨੁਮਾਨ ਲਾਇਆ ਜਾਂਦਾ ਹੈ ਕਿ ਚੋਣਾਂ ਸਮੇਂ ਤੋਂ ਪਹਿਲਾਂ ਨਹੀਂ ਹੋਣਗੀਆਂ। ਚੋਣਾਂ ਹੁਣ ਤੋਂ ਚੌਦਾਂ ਮਹੀਨੇ ਤੱਕ ਹੀ ਕਰਵਾਈਆਂ ਜਾਣੀਆਂ ਸੰਭਵ ਹੋਣਗੀਆਂ

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਚੀਨ ਜਾਣਗੇ

ਪੀਕਿੰਗ — ਪਤਾ ਲੱਗਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਸੰਬਰ ਵਿਚ ਲੋਕ ਚੀਨ ਦੇ ਸਰਕਾਰੀ ਦੌਰੇ ਉਤੇ ਜਾਣਗੇ। ਇਸ ਗੱਲ ਦਾ ਜ਼ਿਕਰ ਕਰਦਿਆਂ ਚੀਨ ਦੇ ਬਦੇਸ਼ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਦੌਰਾਂ ਦੋਵਾਂ ਦੇਸ਼ਾਂ ਦੇ ਸੰਬੰਧ ਨੂੰ ਸੁਧਾਰਨ ਅਤੇ ਮਿਤਰਤਾ ਨੂੰ ਪੱਕਿਆਂ ਕਰਨ ਵਿਚ ਸਹਾਈ ਹੋਵੇਗਾ। ਯਾਦ ਰਹੇ ਕਿ ਚੀਨ ਅਤੇ ਭਾਰਤ ਦੀ ਸੀਮਾਂ ਸੰਬੰਧੀ ਇਕ ਪੁਰਾਣਾ ਝਗੜਾ ਚਲਿਆ ਆ ਰਿਹਾ ਹੈ। ਚੀਨ ਸਰਕਾਰ ਇਸ ਝਗੜੇ ਦਾ ਹੱਲ ਦੋਵਾਂ ਦੇਸ਼ਾਂ ਦੇ ਮਿਲਵਰਤਣ ਨਾਲ "ਲੈ—ਦੇ ਕੇ" ਕਰਨ ਲਈ ਇੱਛਕ ਨਜ਼ਰ ਆ ਰਹੀ ਹੈ।



ਇੰਮੀਗਰੇਸ਼ਨ ਕਾਨੂੰਨ ਵਿਚ ਤਬਦੀਲੀ ਲਾਗੂ

ਅਟਵਾ — 28 ਨਵੰਬਰ ਤੋਂ ਕੈਨੇਡਾ ਵਿਚ ਪੱਕੀ ਰਿਹਾਇਸ਼ ਵਾਲਾ ਕੋਈ ਵਿਅਕਤੀ ਆਪਣੇ ਮਾਂ-ਬਾਪ ਨੂੰ ਸਪੌਂਸਰ ਕਰ ਸਕਦਾ ਹੈ ਬੇਸ਼ਕ ਉਸ ਦੇ ਮਾਪਿਆਂ ਦੀ ਉਮਰ ਕਿੰਨੀ ਵੀ ਹੋਵੇ। ਵੈਨਕੂਵਰ ਇੰਮੀਗਰੇਸ਼ਨ ਸਰਵਿਸਿਜ਼ ਸੁਸਾਇਟੀ ਦੀ ਐਗਜ਼ੈਕਟਿਵ ਡਾਇਰੈਕਟਰ ਜੁਆਇਸ ਕਾਈ ਨੇ ਕਿਹਾ ਕਿ ਇਸ ਨਾਲ ਇੰਮੀਗਰੈਂਟ ਪ੍ਰਵਾਰਾਂ ਨੂੰ ਇਕੱਠੇ ਹੋਣ ਦੀ ਸਹੂਲਤ ਮਿਲ ਜਾਵੇਗੀ।

ਇਸ ਤਬਦੀਲੀ ਦਾ ਕੱਲ੍ਹ ਇੰਮੀਗਰੇਸ਼ਨ ਮਨਿਸਟਰ ਬਾਰਬਰਾ ਮਕਡੂਗਲ ਨੇ ਐਲਾਨ ਕੀਤਾ।

ਫੈਮਿਲੀ ਕਲਾਸ ਥੱਲੇ ਪਹਿਲਾਂ 60 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਮਾਪਿਆਂ ਨੂੰ ਹੀ ਸਪੌਂਸਰ ਕੀਤਾ ਜਾ ਸਕਦਾ ਸੀ ਜਾਂ ਮਾਪੇ ਬੀਮਾਰ ਹੋਣ ਜਾਂ ਇਕ ਦੀ ਮੌਤ ਹੋ ਗਈ ਹੋਵੇ ਤਾਂ ਸਪੌਂਸਰ ਹੋ ਸਕਦਾ ਸੀ ਪਰ ਹੁਣ ਉਮਰ ਦੀ ਹੱਦ ਖਤਮ ਕਰ ਦਿੱਤੀ ਗਈ ਹੈ।

ਇਸ ਤਬਦੀਲੀ ਨਾਲ ਅਗਲੇ ਦੋ ਸਾਲਾਂ ਵਿਚ 6,000 ਹੋਰ ਇੰਮੀਗਰੈਂਟ ਮਾਪੇ ਆ ਸਕਣਗੇ।

1,47000 ਇੰਮੀਗਰੈਂਟ ਆਏ

ਇੰਮੀਗਰੇਸ਼ਨ ਵਜ਼ੀਰ ਨੇ ਦੱਸਿਆ ਕਿ ਪਿਛਲੇ ਸਾਲ ਕੈਨੇਡਾ ਆਉਣ ਵਾਲੇ ਇੰਮੀਗਰੈਂਟਾਂ ਦੀ ਗਿਣਤੀ ਇਕ ਲੱਖ 47 ਹਜ਼ਾਰ ਸੀ ਜਿਨ੍ਹਾਂ ਵਿਚੋਂ 51,700 ਫੈਮਿਲੀ ਕਲਾਸ ਵਿਚ ਅਤੇ 7800 ਸਹਾਇਕ ਰਿਸ਼ਤੇਦਾਰ ਕਲਾਸ ਵਿਚ ਸਨ।


ਮਾਪਿਆਂ ਨੂੰ ਸਪੌਂਸਰ ਕਰਨ ਦੀ ਸ਼ਰਤ

ਕੋਈ ਵੀ ਵਿਅਕਤੀ ਜੋ 18 ਸਾਲ ਦੀ ਉਮਰ ਦਾ ਹੈ ਤੇ ਪਿਛਲੇ ਤਿੰਨ ਸਾਲ ਤੋਂ ਕੈਨੇਡਾ ਵਿਚ ਹੈ ਭਾਵ ਤਿੰਨ ਸਾਲ ਤੋਂ ਇੰਮੀਗਰੈਂਟ ਹੈ ਉਹ ਆਪਣੇ ਕਿਸੇ ਵੀ ਉਮਰ ਦੇ ਮਾਪਿਆਂ ਲਈ ਅਰਜ਼ੀ ਭਰ ਸਕਦਾ ਹੈ।

ਇਹ ਸ਼ਰਤ ਨਾਲ ਲਾਈ ਗਈ ਹੈ ਕਿ ਮਾਪੇ ਸਿਹਤ ਅਤੇ ਸਕਿਉਰਿਟੀ ਪੱਖੋਂ ਠੀਕ ਹੋਣ ਅਤੇ ਸਪੌਂਸਰ ਕਰਨ ਵਾਲਾ ਉਨ੍ਹਾਂ ਦੀ ਸੰਭਾਲ ਕਰ ਸਕਦਾ ਹੋਵੇ।

ਟੋਰੀਆਂ ਦਾ ਸਿੰਘਾਸਨ ਡੋਲਣ ਲੱਗਾ

ਖੁਲ੍ਹੇ ਵਪਾਰ ਦਾ ਲੋਕਾਂ ਵਲੋਂ ਤਿੱਖਾ ਵਿਰੋਧ



ਅਟਵਾ — ਟੋਰੀ ਸਰਕਾਰ ਅਤੇ ਵਪਾਰੀਆਂ ਨੂੰ ਕੈਨੇਡਾ ਦੇ ਲੋਕਾਂ ਨੇ ਭਾਜੜਾਂ ਪਾ ਦਿੱਤੀਆਂ ਹਨ ਜਦ ਤੋਂ ਤਿੰਨਾਂ ਲੀਡਰਾਂ ਵਿਚਕਾਰ ਟੀ. ਵੀ. ਉਤੇ ਡੀਬੇਟ ਹੋਈ ਹੈ। ਕੈਨੇਡਾ ਦੇ ਆਮ ਲੋਕਾਂ ਵਿਚ ਅਮਰੀਕਾ ਨਾਲ ਖੁਲ੍ਹੇ ਵਪਾਰ ਉਤੇ ਡਰ ਪਾਇਆ ਜਾ ਰਿਹਾ ਹੈ ਕਿ ਵਪਾਰ ਰਾਹੀਂ ਅਮਰੀਕਾ ਕੈਨੇਡਾ ਨੂੰ ਹੀ ਨਿਗਲ ਜਾਵੇਗਾ। ਤੇ ਕੈਨੇਡਾ ਅਮਰੀਕਾ ਦੀ ਇਕ ਬਸਤੀ ਬਣਕੇ ਰਹਿ ਜਾਵੇਗਾ।

ਲਿਬਰਲ ਪਾਰਟੀ ਜੋ ਵੋਟਾਂ ਵਿਚ ਪਿਛੇ ਰਹਿ ਗਈ ਜਾਪਦੀ ਸੀ — ਟੋਰੀਆਂ ਨਾਲੋਂ 6 ਪ੍ਰਤੀਸ਼ਤ ਅੱਗੇ ਚਲੇ ਗਈ ਹੈ ਤੇ ਐਨ. ਡੀ. ਪੀ. ਵਲੋਂ ਪਾਰਲੀਮੈਂਟ ਦੀਆਂ 60 ਸੀਟਾਂ ਜਿਤਣ ਦੀ ਆਸ ਦਿਖਾਈ ਦੇਣ ਲੱਗ ਪਈ ਹੈ।

ਕੱਲ੍ਹ ਟਰਾਂਟੋ ਵਿਚ ਵਪਾਰੀਆਂ ਨੇ ਇਕਦਮ 15 ਲੱਖ ਡਾਲਰ ਇਕੱਠਾ ਕਰਕੇ ਖੁਲ੍ਹੇ ਵਪਾਰ ਦੇ ਹੱਕ ਵਿਚ ਪ੍ਰਚਾਰ ਕਰਨ ਦੀ ਮੁਹਿਮ ਸ਼ੁਰੂ ਕਰ ਦਿੱਤੀ ਹੈ।

ਪ੍ਰਧਾਨ ਮੰਤਰੀ ਵਲੋਂ ਡਰਾਵੇ

ਟੋਰੀ ਪ੍ਰਧਾਨ ਮੰਤਰੀ ਮਰੂਨੀ ਨੇ ਕਿਊਬਿਕ ਵਿਚ ਡਰਾਵਾ ਦਿਤਾ ਕਿ ਜੇਕਰ ਟੋਰੀ ਸਰਕਾਰ ਹਾਰ ਗਈ ਤਾਂ ਹਜ਼ਾਰਾਂ ਲੋਕ ਬੇਰੁਜ਼ਗਾਰ ਹੋ ਜਾਣਗੇ ਤੇ ਸ਼ਹਿਰਾਂ ਦੇ ਸ਼ਹਿਰ ਬੇਰੁਜ਼ਗਾਰੀ ਨਾਲ ਖਤਮ ਹੋ ਜਾਣਗੇ। ਵਿੱਤ ਮੰਤਰੀ ਵਿਲਸਨ ਨੇ ਵੀ ਅਜਿਹਾ ਹੀ ਡਰਾਵਾ ਦਿੱਤਾ ਹੈ ਕਿ ਜੇ ਅਮਰੀਕਾ ਨਾਲ ਸਮਝੌਤਾ ਸਿਰੇ ਨਾ ਚੜ੍ਹਿਆ ਤਾਂ ਸਿੱਟੇ ਮਾੜੇ ਨਿਕਲਣਗੇ।

ਡਾਲਰ ਡਿਗਿਆ

ਲਿਬਰਲ ਤੇ ਐਨ ਡੀ ਪੀ ਪਾਰਟੀ ਦੇ ਅੱਗੇ ਆਉਣ ਨਾਲੋ ਵਪਾਰਕ ਕੇਂਦਰਾਂ ਵਿਚ ਹਫੜਾ ਦਫੜੀ ਪੈ ਗਈ ਹੈ ਜਿਸ ਕਾਰਨ ਕੈਨੇਡਾ ਦੇ ਡਾਲਰ ਦੀ ਕੀਮਤ ਘਟਾਈ ਜਾਣ ਲੱਗੀ ਹੈ। ਕੈਨੇਡੀਅਨ ਡਾਲਰ ਇਕੋ ਦਿਨ ਵਿਚ ਅਮਰੀਕੀ ਡਾਲਰ ਦੇ ਮੁਕਾਬਲੇ ਪੌਣੇ ਦੋ ਸੈਂਟ ਡਿੱਗ ਪਿਆ ਹੈ।

ਬੇਨਜ਼ੀਰ ਭੁੱਟੋ ਚੋਣ ਮੁਹਿੰਮ ਲਈ ਤੁਰ ਪਈ

ਕਰਾਚੀ — ਖਬਰ ਹੈ ਕਿ ਪਾਕਿਸਤਾਨ ਪੀਪਲਜ਼ ਪਾਰਟੀ ਦੀ ਪ੍ਰਧਾਨ ਅਤੇ ਮਰਹੂਮ ਜ਼ੁਲਫਕਾਰ ਅਲੀ ਭੁੱਟੋ ਦੀ ਪੁਤਰੀ ਸ੍ਰੀਮਤੀ ਬੇਨਜ਼ੀਰ ਭੁੱਟੋ 16 ਨਵੰਬਰ ਨੂੰ ਹੋ ਰਹੀਆਂ ਚੋਣਾਂ ਦੇ ਸੰਬੰਧ ਵਿਚ ਚੋਣ ਦੌਰੇ ਤੇ ਚਲ ਪਈ ਹੈ। ਸ੍ਰੀਮਤੀ ਭੁੱਟੋ ਨੇ ਇਹ ਦੌਰਾ ਕਰਾਚੀ ਤੋਂ ਸ਼ੁਰੂ ਕੀਤਾ।

ਸ੍ਰੀਮਤੀ ਭੁੱਟੋ ਨੇ ਕੁਝ ਹਫਤੇ ਪਹਿਲਾਂ ਇਕ ਪੁਤਰ ਨੂੰ ਜਨਮ ਦਿੱਤਾ ਸੀ ਜਿਸ ਕਾਰਨ ਉਹ ਪਹਿਲਾਂ ਚੋਣ ਪਰਚਾਰ ਲਈ ਨਹੀਂ ਤੁਰ ਸਕੀ ਸੀ। ਬੱਚੇ ਨੂੰ ਜਨਮ ਦੇਣ ਤੋਂ ਪਿਛੋਂ ਉਸ ਦੀ ਕਿਡਨੀ ਵਿਚ ਜ਼ਖਮ ਹੋ ਗਿਆ ਸੀ ਜਿਸ ਕਾਰਨ ਡਾਕਟਰਾਂ ਨੇ ਉਸ ਨੂੰ ਆਰਾਮ ਕਰਨ ਲਈ ਕਿਹਾ ਸੀ। ਹੁਣ ਉਨ੍ਹਾਂ ਦੀ ਸਿਹਤ ਠੀਕ ਹੈ।

ਸ੍ਰੀਮਤੀ ਭੁੱਟੋ ਨੇ ਕਰਾਚੀ ਵਿਚ ਬੜੇ ਵੱਡੇ ਜਲਸੇ ਵਿਚ ਭਾਸ਼ਨ ਦੇ ਕੇ ਲੋਕਾਂ ਨੂੰ ਕਿਹਾ ਕਿ ਉਸਦੀ ਸਰਕਾਰ ਲੋਕਾਂ ਵਿਚ ਭਰੋਸਾ ਅਤੇ ਸਤਿਕਾਰ ਪੈਦਾ ਕਰੇਗੀ ਉਹ ਰੇਲ ਗੱਡੀ ਰਾਹੀਂ ਕਰਾਚੀ ਤੋਂ ਪੰਜਾਬ ਲਈ ਚੱਲੀ। ਬੇਨਜ਼ੀਰ ਨੇ ਰਸਤੇ ਵਿਚ ਬਾਰਾਂ ਸਟੇਸ਼ਨਾਂ ਉਪਰ ਹਜ਼ਾਰਾਂ ਕੱਠੇ ਹੋਏ ਲੋਕਾਂ ਨੂੰ ਸੰਬੋਧਨ ਕੀਤਾ ਹੈ।

ਪਤਾ ਲੱਗਾ ਹੈ ਕਿ ਉਹ ਲਾਹੌਰ ਵਿਚ ਅਜ ਇਕ ਵੱਡੇ ਜਲਸੇ ਨੂੰ ਸੰਬੋਧਨ ਕਰਨ ਵਾਲੇ ਹਨ। ਰਸਤੇ ਵਿਚ ਜਦੋਂ ਲੋਕ ਉਨ੍ਹਾਂ ਨਾਲ ਰੇਲਗੱਡੀ ਦੇ ਡੱਬਿਆਂ ਉਪਰ ਬੈਠ ਕੇ ਸਫਰ ਕਰ ਰਹੇ ਸਨ ਤਾਂ ਇਕ ਸਟੇਸ਼ਨ ਉਪਰ ਦੋ ਵਿਅਕਤੀ ਗੱਡੀ ਉਪਰ ਚੜ੍ਹਨ ਦੀ ਕੋਸ਼ਿਸ਼ ਕਰਦੇ ਹੋਏ ਡਿੱਗ ਕੇ ਆਪਣੀ ਜਾਨ ਗੁਆ ਬੈਠੇ।

ਰੁਪਏ ਦਾ ਮੁੱਲ ਘਟਿਆ

ਨਵੀਂ ਦਿੱਲੀ — ਰੀਜ਼ਰਵ ਬੈਂਕ ਆਫ ਇੰਡੀਆ ਨੇ ਪਾਊਂਡ ਸਟਰਲਿੰਗ ਅਤੇ ਅਮਰੀਕਨ ਡਾਲਰ ਅਨੁਸਾਰ ਰੁਪਏ ਦਾ ਮੁਲ ਘਟਾ ਦਿੱਤਾ ਹੈ। ਇਕ ਪਾਊਂਡ ਦੀ ਕੀਮਤ ਹੁਣ 26 ਰੁਪਏ 40 ਪੈਸੇ ਤੇ ਅਮਰੀਕਨ ਡਾਲਰ 14 ਰੁਪਏ ਦਾ ਹੈ।

ਸੋਕਰਡ ਸਰਕਾਰ ਲੋਕਾਂ 'ਚ ਪ੍ਰਿਅਤਾ ਗੁਆ ਬੈਠੀ

ਵਿਕਟੋਰੀਆ — ਕੈਨੇਡਾ ਦੇ ਦਸ ਸੂਬਿਆਂ ਵਿਚ ਵੈਂਡਰਜ਼ਾਮ ਦੀ ਸਰਕਾਰ ਸਭ ਤੋਂ ਘੱਟ ਲੋਕ-ਪ੍ਰਿਆ ਹੈ।

ਇਕ ਸਰਵੇ ਅਨੁਸਾਰ ਬੀ. ਸੀ. ਦੀ ਸਰਕਾਰ ਨੂੰ 39 ਫੀ ਸਦੀ ਲੋਕ ਪਸੰਦ ਕਰਦੇ ਹਨ ਜਦ ਕਿ ਅਲਬਰਟਾ ਦੀ ਸਰਕਾਰ ਨੂੰ 79 ਫੀਸਦੀ, ਪ੍ਰਿੰਸ ਐਡਵਰਡ ਆਈਲੈਂਡ 77 ਫੀਸਦੀ, ਨੀਊਬਰਨਜ਼ਵਿਕ 78 ਫੀਸਦੀ, ਓਨਟੇਰੀਓ 73 ਫੀਸਦੀ ਤੇ ਕਿਊਬਿਕ 71 ਫੀਸਦੀ ਲੋਕ ਪਸੰਦ ਕਰਦੇ ਹਨ।

ਵਿਕਟੋਰੀਆ ਯੂਨੀਵਰਸਿਟੀ ਦੇ ਰਾਜਨੀਤਕ ਸਾਇੰਸਦਾਨ ਟੈਰੀ ਮੋਰਲੀ ਦਾ ਕਹਿਣਾ ਹੈ ਕਿ ਵੈਂਡਰਜ਼ਾਮ ਦੇ ਮੁੜ ਜਿੱਤਣ ਦੇ ਆਸਾਰ ਨਹੀਂ ਕਿਉਂਕਿ ਗਰਭਪਾਤ-ਵਿਰੋਧੀ ਸਟੈਂਡ ਲੈਣ ਕਾਰਨ ਮੱਧ-ਵਰਗ ਦੀਆਂ ਔਰਤਾਂ ਕਦੇ ਵੀ ਵੈਂਡਰਜ਼ਾਮ ਸਰਕਾਰ ਨੂੰ ਵੋਟ ਨਹੀਂ ਪਾਉਣਗੀਆਂ।

ਕੈਨੇਡਾ ਸਕਿਉਰਿਟੀ ਕੌਂਸਲ ਦਾ ਮੈਂਬਰ

ਯੂ. ਐਨ. ਓ. — ਕੈਨੇਡਾ ਯੂ. ਐਨ. ਓ. ਦੀ ਸਕਿਉਰਿਟੀ ਕੌਂਸਲ ਦਾ ਮੈਂਬਰ ਚੁਣਿਆ ਗਿਆ ਹੈ। ਵੋਟਾਂ ਵਿਚ 157 ਮੁਲਕ ਸ਼ਾਮਲ ਹੋਏ ਜਿਸ ਵਿਚੋਂ ਕੈਨੇਡਾ ਨੂੰ 127 ਵੋਟਾਂ ਮਿਲੀਆਂ। ਫਿਨਲੈਂਡ ਵੀ ਕੌਂਸਲ ਦਾ ਮੈਂਬਰ ਚੁਣਿਆ ਗਿਆ।

ਜਨਵਰੀ ਤੋਂ ਕੈਨੇਡਾ 2 ਸਾਲ ਲਈ ਸਕਿਉਰਿਟੀ ਕੌਂਸਲ ਦਾ ਮੈਂਬਰ ਰਹੇਗਾ। ਇਸ ਕੌਂਸਲ ਦੇ ਪੰਜ ਪੱਕੇ ਮੈਂਬਰ — ਇੰਗਲੈਂਡ, ਫਰਾਂਸ, ਅਮਰੀਕਾ, ਰੂਸ ਤੇ ਚੀਨ ਹਨ। ਬਾਕੀ ਦੇ ਮੈਂਬਰ ਹਰ ਦੋ ਸਾਲਾਂ ਪਿਛੋਂ ਚੁਣੇ ਜਾਂਦੇ ਹਨ।

ਸੋਨੇ ਦਾ ਰੇਟ

516 ਡਾਲਰ ਕੈਨੇਡੀਅਨ (ਇਕ ਔਂਸ)
207 ਡਾਲਰ ਕੈਨੇਡੀਅਨ (ਇਕ ਤੋਲਾ)
178 ਡਾਲਰ ਕੈਨੇਡੀਅਨ (10 ਗ੍ਰਾਮ)
(ਏ. ਸੀ. ਜਿਊਲਰਜ਼ ਦੇ ਧੰਨਵਾਦ ਸਹਿਤ — ਫ਼ੋਨ 588-5808)

1000 ਰੁਪਏ ਦਾ ਰੇਟ

85.10 ਕੈਨੇਡੀਅਨ ਡਾਲਰ
(ਸਟੇਟ ਬੈਂਕ ਆਫ਼ ਇੰਡੀਆ ਦੇ ਧੰਨਵਾਦ ਸਹਿਤ — 681-3428)
(ਇਹ ਰੇਟ 1.11.88 ਦੇ ਹਨ)

ਪਠਾਣਕੋਟ ਵਿਚ ਤਿੰਨ ਬੰਬ ਧਮਾਕੇ

ਪਠਾਣਕੋਟ — ਇਥੇ ਪੁਜੀਆਂ ਤਾਜ਼ਾ ਖਬਰਾਂ ਅਨੁਸਾਰ ਪਠਾਣਕੋਟ ਵਿਖੇ ਕੱਲ੍ਹ ਮੰਗਲਵਾਰ ਨੂੰ ਵੱਖੋ ਵੱਖ ਸਮੇਂ ਤਿੰਨ ਬੰਧ ਧਮਾਕੇ ਹੋਏ। ਇਕ ਬੰਬ ਪਠਾਣਕੋਟ ਤੋਂ ਜੰਮੂ ਨੂੰ ਜਾ ਰਹੀ ਬੱਸ ਦੇ ਪਿਛਲੇ ਹਿੱਸੇ ਵਿਚ ਚੱਲਿਆ ਜਿਸ ਨੇ 11 ਮੁਸਾਫਰ ਥਾਂ ਤੇ ਹੀ ਮਾਰੇ ਗਏ ਅਤੇ 40 ਸਖਤ ਜ਼ਖਮੀ ਹੋਏ। ਇਹ ਬੰਬ ਬੱਸ ਦੇ ਪਿਛਲੇ ਹਿੱਸੇ ਵਿਚ ਚਲਿਆ, ਜਿਸ ਨਾਲ ਕਈ ਮੁਸਾਫਰਾਂ ਦੀਆਂ ਲਾਸ਼ਾਂ ਬੱਸ ਦੇ ਕਾਰਗੋ ਵਿਚ ਹੀ ਫਸੀਆਂ ਲਟਕੀਆਂ ਹੋਈਆਂ ਦੇਖੀਆਂ ਜਾ ਰਹੀਆਂ ਸਨ। ਦੂਜਾ ਬੰਬ ਇਕ ਕਾਰ ਵਿਚ ਚੱਲਿਆ। ਜਿਸ ਨਾਲ ਚਾਰ ਬੰਦੇ ਮਾਰੇ ਗਏ।

ਤੀਜਾ ਬੰਬ ਇਕ ਹੋਰ ਬੱਸ ਵਿਚ ਉਦੋਂ ਚਲਿਆ ਜਦੋਂ ਉਹ ਪੰਜਾਬ ਤੋਂ ਕਸ਼ਮੀਰ ਰਾਜ ਵਿਚ ਦਾਖਲ ਹੋ ਰਹੀ ਸੀ। ਇਸ ਵਿਚ ਇਕ ਵਿਅਕਤੀ ਮਾਰਿਆ ਗਿਆ।

ਪਤਾ ਲੱਗਾ ਹੈ ਕਿ ਪਿਛਲੇ 24 ਘੰਟਿਆਂ ਵਿਚ 22 ਲੋਕਾਂ ਦੀਆਂ ਜਾਨਾਂ ਅਜਾਈਂ ਗਈਆਂ। ਪੁਲਸ ਸੂਤਰ ਇਨਾਂ ਬੰਬ ਧਮਾਕਿਆਂ ਲਈ ਅਤਿਵਾਦੀ ਖਾਲਿਸਤਾਨੀਆਂ ਨੂੰ ਜ਼ਿੰਮੇਂਵਾਰ ਠਹਿਰਾ ਰਹੇ ਹਨ। ਪਰ ਦੂਜੇ ਮਾਹਰ ਇਨਾਂ ਲਈ ਪਾਕਿਸਤਾਨ ਤੋਂ ਟਰੇਂਡ ਕਰਕੇ ਕਸ਼ਮੀਰ ਵਿਚ ਭੇਜੇ ਗਏ ਕਸ਼ਮੀਰੀ ਵੱਖਵਾਦੀਆਂ ਨੂੰ ਦੋਸ਼ੀ ਠਹਿਰਾ ਰਹੇ ਹਨ। ਰਾਜਨੀਤਕ ਹਲਕੇ ਇਸ ਉਪਰ ਬਦੇਸ਼ੀ ਤਾਕਤਾਂ ਨੂੰ ਹੀ ਜ਼ਿੰਮੇਂਵਾਰ ਠਹਿਰਾ ਰਹੇ ਹਨ ਜੋ ਕਿ ਖਾਲਿਸਤਾਨੀ ਅਤੇ ਕਸ਼ਮੀਰੀ ਅਤਿਵਾਦੀਆਂ ਨੂੰ ਟਰੇਨਿੰਗ ਅਤੇ ਹਥਿਆਰ ਸਪਲਾਈ ਕਰ ਰਹੇ ਹਨ। ਯਾਦ ਰਹੇ ਪਿਛਲੇ ਹਫਤਿਆਂ ਵਿਚ ਕਸ਼ਮੀਰ ਵਿਚ ਪਾਕਿਸਤਾਨ ਤੋਂ ਦਾਖਲ ਹੁੰਦੇ 56 ਕਸ਼ਮੀਰੀ ਵੱਖਵਾਦੀ ਗ੍ਰਿਫਤਾਰ ਕਰ ਲਏ ਗਏ ਸਨ। ਇਨ੍ਹਾਂ ਧਮਾਕਿਆਂ ਤੋਂ ਪਹਿਲਾਂ ਸ੍ਰੀ ਨਗਰ ਵਿਚ ਚਾਰ ਬੰਬ ਧਮਾਕੇ ਵੀ ਹੋਏ ਜਿੰਨ੍ਹਾਂ ਵਿਚ ਕਈ ਦਰਜਨ ਲੋਕ ਜ਼ਖਮੀ ਹੋ ਗਏ ਸਨ। ਇਨਾਂ ਵਿਚ ਕੁਝ ਪੁਲਸ ਵਾਲੇ ਵੀ ਜ਼ਖਮੀ ਹੋਏ ਹਨ।

ਦਿੱਲੀ ਵਿਚ ਕਿਸਾਨਾਂ ਦਾ ਧਰਨਾ

ਨਵੀਂ ਦਿੱਲੀ — ਖਬਰ ਹੈ ਕਿ ਕਿਸਾਨ ਯੂਨੀਅਨ ਵਲੋਂ ਨਵੀਂ ਦਿੱਲੀ ਦੀ 'ਬੋਟ ਕਲੱਬ' ਦੇ ਮੈਦਾਨ ਵਿਚ ਕਿਸਾਨ ਯੂਨੀਅਨ ਵਲੋਂ ਕਿਸਾਨਾਂ ਨੇ 24 ਅਕਤੂਬਰ ਨੂੰ ਇਕ ਧਰਨਾ ਦਿੱਤਾ। ਇਹ ਧਰਨਾ ਕਿਸਾਨਾਂ ਦੀਆਂ ਮੰਗਾਂ ਦੇ ਸੰਬੰਧ ਵਿਚ ਸੀ। ਇਨ੍ਹਾਂ ਮੰਗਾਂ ਵਿਚ ਕਿਸਾਨਾਂ ਦੀਆਂ ਜਿਣਸਾਂ ਦੇ ਲਾਹੇਬੰਦ ਭਾਅ ਦੇਣ, ਕੀੜੇ ਮਾਰ ਦਵਾਈਆਂ ਦੀ ਕੀਮਤਾਂ ਘਟ ਕਰਨ, ਖਾਦਾਂ ਦੀਆਂ ਕੀਮਤਾਂ ਵਿਚ ਕਟੌਤੀ ਕਰਨ, ਸਸਤੇ ਬਿਜਲੀ-ਰੇਟਾਂ ਲਈ, ਕਰਜ਼ਿਆਂ ਲਈ ਘੱਟ ਵਿਆਜ਼ ਆਦਿ ਦੀ ਮੰਗ ਕੀਤੀ ਗਈ ਸੀ।

ਕਿਸਾਨਾਂ ਦੀ ਇਹ ਰੈਲੀ ਉਸ ਸਮੇਂ ਧਰਨੇ ਦੇ ਰੂਪ ਵਿਚ ਬਦਲ ਗਈ ਜਦੋਂ ਪ੍ਰਬੰਧਕਾਂ ਨੂੰ ਪਤਾ ਲਗਾ ਕਿ 31 ਅਕਤੂਬਰ ਨੂੰ ਕਾਂਗਰਸ ਪਾਰਟੀ ਵਲੋਂ ਇੰਦਰਾ ਦੀ ਚੌਥੀ ਬਰਸੀ ਮਨਾਈ ਜਾ ਰਹੀ ਹੈ। ਇਹ ਧਰਨਾ ਇਕ ਹਫਤਾ ਚਲਦਾ ਰਿਹਾ।

ਪਤਾ ਲੱਗਾ ਹੈ ਕਿ ਖੇਤੀਬਾੜੀ ਮੰਤਰੀ ਨੇ ਵਿਆਜ ਦੀ ਦਰ ਸਾਢੇ ਬਾਰਾਂ ਤੋਂ 10 ਫੀਸਦੀ ਕਰਨ ਅਤੇ ਖਾਦਾਂ ਵਿਚ ਸਾਢੇ ਸੱਤ ਫੀਸਦੀ ਕਮੀ ਕਰਨੀ ਦਾ ਐਲਾਨ ਵੀ ਕੀਤਾ। ਪਰ ਸਰਕਾਰ ਕਿਸਾਨ ਆਗੂਆਂ ਨੂੰ ਸੰਤੁਸ਼ਟ ਨਾ ਕਰ ਸਕੀ ਕਿ ਉਹ ਆਪਣਾ ਧਰਨਾ ਚੁੱਕ ਕੇ ਘਰਾਂ ਨੂੰ ਚਲੇ ਜਾਣ। ਯਾਦ ਰਹੇ ਇੰਦਰਾ ਗਾਂਧੀ ਦੀ ਬਰਸੀ ਲਈ ਰੈਲੀ ਵੀ ਬੋਟ ਕਲੱਬ ਵਿਚ ਕੀਤੀ ਜਾਣੀ ਸੀ। ਧਰਨਾ ਜਾਰੀ ਰਹਿਣ ਦੇ ਕਾਰਨ ਕਾਂਗਰਸ ਪਾਰਟੀ ਨੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਬਰਸੀ ਦਾ ਇਕੱਠ ਲਾਲ ਕਿਲਾ ਗਰਾਊਂਡ ਵਿਚ ਕੀਤਾ।

ਪੰਜਾਬ 'ਚ 48 ਘੰਟੇ 'ਚ 18 ਕਤਲ

ਪੁਲਸ ਮੁਖੀ ਦੀ ਅਜੇ ਵੀ 'ਨਾ ਮਾਨੂੰ'

ਚੰਡੀਗੜ੍ਹ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਪਿਛਲੇ 48 ਘੰਟੇ ਵਿਚ ਪੰਜਾਬ ਵਿਚ 18 ਵਿਅਕਤੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ। ਪਰ ਪੁਲਸ ਦੇ ਡਾਇਰੈਕਟਰ ਜਨਰਲ ਕੇ ਪੀ ਐਸ ਗਿੱਲ ਨੇ ਫਿਰ ਵੀ ਦਾਅਵਾ ਕੀਤਾ ਕਿ ਅਗਸਤ ਅਤੇ ਸਤੰਬਰ ਦੇ ਮਹੀਨਿਆਂ ਨਾਲੋਂ ਅਕਤੂਬਰ ਦੇ ਮਹੀਨੇ ਘੱਟ ਕਤਲ ਹੋਏ ਹਨ।

ਅੰਮ੍ਰਿਤਸਰ ਵਿਚ ਸਭ ਤੋਂ ਵੱਧ ਕਤਲ

ਸ੍ਰੀ ਕੇ ਪੀ ਐਸ ਗਿੱਲ ਨੇ ਇਹ ਜ਼ਰੂਰ ਮੰਨਿਆ ਕਿ ਅੰਮ੍ਰਿਤਸਰ ਜ਼ਿਲਾ ਇਸ ਸਮੇਂ ਕਤਲਾਂ ਦਾ ਮੁਖ ਕੇਂਦਰ ਬਣਿਆ ਹੋਇਆ ਹੈ। ਅਤਿਵਾਦ ਨੂੰ ਕੁਚਲਣ ਲਈ ਸ੍ਰੀ ਗਿੱਲ ਨੇ ਕਿਹਾ ਕਿ 1000 ਪੁਲਸੀਏ ਹੋਰ ਭਰਤੀ ਕੀਤੇ ਜਾਣਗੇ ਅਤੇ ਉਨ੍ਹਾਂ ਨੂੰ ਦਹਿਸ਼ਤਗਰਦੀ ਨਾਲ ਲੜਨ ਦੀ ਵਿਸ਼ੇਸ਼ ਟਰੇਨਿੰਗ ਦਿੱਤੀ ਜਾਵੇਗੀ।

ਸ੍ਰੀ ਗਿੱਲ ਨੇ ਕਿਹਾ ਕਿ 2237 ਵਿਅਕਤੀ ਇਸ ਸਮੇਂ ਦਹਿਸ਼ਤਗਰਦੀ ਕਾਰਨ ਜੇਲ੍ਹਾਂ ਵਿਚ ਹਨ।

ਚੰਡੀਗੜ੍ਹ ਵਿਚ ਸੋਮਵਾਰ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਬੋਲਦਿਆਂ ਜਦ ਸ੍ਰੀ ਗਿੱਲ ਨੂੰ ਪੁਛਿਆ ਗਿਆ ਕਿ ਖਬਰਾਂ ਆ ਰਹੀਆਂ ਹਨ ਕਿ ਖਾਲਿਸਤਾਨੀ ਦਹਿਸ਼ਤਗਰਦ ਮੁੜ ਤੋਂ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ ਤਾਂ ਸ੍ਰੀ ਗਿੱਲ ਨੇ ਕਿਹਾ ਕਿ ਦਹਿਸ਼ਤਗਰਦ ਅਜੇ ਵੀ ਨਵੇਂ ਲੋਕਾਂ ਨੂੰ ਭਰਤੀ ਕਰ ਰਹੇ ਹਨ। ਸ੍ਰੀ ਗਿੱਲ ਨੇ ਕਿਹਾ ਕਿ ਕਈ ਅਤਿਵਾਦੀ ਪੁਲਸ ਦੇ ਡਰੋਂ ਆਤਮ ਹੱਤਿਆ ਕਰ ਚੁਕੇ ਹਨ ਅਤੇ ਕਾਫ਼ੀ ਪੁਲਸ ਮੁਕਾਬਲਿਆਂ ਵਿਚ ਮਾਰੇ ਗਏ ਹਨ।

ਪਾਕਿਸਤਾਨ ਤੋਂ ਹਥਿਆਰ

ਪੁਲਸ ਮੁਖੀ ਨੇ ਕਾਨਫਰੰਸ ਵਿਚ ਕਿਹਾ ਕਿ ਅਜੇ ਵੀ ਦਹਿਸ਼ਤਗਰਦਾਂ ਨੂੰ ਪਾਕਿਸਤਾਨ ਤੋਂ ਸਹਾਇਤਾ ਜਾਰੀ ਹੈ ਬੇਸ਼ਕ ਪਾਕਿਸਤਾਨੀ ਅਧਿਕਾਰੀ ਕਹਿੰਦੇ ਹਨ ਕਿ ਉਨ੍ਹਾਂ ਨੇ ਸਰਹੱਦ ਸੀਲ ਕਰ ਦਿੱਤੀ ਹੈ।

ਅਮਰ ਸਿੰਘ ਮਾਨ ਸਮੇਤ ਚਾਰ ਦਹਿਸ਼ਤਗਰਦ ਹਲਾਕ

ਖਾਲਿਸਤਾਨ ਕਮਾਂਡੋ ਫੋਰਸ ਦਾ ਇਕ ਅਖੌਤੀ ਏਰੀਆ ਕਮਾਂਡਰ ਅਮਰ ਸਿੰਘ ਮਾਨ ਅਤੇ ਉਸਦੇ ਤਿੰਨ ਹੋਰ ਸਾਥੀ ਸੁਰੱਖਿਆ ਸੈਨਾਵਾਂ ਨਾਲ ਟਾਕਰੇ ਵਿਚ ਮਾਰੇ ਗਏ।

ਇਸ ਦੌਰਾਨ ਤਿੰਨ ਹੋਰ ਵਿਅਕਤੀ ਗੋਲੀਆਂ ਦਾ ਸ਼ਿਕਾਰ ਹੋਏ। ਇਸ ਤੋਂ ਪਹਿਲਾਂ ਸ਼ਨਿਚਰ ਤੇ ਐਤਵਾਰ ਦੀ ਰਾਤ ਦੋ ਹੋਰ ਅਤਿਵਾਦੀ ਤੇ 9 ਵਿਅਕਤੀ ਗੋਲੀਆਂ ਨਾਲ ਮਾਰੇ ਗਏ। ਇਕ ਦਹਿਸ਼ਤਗਰਦ ਪੁਲਸ ਹੱਥੋਂ ਭਗੌੜਾ ਹੋਣ ਦੀ ਵੀ ਖਬਰ ਹੈ।

ਦੀਵਾਲੀ ਸਮੇਂ ਸਰਬੱਤ ਖਾਲਸਾ ਨਾ ਹੋਣ ਦਿੱਤਾ ਜਾਵੇ — ਡਾ: ਬਲਦੇਵ ਪ੍ਰਕਾਸ਼ ਦੀ ਮੰਗ

ਅੰਮ੍ਰਿਤਸਰ — ਭਾਰਤੀ ਜਨਤਾ ਪਾਰਟੀ ਦੇ ਉਪ-ਪ੍ਰਧਾਨ ਡਾ: ਬਲਦੇਵ ਪ੍ਰਕਾਸ਼ ਨੇ ਮੰਗ ਕੀਤੀ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਦੀਵਾਲੀ ਸਮੇਂ ਹਰਿਮੰਦਰ ਅਹਾਤੇ ਵਿਚ ਸਰਬੱਤ ਖਾਲਸਾ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਹਰਿਮੰਦਰ ਅਹਾਤਾ ਮਸਾਂ ਦਹਿਸ਼ਤਗਰਦਾਂ ਤੋਂ ਪਾਕ ਕਰਵਾਇਆ ਗਿਆ ਹੈ — ਜੇ ਸਰਬੱਤ ਖਾਲਸਾ ਹੋਣ ਦਿਤਾ ਗਿਆ ਤਾਂ ਦਹਿਸ਼ਤਗਰਦ ਮੁੜ ਹਰਿਮੰਦਰ ਅਹਾਤੇ ਉਤੇ ਕਾਬਜ਼ ਹੋਣਗੇ ਤੇ ਫਿਰ ਪੇਚੀਦਗੀਆਂ ਵਧਣਗੀਆਂ।

ਸ੍ਰੀ ਬਲਦੇਵ ਪ੍ਰਕਾਸ਼ ਨੇ ਕਿਹਾ ਕਿ ਪੰਜਾਬ ਦੇ ਤਿੰਨੇ ਸਰਹੱਦੀ ਜ਼ਿਲੇ ਅੰਮ੍ਰਿਤਸਰ, ਗੁਰਦਾਸਪੁਰ ਤੇ ਫ਼ੀਰੋਜ਼ਪੁਰ ਅਤਿਵਾਦ ਦੀ ਮਾਰ ਹੇਠ ਹਨ।

ਇੰਦਰਾ ਕਾਤਲਾਂ ਦੀ ਫਾਂਸੀ ਮੁਲਤਵੀ

ਨਵੀਂ ਦਿੱਲੀ — ਖਬਰ ਮਿਲੀ ਹੈ ਕਿ ਮਰਹੂਮ ਇੰਦਰਾ ਗਾਂਧੀ ਦੇ ਕਾਤਲਾਂ ਨੂੰ ਸੁਪਰੀਮ ਕੋਰਟ ਵਲੋਂ ਜੋ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਉਸ ਸੰਬੰਧੀ ਕੋਰਟ ਨੇ ਭਾਰਤ ਸਰਕਾਰ ਦੀ ਇਕ ਅਰਜ਼ੀ ਦੇਣ ਉਪਰ ਕਿ ਦੋਸ਼ੀ ਕੇਹਰ ਸਿੰਘ ਅਤੇ ਸਤਵੰਤ ਸਿੰਘ ਦੀ ਰਾਸ਼ਟਰਪਤੀ ਨੂੰ ਕੀਤੀ ਰਹਿਮ ਦੀ ਅਪੀਲ ਦਾ ਫੈਸਲਾ ਉਡੀਕਣ ਲਈ ਇਕ ਹਫਤੇ ਤੱਕ ਰੋਕ ਦਿੱਤਾ ਜਾਵੇ, ਪਰਵਾਨ ਕਰ ਲਿਆ ਹੈ। ਖਬਰ ਹੈ ਕਿ ਸੁਪਰੀਮ ਕੋਰਟ ਇਸ ਸੰਬੰਧੀ ਕੋਈ ਹੁਕਮ ਰਹਿਮ ਦੀ ਅਪੀਲ ਦੇ ਫੈਸਲੇ ਤੋਂ ਪਿਛੋਂ ਹੀ ਦੇਵੇਗੀ। ਯਾਦ ਰਹੇ ਇਹ ਰਹਿਮ ਦੀ ਅਪੀਲ ਦੋਸ਼ੀਆਂ ਵਲੋਂ ਸਰਕਾਰੀ ਵਕੀਲ ਨੇ ਕੀਤੀ ਹੈ।

ਅਤਿਵਾਦੀਆਂ ਦੀ ਕਤਲੇ-ਆਮ ਲਈ ਤਿਆਰੀਆਂ

ਚੰਡੀਗੜ੍ਹ — ਖਬਰ ਹੈ ਕਿ ਅਤਿਵਾਦੀਆਂ ਦੇ ਵੱਖੋ ਵੱਖ ਗਰੁਪ ਮੁੜ ਤੋਂ ਸੰਗਠਤ ਹੋ ਰਹੇ ਹਨ। ਉਹ ਦੀਵਾਲੀ ਤੋਂ ਪਹਿਲਾਂ ਵੱਡੇ ਸਾਕੇ ਕਰਨ ਦੀਆਂ ਤਿਆਰੀਆਂ ਕਰ ਰਹੇ ਹਨ। ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਅਤਿਵਾਦੀਆਂ ਨੇ ਪਿਛਲੇ ਹਫਤੇ ਵਿਚ 82 ਬੇਗੁਨਾਹਾਂ ਨੂੰ ਕਤਲ ਕੀਤਾ ਹੈ ਜਿਨ੍ਹਾਂ ਵਿਚ ਦੋ ਥਾਵਾਂ ਉਪਰ ਸਮੂਹਕ ਕਤਲ ਕੀਤੇ। ਇਹਨਾਂ ਵਿਚ ਫਰੀਦਕੋਟ ਵਿਚ ਗਰੀਬ ਹਰੀਜਨਾਂ ਦੇ 12 ਕਤਲ ਵੀ ਸ਼ਾਮਲ ਹੈ। ਦੂਜੇ ਪੁਲਸ ਦੇ ਦੋ ਅਫਸਰਾਂ ਉਪਰ ਵੀ ਹਮਲੇ ਹੋਏ ਜਿਨ੍ਹਾਂ ਵਿਚ ਉਹ ਮਰਨ ਤੋਂ ਬਚ ਗਏ। ਹੁਸ਼ਿਆਰਪੁਰ ਵਿਚ 13 ਦੁਕਾਨਦਾਰਾਂ ਨੂੰ ਕਤਲ ਕੀਤਾ ਗਿਆ ਹੈ।

ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਸੂਚਨਾ ਫੜੇ ਗਏ ਖਤਰਨਾਕ ਅਤਿਵਾਦੀ ਅਮਰਿੰਦਰਪਾਲ ਸਿੰਘ ਦੇ ਦੱਸਣ ਤੋਂ ਪਤਾ ਲੱਗਾ ਹੈ ਕਿ ਅਤਿਵਾਦੀ ਇਸ ਤਰ੍ਹਾਂ ਦੀਆਂ ਸਕੀਮਾਂ ਬਣਾ ਰਹੇ ਹਨ ਕਿ ਦੀਵਾਲੀ ਦੇ ਸਮੇਂ ਜਾਂ ਪਹਿਲਾਂ ਅਨੇਕਾਂ ਥਾਵਾਂ ਉਪਰ ਕਤਲੇਆਮ ਕਰਨਗੇ। ਉਸ ਨੇ ਇਹ ਵੀ ਦੱਸਿਆ ਹੈ ਕਿ ਹੁਣ ਤੱਕ ਅਤਿਵਾਦੀ ਗਰੁੱਪਾਂ ਦੀਆਂ ਅਜਿਹੀਆਂ ਚਾਰ ਮੀਟਿੰਗਾਂ ਹੋ ਚੁਕੀਆਂ ਹਨ ਜਿਨ੍ਹਾਂ ਵਿਚ ਕਤਲੇਆਮ ਦੀ ਸਕੀਮ ਪਾਸ ਕੀਤੀ ਜਾ ਚੁਕੀ ਹੈ।

ਆਲ ਇੰਡੀਆ ਰੇਡੀਓ 24 ਘੰਟੇ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਆਲ ਇੰਡੀਆ ਰੇਡੀਓ ਦੇ ਉਚ ਅਧਿਕਾਰੀਆਂ ਨੇ ਫੈਸਲਾ ਲਿਆ ਹੈ ਕਿ ਛੇਤੀ ਹੀ ਇਸ ਦੀ ਸੇਵਾ 24 ਘੰਟੇ ਕਰ ਦਿੱਤੀ ਜਾਵੇਗੀ। ਇਸ ਤਰ੍ਹਾਂ ਇਸ ਨੂੰ ਕਿਸੇ ਸਮੇਂ ਵੀ ਸੁਣਿਆ ਜਾ ਸਕੇਗਾ। ਇਹ ਵੀ ਪਤਾ ਲੱਗਾ ਹੈ ਕਿ ਭਾਰਤ ਵਿਚ ਟੈਲੀਵੀਜ਼ਨ ਅਗਲੇ ਸਾਲ ਤੋਂ 19 ਘੰਟੇ ਦੇਖਿਆ ਜਾ ਸਕੇਗਾ।

The Canada Darpan
P.O.BOX 265
Surrey, B.C. V3T 4W8
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

ਲੋਕ-ਬਾਣੀ

ਇਸ ਹਫ਼ਤੇ ਦਾ ਵਿਚਾਰ

ਆਦਮੀ ਸਮਾਜ ਦਾ ਰਿਣ ਢੋਂਦਾ ਚਲਿਆ ਆਇਆ ਹੈ । ਉਸੇ ਰਿਣ ਨਾਲ ਉਹ ਵਧਦਾ ਹੈ। ਜੋ ਰਿਣ ਉਸ ਨੇ ਲਿਆ ਹੈ, ਮਰਨ ਸਮੇਂ ਉਹ ਚੁੱਕ ਜਾਏ ਤਾਂ ਉਸ ਦਾ ਜਨਮ ਸਫਲ ਹੈ। ਨਹੀਂ ਤਾਂ ਉਸ ਦੇ ਜਨਮ ਤੋਂ ਸਮਾਜ ਨੂੰ ਨੁਕਸਾਨ ਹੀ ਹੁੰਦਾ ਹੈ । (ਸਮਾਜ ਦੇ ਕਿਸੇ ਕੰਮ ਨਾ ਆਉਣ ਵਾਲੇ ਲੋਕਾਂ ਨੂੰ ਧਰਤੀ ਉਤੇ ਭਾਰ ਕਿਹਾ ਜਾਂਦਾ ਹੈ) ।

(ਸ਼ਿਵਰਾਮ ਕਾਰੰਤ : ਮਰਾਠੀ ਨਾਵਲਕਾਰ)

ਸੰਪਾਦਕੀ

ਕੈਨੇਡਾ ਦੀਆਂ ਪਾਰਲੀਮੈਂਟ ਚੋਣਾਂ

ਕੈਨੇਡਾ ਦੀਆਂ ਪਾਰਲੀਮੈਂਟ ਚੋਣਾਂ ਦਾ ਮੈਦਾਨ ਪਿਛਲੇ ਹਫਤੇ ਤੋਂ ਪੂਰੀ ਤਰ੍ਹਾਂ ਭਖ ਪਿਆ ਹੈ । ਪਿਛਲੇ ਹਫਤੇ ਟੀ. ਵੀ. ਉਤੇ ਹੋਈ ਤਿੰਨਾਂ ਪਾਰਟੀਆਂ ਦੇ ਲੀਡਰਾਂ ਦੀ ਬਹਿਸ ਨੇ ਦੇਸ਼ ਦਾ ਸਮੁੱਚਾ ਮਾਹੌਲ ਬਦਲ ਕੇ ਰੱਖ ਦਿੱਤਾ ਹੈ। ਜਿਥੇ ਟੋਰੀ ਪਾਰਟੀ ਅਤੇ ਦੇਸ਼ ਦਾ ਪ੍ਰਧਾਨ ਮੰਤਰੀ ਅਮਰੀਕਾ ਅਤੇ ਕੈਨੇਡਾ ਵਿਚਕਾਰ ਖੁਲ੍ਹੇ ਵਪਾਰ ਨੂੰ ਤਰਜੀਹ ਦੇ ਰਹੇ ਹਨ, ਉਥੇ ਦੋਵੇਂ ਵਿਰੋਧੀ ਪਾਰਟੀਆਂ — ਲਿਬਰਲ ਤੇ ਐਨ ਡੀ ਪੀ — ਖੁਲ੍ਹੇ ਵਪਾਰ ਦਾ ਸ਼ਰੇਆਮ ਵਿਰੋਧ ਕਰ ਰਹੀਆਂ ਹਨ ਲਿਬਰਲ ਪਾਰਟੀ ਦੇ ਲੀਡਰ ਜੌਹਨ ਟਰਨਰ ਨੇ ਤਾਂ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਖੁਲ੍ਹੇ ਵਪਾਰ ਦਾ ਮਤਲਬ ਦੇਸ਼ ਨੂੰ ਅਮਰੀਕਾ ਦੇ ਹੱਥ ਵੇਚਣਾ ਹੈ। ਐਨ ਡੀ ਪੀ ਮੁੱਢ ਤੋਂ ਹੀ ਖੁਲ੍ਹੇ ਵਪਾਰ ਦੀ ਵਿਰੋਧੀ ਹੈ । ਇਸ ਚੋਣ ਵਿਚ ਅਸਲ ਮੁੱਦਾ ਖੁਲ੍ਹਾ ਵਪਾਰ ਬਣ ਗਿਆ ਹੈ। ਵਿਰੋਧੀ ਲੀਡਰਾਂ ਦਾ ਕਹਿਣਾ ਹੈ ਕਿ ਖੁਲ੍ਹੇ ਵਪਾਰ ਨਾਲ ਦੇਸ਼ ਦੇ ਆਰਥਕ ਹਾਲਾਤ ਉਤੇ ਤਾਂ ਭਿਆਨਕ ਅਸਰ ਪਵੇਗਾ ਹੀ, ਨਾਲ ਸਮਾਜਕ ਤੇ ਸਭਿਆਚਾਰਕ ਹਾਲਾਤ ਵੀ ਬਦਲਣਗੇ । ਇਸ ਤਰ੍ਹਾਂ ਕੈਨੇਡਾ ਵਰਗੇ ਥੋੜ੍ਹੀ ਆਬਾਦੀ ਵਾਲੇ ਮੁਲਕ ਨੂੰ ਖਤਰਾ ਬਣ ਜਾਵੇਗਾ ।

ਜਿਥੇ ਖੁੱਲ੍ਹੇ ਵਪਾਰ ਨਾਲ ਨੌਕਰੀਆਂ ਵਿਚ ਕਮੀ ਹੋਵੇਗੀ, ਉਥੇ ਦੇਸ਼ ਦੇ ਕੁਦਰਤੀ ਸਾਧਨ ਵੀ ਅਮਰੀਕਾ ਦੀ ਝੋਲੀ ਵਿਚ ਪੈਣ ਦਾ ਖਤਰਾ ਹੈ । ਵਸਤਾਂ ਬਨਾਉਣ ਵਾਲੀਆਂ ਦਸਤਕਾਰੀਆਂ ਉਤੇ ਇਸ ਦਾ ਮਾਰੂ ਅਸਰ ਪੈਣ ਦੀ ਸੰਭਾਵਨਾ ਹੈ। ਇਸੇ ਕਾਰਨ ਓਨਟੇਰੀਓ ਸੂਬੇ ਦਾ ਪ੍ਰੀਮੀਅਰ ਇਸ ਦਾ ਮੁੱਖ ਵਿਰੋਧੀ ਹੈ। ਫਾਰਮਾਂ ਉਤੇ ਵੀ ਇਸ ਦਾ ਭੈੜਾ ਅਸਰ ਪਵੇਗਾ। ਤੇਲ, ਬਿਜਲੀ, ਕੁਦਰਤੀ ਗੈਸ ਆਦਿ ਦੇਸ਼ ਦਾ ਭੰਡਾਰ ਹਨ — ਇਹ ਸਾਰੇ ਅਮਰੀਕਾ ਦੇ ਰਹਿਮੋ-ਕਰਮ 'ਤੇ ਹੋਣਗੇ। ਖੁਲ੍ਹੇ ਵਪਾਰ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਜੇ ਅਮਰੀਕਾ ਨੂੰ ਇਸ ਦਾ ਲਾਭ ਨਾ ਪੁਜਣਾ ਹੁੰਦਾ ਤਾਂ ਅਮਰੀਕੀ ਕਾਂਗਰਸ ਕਦੇ ਵੀ ਏਨੀ ਤੇਜ਼ੀ ਨਾਲ ਇਸਦਾ ਸਮਰਥਨ ਨਾ ਕਰਦੀ। ਅਮਰੀਕਾ ਵਰਗੇ ਦੇਸ਼ ਨੂੰ ਹੋਰ ਕੀ ਚਾਹੀਦਾ ਹੈ ਕਿ ਸਾਰੇ ਕੁਦਰਤੀ ਸਾਧਨ ਉਸਦੀ ਪਕੜ ਵਿਚ ਆ ਜਾਣ । ਤੇਲ ਪਿਛੇ ਤਾਂ ਅਮਰੀਕਾ ਸਾਰੇ ਅਰਬ ਦੇਸ਼ਾਂ ਨੂੰ ਅੱਗ ਵਿਚ ਸੁਟਣ ਲਈ ਤਤਪਰ ਹੈ ।

ਇਸ ਤਰ੍ਹਾਂ ਇਹ ਚੋਣ ਮੁੱਖ ਤੌਰ ਉਤੇ ਅਮਰੀਕਾ ਨਾਲ ਖੁਲ੍ਹੇ ਵਪਾਰ ਦੇ ਆਧਾਰ ਉਤੇ ਲੜੀ ਜਾ ਰਹੀ ਹੈ । ਟੀ. ਵੀ. ਦੀ ਡੀਬੇਟ ਵਿਚ ਵੀ ਲਿਬਰਲ ਲੀਡਰ ਜੌਹਨ ਟਰਨਰ ਤੇ ਐਨ ਡੀ ਪੀ ਲੀਡਰ ਬਰੌਡਬੈਂਟ ਨੇ ਟੋਰੀ ਪ੍ਰਧਾਨ ਮੰਤਰੀ ਦੇ ਜਿਸ ਤਰ੍ਹਾਂ ਛੱਕੇ ਛੁਡਾਏ ਉਸ ਕਾਰਨ ਲਿਬਰਲ ਤੇ ਐਨ ਡੀ ਪੀ ਪਾਰਟੀਆਂ ਵਿਚ ਲੋਕਾਂ ਦਾ ਵਿਸ਼ਵਾਸ ਵਧਿਆ ਹੈ। ਜਿਸ ਤੋਂ ਜਾਪਣ ਲੱਗ ਪਿਆ ਹੈ ਕਿ ਜੋ ਵੀ ਸਰਕਾਰ 21 ਨਵੰਬਰ ਦੀ ਰਾਤ ਨੂੰ ਬਣੇਗੀ, ਉਹ ਘੱਟ ਗਿਣਤੀ ਸਰਕਾਰ ਹੀ ਹੋਵੇਗੀ । ਇਸ ਵੇਲੇ ਸਾਰੇ ਅੰਦਾਜ਼ੇ ਇਸੇ ਪਾਸੇ ਵੱਲ ਇਸ਼ਾਰਾ ਕਰਦੇ ਨਜ਼ਰ ਆਉਂਦੇ ਹਨ। ਚੋਣਾਂ ਵਿਚ ਅਜੇ ਤਿੰਨ ਹਫਤੇ ਪਏ ਹਨ — ਪਰ ਜਾਪਦਾ ਹੈ ਕਿ ਖੁਲ੍ਹੇ ਵਪਾਰ ਵਿਰੁੱਧ ਲੋਕਾਂ ਦੀ ਆਵਾਜ਼ ਹੋਰ ਜ਼ੋਰਦਾਰ ਹੋਵੇਗੀ ।

ਪਿਆਰੇ ਦਰਸ਼ਨ ਜੀ,

ਸਤਿ ਸ੍ਰੀ ਅਕਾਲ । ਕੈਨੇਡਾ ਦਰਪਣ ਮੁੜ ਵੀਕਲੀ ਕਰਨ ਲਈ ਵਧਾਈ ।

ਬੇਸ਼ਕ ਪਿਛੇ ਦੇਸ਼ ਬਾਰੇ "ਓਥੇ ਕੀ ਭਾਣਾਂ ਬੀਤ ਰਿਹਾ ਹੈ "ਲੋਕਲ ਪੰਜਾਬੀ ਪੇਪਰਾਂ ਤੇ ਕਦੀ ਕਦੀ ਇੰਗਲਿਸ਼ ਪੇਪਰਾਂ ਵਿਚੋਂ ਵੀ ਪਤਾ ਲਗਦਾ ਰਹਿੰਦਾ ਹੈ। ਇਕ ਪੁਰਾਣੇ ਮਿੱਤਰ ਦਾ ਸੱਜਰਾ ਪਤ੍ਰ ਆਇਆ ਹੈ ਜੋ ਮੈਂ ਆਪਣੇ ਭਾਈਚਾਰੇ ਨਾਲ ਸਾਂਝਾ ਕਰਨਾ ਮੰਗਦਾ ਹਾਂ, ਛਾਪ ਸਕੋ ਤਾਂ ਧੰਨਵਾਦੀ ਹੋਵਾਂਗਾ ।

ਸ੍ਰ: ਕਰਤਾਰ ਸਿੰਘ 'ਅਰਸ਼' ਮੈਥੋਂ ਦੋ ਕੁ ਸਾਲ ਵਡੇਰੇ ਮੇਰੇ ਚੰਗੇ ਮਿਤਰ ਹਨ, ਉਰਦੂ-ਫਾਰਸੀ ਤੇ ਆਲਿਮ ਫਾਜ਼ਿਲ ਹਨ, ਫਾਰਸੀ ਪੋਇਟ੍ਰੀ ਬੁਕਾਂ ਦਾ ਪੰਜਾਬੀ ਪੋਇਟ੍ਰੀ ਵਿਚ ਦੇ ਟਰਾਂਸਲੇਟਰ ਹਨ ਤੇ ਬੜੇ ਸੁਲਝੇ ਹੋਏ ਵਿਅਕਤੀ ਹਨ ।

ਧੰਨਵਾਦ ਸਹਿਤ,
ਰਾਮ ਸਿੰਘ ਢਿੱਲੋਂ, ਸਰੀ (ਗੋਰਾਇਆ)

ਪੰਜਾਬ ਜਲ ਰਿਹਾ ਹੈ, ਨੀਰੂ ਬੰਸਰੀ ਵਜਾ ਰਿਹਾ ਹੈ

ਪਿਆਰੇ ਢਿੱਲੋਂ ਜੀ,

ਸਤਿ ਸ੍ਰੀ ਅਕਾਲ। ਮੁਆਫ ਕਰਨਾ ਕਿੰਨੇ ਚਿਰਾਂ ਪਿਛੋਂ ਲਿਖਣ ਬੈਠਾ ਹਾਂ। ਅੱਖਾਂ ਦੀ ਲੋ ਮਾਂਦ ਪੈਂਦੀ ਜਾਂਦੀ ਹੈ। ਖੱਬੀ ਅੱਖ ਬੁਝ ਗਈ ਹੈ, ਸੱਜੀ ਕਿੰਨਾ ਚਿਰ ਤਰੇਗੀ ?

ਪੰਜਾਬ ਜਲ ਰਿਹਾ ਹੈ, ਦਿੱਲੀ ਦਾ ਨੀਰੂ ਬੰਸਰੀ ਦੀਆਂ ਤਾਨਾਂ ਕੱਢ ਰਿਹਾ ਹੈ। ਅਸੀਂ ਧੂਤੇ ਉਸ ਦੀਆਂ ਤਾਨਾਂ ਤੇ ਮੇਹਲ ਰਹੇ ਹਾਂ। ਓਹ ਕਦੀ ਫੁੱਲੀਆਂ ਸੁੱਟ ਦਿੰਦਾ ਹੈ, ਅਸੀਂ ਬਾਂਦਰ ਇਕ ਦੂਜੇ ਤੇ ਝਪਟੇ ਹਾਂ ; ਨਾ ਖਾਂਦੇ ਹਾਂ ਨਾ ਖਾਣ ਦਿੰਦੇ ਹਾਂ ਉਸ ਰਾਮ ਨੂੰ ਭਬੀਸ਼ਨ ਲੱਭ ਲੈਂਦੇ ਹਨ, ਉਨ੍ਹਾਂ ਨੂੰ ਭਗਤ ਦੀ ਉਪਾਧੀ ਬਖਸ਼ਕੇ ਬਾਲੀਆਂ ਦਾ ਘਾਣ ਕਰਨਾ ਪੈਂਦਾ ਹੈ। ਇਹ ਭਬੀਸ਼ਨ (ਕਾਂਗਰਸੀ) ਦਿੱਲੀ ਦੇ ਚੋਹੇ ਚੜ੍ਹਕੇ ਪੰਜਾਬ ਨੂੰ ਹਰਿਆਣੇ ਦੇ ਹਿਤਾਂ ਤੇ ਵਾਰਨ ਵਿਚ ਆਪਣੀ ਸ਼ਾਨ ਸਮਝਦੇ ਹਨ ।

ਅਸੀਂ ਸਿੱਖਾਂ ਨੇ ਵੀ ਸਿੱਖੀ ਅਸੂਲਾਂ ਨੂੰ ਤਲਾਂਜਲੀ ਦੇਕੇ ਆਪ ਹੁਦਰੇ ਅਸੂਲ ਘੜ ਲਏ ਹਨ । ਸਰਬੱਤ ਦੇ ਭਲੇ ਦਾ ਵਿਸ਼ਵ-ਵਿਆਪੀ ਸਿਧਾਂਤ ਸੁੰਗੜ ਕੇ ਮੁੱਠੀ ਭਰ ਲੀਡਰ ਅਤੇ ਉਨ੍ਹਾਂ ਦੇ ਪਿਛਲਗਾਂ ਦਾ ਰਹਿ ਗਿਆ ਹੈ। ਭਾਈ ਘਨੱਈਆ ਜੀ ਦੀ ਸਮਦ੍ਰਿਸ਼ਟੀ ਨਹੀਂ ਰਹੀ । ਆਪਣੇ ਹੀ ਝੰਡੀ ਬਰਦਾਰਾਂ ਨੂੰ ਸਰਬੱਤ ਖਾਲਸੇ ਦਾ ਨਾਂ ਦੇ ਕੇ, ਹੁਕਮ ਨਾਮੇਂ ਜਾਰੀ ਕੀਤੇ ਜਾਂਦੇ ਹਨ। ਹਿੰਦੂ ਤਾਂ ਖਾਲਸੇ ਨਹੀਂ ਬਣੇ, ਜੋ ਬਣੇ ਉਨ੍ਹਾਂ ਵਿਚੋਂ ਵੀ ਜੋ ਉਨ੍ਹਾਂ ਦੇ ਮਤ ਨਾਲ ਸਹਿਮਤੀ ਨਹੀਂ ਪ੍ਰਗਟਾਉਂਦੇ, ਮਰਦੂਦ, ਕਾਫਿਰ ਤੇ ਸਿਖੀਉਂ ਖਾਰਜ ਕਰ ਦਿੱਤੇ ਗਏ ਹਨ । ਨਿਰੰਕਾਰੀ ਸਿੱਖ ਨਹੀਂ, ਕੂਕੇ ਡੰਨੀ ਹਨ, ਕਮਿਊਨਿਸਟ ਨਾਸਤਿਕ ਹਨ, ਰਾਧਾ ਸਵਾਮੀ ਵੀ ਗੈਰ ਸਿਖ ਹਨ, ਕਾਂਗਰਸੀ ਸਿੱਖ ਵੀ ਸਰਬੱਤ ਵਿਚ ਨਹੀਂ ਆਉਂਦੇ, ਹੁਣ ਲੌਂਗੋਵਾਲੀਏ ਵੀ ਸਿਖੀਉਂ ਖਾਰਜ ਸਮਝੇ ਜਾਂਦੇ ਹਨ, ਬਾਦਲ ਕਿਆਂ ਦੀ ਵੀ ਪੁਛ-ਪ੍ਰਤੀਤ ਨਹੀਂ ਰਹੀ, ਪੰਥਕ ਕਮੇਟੀ ਤੇ ਵੀ ਨੁਕਤਾਚੀਨੀ ਹੁੰਦੀ ਹੈ । ਸਿਖ ਫੈਡਰੇਸ਼ਨੀਏ ਸਾਰੀ ਲੀਡਰਸ਼ਿਪ ਤੇ ਵਰ੍ਹਦੇ ਹਨ । ਅਕਾਲ ਤਖਤ ਸਾ: ਦੀ ਜਥੇਦਾਰੀ ਦੇ ਕਈ ਦਾਹਵੇਦਾਰ ਹੋ ਗਏ ਹਨ। ਸਿਖ ਕੌਮ ਹੈ ਕਿਹੜੀ ? ਖਾਲਿਸਤਾਨ ਦਾ ਨਿਸ਼ਾਨਾ ਲੈਕੇ ਤੁਰੇ ਸਨ ਅਗਲਿਆਂ ਨੇ ਭੰਬਲਭੂਸੇ ਪਾ ਦਿੱਤੇ । ਹੁਣ ਕ੍ਰਿਸ਼ਨ ਦੇ ਯਾਦਵਾਂ ਵਿਚ ਠਣ ਗਈ ਹੈ; ਆਪੋ ਵਿਚ ਲੜ ਰਹੇ ਹਨ। ਸਿੱਖ ਸਿਖਾਂ ਨੂੰ ਗੋਲੀਆਂ ਮਾਰ ਰਹੇ ਹਨ, ਟੱਬਰਾਂ ਦੇ ਟੱਬਰ ਮੁਕਾਏ ਜਾ ਰਹੇ ਹਨ ।

ਇਸ ਖਾਲਸਾ ਰਾਜ ਦੀ ਰੂਪਰੇਖਾ ਕੀ ਹੈ, "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਏ" ਸਦੀਆਂ ਤੋਂ ਅਰਦਾਸਾਂ ਵਿਚ ਮੰਗਦੇ ਆ ਰਹੇ ਹਾਂ। ਪਰ ਇਹ ਰਾਜ ਕਿਨ੍ਹਾਂ ਸਿਧਾਂਤਾਂ ਤੇ ਖੜਾ ਕੀਤਾ ਜਾਵੇਗਾ, ਕੋਈ ਨਹੀਂ ਦੱਸਦਾ। ਉਸ ਰਾਜ ਵਿਚ ਗੈਰ ਸਿੱਖਾਂ ਦਾ ਦਰਜਾ ਕੀ ਹੋਵੇਗਾ ? ਘੱਟ ਗਿਣਤੀਆਂ ਨਾਲ ਕਿਹੋ ਜਿਹਾ ਵਰਤਾਓ ਕੀਤਾ ਜਾਵੇਗਾ ? ਖਾਲਸੇ ਦੀ ਪੂਰੀ ਭਾਸ਼ਾ ਕੀ ਹੋਵੇਗੀ ? ਕਿੰਨਾਂ ਖੇਤਰ ਵਗਲਿਆ ਜਾਵੇਗਾ ? ਹੱਦਾਂ ਕਿਹੜੀਆਂ ?

ਧਰਮਾਂ ਦੇ ਆਧਾਰ ਤੇ ਕੋਈ ਕੌਮ ਕਾਇਮ ਨਹੀਂ ਰਹਿ ਸਕਦੀ। ਜੇ ਅਜਿਹਾ ਹੁੰਦਾ ਤਾਂ, ਈਰਾਨ, ਅਰਬ ਮਿਸਰ ਤੇ ਪਾਕਿਸਤਾਨ ਇਕ ਮੁਤਹਿਤ ਕੌਮ ਹੋਣੀ ਸੀ ਪਰ ਹੋਈ ਨਹੀਂ । ਪਾਕਿਸਤਾਨ ਧਰਮ ਦੇ ਨਾਂ ਤੇ ਬਣਿਆ ਪਰ ਬੰਗਲਾ ਦੇਸ਼ੀ ਮੁਸਲਮਾਨ ਅੱਡ ਕਿਉਂ ਹੋ ਗਏ ?

ਧਾਰਮਿਕ ਅਸਥਾਨਾਂ ਨੂੰ ਫੌਜੀ ਅੱਡਿਆਂ ਦੇ ਤੌਰ ਤੇ ਵਰਤਣਾ, ਇਤਿਹਾਸਕ ਭੁਲ ਸੀ । ਸਿਖ ਇਤਿਹਾਸ ਵਿਚ ਕਿਧਰੇ ਵੀ ਨਹੀਂ ਆਇਆ ਕਿ ਸਿੰਘਾਂ ਨੇ ਗੁਰਦੁਆਰੇ ਕਿਲ੍ਹਿਆਂ ਦੇ ਤੌਰ ਤੇ ਵਰਤੇ ਹੋਣ ।

ਅਕਾਲ ਤਖਤ ਸਾ: ਬਾਰੇ ਗੁਰੂ ਹਰਗੋਬਿੰਦ ਜੀ ਦੇ ਵੇਲੇ ਸਿਖਾਂ ਨੇ ਵਿਚਾਰ ਪ੍ਰਗਟ ਕੀਤਾ ਸੀ ਕਿ ਹਰਿਮੰਦਰ ਸਾਹਿਬ ਵਿਚ ਫੌਜਾਂ ਰੱਖੀਆਂ ਜਾਣ, ਪਰ ਸ੍ਰੀ ਅਕਾਲ ਤਖਤ ਦੇ ਬਾਨੀ ਗੁਰੂ ਹਰਗੋਬਿੰਦ ਜੀ ਨੇ ਫੁਰਮਾਇਆ :—

ਅਬ ਜੰਗਲ ਚਲ ਦਿਵਸ ਗੁਜ਼ਾਰੇਂ - ਤਹਾਂ ਲਰੇਂ ਰਿਪ ਗਨ ਕਉਂ ਮਾਰੇਂ ।
ਜੰਗ ਨਾ ਭਲੋ ਸੁਧਾਸਰ ਮਾਹੀਂ - ਆਣੇ ਤੁਰਕ ਅਦਬ ਰਹਿ ਨਾਹੀਂ

(ਸੂਰਜ ਪ੍ਰਕਾਸ਼ ਪੰਨਾ 1318)

ਕੀ ਅਸੀਂ ਇਸ ਫੁਰਮਾਨ ਦੀ ਪਾਲਣਾ ਕੀਤੀ ? ਨਾ ਪਾਲਣਾ ਕਰਨ ਦਾ ਫਲ ਭੁਗਤ ਲਿਆ ਹੈ ਤੇ ਭੁਗਤ ਰਹੇ ਹਾਂ ।

ਸ਼੍ਰੋਮਣੀ ਕਮੇਟੀ ਦੇ ਪਹਿਲੇ ਦਹਾਕਿਆਂ ਵਿਚ ਏਸ ਪ੍ਰੰਪਰਾ ਦੀ ਪਾਲਣਾ ਹੁੰਦੀ ਸੀ । ਯਾਤਰੂਆਂ ਦੇ ਲਾਇਸੈਂਸੀ ਹਥਿਆਰ ਹਰਿਮੰਦਰ ਸਾਹਿਬ ਤੋਂ ਬਾਹਰ ਜਮ੍ਹਾਂ ਕਰਵਾ ਲਏ ਜਾਂਦੇ ਸਨ । ਇਹ ਪ੍ਰੰਪਰਾ ਸਿਖ ਮਿਸਲਾਂ ਦੇ ਵੇਲੇ ਵੀ ਜਾਰੀ ਰਹੀ। ਸਿਖ ਮਿਸਲਾਂ ਦੇ ਫੌਜੀ ਆਪਣੇ ਹਥਿਆਰ ਆਪੋ ਆਪਣੇ ਬੁੰਗਿਆਂ ਵਿਚ ਜਮ੍ਹਾਂ ਕਰਾਕੇ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ ।

ਫੇਰ ਸਭ ਕਾਨੂੰਨ ਕਾਇਦੇ ਨੇਮ ਤੇ ਪ੍ਰੰਪਰਾਵਾਂ ਛਿਕੇ ਟੰਗ ਕੇ ਮਨ ਹੁਦਰੀਆਂ ਹੋਣ ਲਗ ਪਈਆਂ । ਸਭੇ ਸਾਂਝੀਵਾਲ ਸਦਾਇਣ ਦੀ ਥਾਂ, ਗੈਰ-ਸਿੱਖਾਂ ਨਾਲ ਨਫਰਤ ਦਾ ਪ੍ਰਚਾਰ ਸ੍ਰੀ ਅਕਾਲ ਤਖਤ ਤੋਂ ਹੁੰਦਾ ਰਿਹਾ। ਇਸਦੇ ਸਿੱਟੇ ਭੁਗਤਣੇ ਪੈ ਰਹੇ ਹਨ । ਅਗੇ ਨਵੰਬਰ 1984 ਦੀ ਸਿਖ ਕਤਲੇਆਮ ਭੁਲੀ ਨਹੀਂ, ਹੁਣ ਕਰਨਾਟਕ ਦੇ ਕਸਬੇ ਬਿਦਰ ਵਿਚ ਸਿਖ ਵਿਦਿਆਰਥੀਆਂ ਦਾ ਕਤਲ ਅਤੇ ਸਿਖ ਵਸੋਂ ਦੀ ਸਾੜ-ਫੂਕ ਤੇ ਲੁਟ-ਖੋਹ ਦੀਆਂ ਵਾਰਦਾਤਾਂ ਹੋ ਗਈਆਂ। ਇਹ ਸਭ ਕੁਝ ਖੁਦਗਰਜ਼ ਸਿਆਸਤਦਾਨਾਂ ਦੀਆਂ ਚਾਲਾਂ ਹਨ । ਪਾੜੋ ਤੇ ਰਾਜ ਕਰੋ ਦੀ ਨੀਤੀ ਦੀ ਵਰਤੋਂ ਹੋ ਰਹੀ ਹੈ। (ਇੰਗਲਿਸ਼) ਪਾਲਿਟਿਕਸ ਇਜ਼ ਏ ਡਰਟੀ ਗੇਮ, ਬਟ ਦਾ ਡਰਟੀ ਅਸਟ ਆਰ ਦਾ ਪਾਲਿਟੀਸ਼ਨਜ਼ ਹੂ, ਇਨ ਔਰਡਰ ਟੂ ਗੇਨ ਦੇਅਰ ਐਂਡਜ਼ ਥਰੋ ਆਲ ਦਾ ਮੌਰਲ ਨੌਰਮਜ਼ ਇਨ ਟੂ ਵਿੰਡ ।* ਅਸੀਂ ਭਾਰਤੀ ਸਿਆਸਤ ਦੇ ਮੋਹਰੇ ਹਾਂ, ਖੇਲਣ ਵਾਲੇ ਸਾਨੂੰ ਭੁਆਈ ਫਿਰਦੇ ਹਨ ।

ਪੰਜਾਬ ਦੀ ਅਜੋਕੀ ਸਥਿਤੀ :—

ਅੱਗੇ ਸਿਆਸਤਦਾਨ ਕਰੋਪੀ ਸਨ ਤੇ ਹੁਣ ਆਸਮਾਨੀ ਦੇਵਤੇ । ਪਤਾ ਨਹੀਂ ਕਿਹੜੇ ਯੁਗ ਦਾ ਬਦਲਾ ਲੈ ਰਹੇ ਹਨ, ਸਾਵਣ ਲੰਘ ਗਿਆ , ਭਾਦੋਂ ਬੀਤ ਗਈ, ਅੱਸੂ ਚੜ੍ਹਿਆ ਤੇ ਨਾਲੇ, ਦਰਿਆਵਾਂ ਵਿਚ ਪਾਣੀ। ਲਗਾਤਾਰ 5 ਦਿਨ

——→

ਮੀਂਹ ਵਸਿਆ ਕਿ ਆਉਣ ਵਾਲੀ ਮਹਾਂ ਪਰਲੋ ਦੀਆਂ ਨਿਸ਼ਾਨੀਆਂ ਦਿਸਣ ਲਗ ਪਈਆਂ । ਸਾਰੀ ਸਤਲੁਜ, ਸਾਰੀ ਬਿਆਸ ਤੇ ਸਾਰੀ ਰਾਵੀ ਦਾ ਬੇਟ, ਹਜ਼ਰਤ ਨੂਹ ਦੇ ਤੂਫਾਨ ਦੀ ਲਪੇਟ ਵਿਚ ਆ ਗਿਆ । ਪਿੰਡ ਘਰ ਗਏ, ਘਰ ਘਾਟ, ਪਸ਼ੂ ਪਾਤੇ ਘਰਾਂ ਦਾ ਸਾਮਾਨ ਰੁੜ੍ਹ ਗਿਆ । ਘੁਗ ਵਸਦੇ ਲੋਕ ਬੇਘਰ ਹੋ ਗਏ । ਉਚੀਆਂ ਥਾਵਾਂ ਤੇ, ਬਿਨਾਂ ਕਿਸੇ ਅੜਤਲੇ ਦੇ ਦਿਨ-ਕਟੀ ਕਰ ਰਹੇ ਹਨ । ਇਕ ਕੇਂਦਰੀ ਖੇਤੀ ਮੰਤਰੀ ਨੇ ਹਵਾਈ ਸਰਵੇਖਣ ਕੀਤਾ ਤੇ ਬਿਆਨ ਦਿਤਾ ਕਿ ਪੰਜਾਬ ਦਾ ਮਸਾਂ 5/6 ਪ੍ਰਤੀਸ਼ਤ ਨੁਕਸਾਨ ਹੋਇਆ ਹੈ । ਭਲਾ ਹੈਲੀਕੋਪਟਰ ਵਿਚ ਬੈਠ ਝਾਤੀਆਂ ਲੈਂਦੇ ਮੰਤਰੀ ਜੀ ਨੂੰ, ਕੀ ਪਤਾ ਲੋਕੀ ਕਿਸ ਤਰ੍ਹਾਂ ਦੇ ਦੁਖ ਤੇ ਆਫਤਾਂ ਝੱਲ ਰਹੇ ਨੇ । ਚਿੱਟੀਆਂ-ਪੋਸ਼ ਕੋਠੀਆਂ 'ਚ ਬਹਿਕੇ ਪੱਤਰਕਾਰਾਂ ਦੇ ਦਲਿਆਂ ਨੂੰ ਬਿਆਨ ਦੇਣਾ ਸੁਖਾਲਾ ਹੈ ਪਰ ਘਰੋਂ ਬੇ-ਘਰ ਹੋਏ ਮੁਸੀਬਤਾਂ ਦੇ ਮਾਰੇ ਲੋਕਾਂ ਦੀਆਂ ਔਕੜਾਂ ਦਾ ਅਹਿਸਾਸ ਕਰਨਾ ਬਹੁਤ ਦੂਰ ਦੀ ਗੱਲ ਹੈ ।

ਸਤਲੁਜ ਨੇ ਦੋਹੀਂ ਪਾਸੀਂ ਮਾਰ ਕੀਤੀ ਹੈ । ਲੁਧਿਆਣਾ ਤੇ ਜਲੰਧਰ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ । ਬਿਆਸ ਦਿਲਵਾਂ ਦੇ ਉਦਾਲੇ ਕੁੰਡਲ ਪਾਈ ਬੈਠੀ ਹੈ, ਰਾਵੀ ਨੇ ਅੰਮ੍ਰਿਤਸਰ ਤੇ ਗੁਰਦਾਸਪੁਰ 'ਚ ਤਬਾਹੀ ਮਚਾਈ ਹੋਈ ਹੈ ।

ਇਸ ਅਸਮਾਨੀ ਆਫਤ ਵਿਚ ਵੀ ਸਾਡੇ ਖਾੜਕੂਆਂ ਦੀਆਂ ਗੋਲੀਆਂ ਆਪਣਾ ਕੰਮ ਕਰੀ ਜਾਂਦੀਆਂ ਹਨ । ਟਿਊਬਵੈਲਾਂ ਦੀਆਂ ਖੂਹੀਆਂ ਪਾਣੀ ਨਾਲ ਭਰ ਗਈਆਂ ਹਨ, ਮੋਟਰਾਂ ਡੁਬ ਗਈਆਂ ਹਨ, ਫਸਲਾਂ ਮਾਰੀਆਂ ਗਈਆਂ ਹਨ; ਅੰਨ ਦਾ ਤੋਟਾ ਪੈ ਰਿਹਾ ਹੈ, ਕਾਲ ਮੂੰਹ ਸਵਾਰ ਰਿਹਾ ਹੈ ਆਪਣੇ ਸ਼ਿਕਾਰ ਨੂੰ ਦੇਖਕੇ ਪਰ ਗੁਰੂ ਕੇ ਲਾਲਾਂ ਵਲੋਂ "ਸੀਜ਼ ਫਾਇਰ" ਨਹੀਂ ਹੋਈ । ਇਨਸਾਨੀ ਹਮਦਰਦੀ ਕਿਥੇ ਹੈ ? ਟਰੂਸ ਤਾਂ ਘਮਸਾਨ ਦੀਆਂ ਜੰਗਾਂ ਅੰਦਰ ਵੀ ਹੋ ਜਾਇਆ ਕਰਦਾ ਹੈ, ਇਨ੍ਹਾਂ ਖਾੜਕੂਆਂ ਦੇ ਕੋਡ ਵਿਚ ਇਹ ਨੁਕਤਾ ਹੈ ਹੀ ਨਹੀਂ । ਬੰਧਕਾਂ ਛਡਾਉਣ ਵਾਲੇ ਆਪ ਹੀ ਘਰਾਂ ਅੰਦਰ ਵੜਕੇ ਬੇਆਸਰੇ ਨਿਰਦੋਸ਼ਾਂ ਦਾ ਕਤਲ ਕਰਦੇ ਹਨ ਅਸੀਂ ਤਾਂ ਦਿੱਲੋਂ ਜੀ:—

(ਉਰਦੂ) ਖ਼ੂਨੇ ਨਾ-ਹਕ ਪ੍ਰਵਾਨੇ ਕਾ ਨਹੀਂ ਦੇਖਾ ਜਾਤਾ,
ਹਮ ਸਰੇ-ਸ਼ਾਮ ਚਿਰਾਗੋਂ ਕੋ ਬੁਝਾ ਦੇਤੇ ਹੈਂ ।

(ਆਪਦਾ ਕਰਤਾਰ ਸਿੰਘ ਅਰਸ਼)

ਬੇਸਮੈਂਟ ਸੁਈਟਾਂ ਬਾਰੇ ਖਬਰ 'ਚ ਸੋਧ

ਪਿਆਰੇ ਐਡੀਟਰ ਸਾਹਿਬ,

25-31 ਅਕਤੂਬਰ 1988 ਦੇ ਕੈਨੇਡਾ ਦਰਪਣ ਦੇ ਸਫਾ ਗਿਆਰਾਂ ਉਪਰ "ਵੈਨਕੂਵਰ ਵਿਚ ਪ੍ਰਵਾਰਾਂ ਲਈ ਬੇਸਮੈਂਟਾਂ ਦਾ ਕਾਨੂੰਨ ਪਾਸ" ਬਾਰੇ ਸਮੁੱਚੀ ਰੀਪੋਰਟ ਤੇ ਸੂਚੀ ਹੋਰਾਂ ਬਾਰੇ ਠੀਕ ਹੈ ਪਰ ਮੇਰੇ ਬਾਰੇ ਇਕ ਦੋ ਵਾਕਾਂ ਵਿਚ ਠੀਕ ਸੇਧ ਨਹੀਂ । ਮੈਂ ਸਭ ਤੋਂ ਆਖਰ ਵਿਚ ਕੌਂਸਲ ਸਾਹਮਣੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਬੋਲਿਆ । ਪਿਛਲੇ 15 ਮਹੀਨਿਆਂ ਤੋਂ ਵਰਕਰਜ਼ ਐਸੋਸੀਏਸ਼ਨ ਵਲੋਂ ਕੌਂਸਲ ਕਮੇਟੀਆਂ ਆਦਿ ਵਿਚ ਸਰਗਰਮ ਰਿਹਾਂ । ਫੇਰ ਉਸ ਦਿਨ ਸਾਰ ਅੰਸ਼ ਵਿਚ ਮੈਂ ਆਖਿਆ ਕਿ ਅਸੀਂ ਸਾਰੇ ਸ਼ਹਿਰ ਵਿਚ ਬੇਸਮੈਂਟਾਂ ਨੂੰ ਕਿਰਾਏ ਤੇ ਦੇਣ ਦੀ ਖੁੱਲ ਚਾਹੁੰਦੇ ਹਾਂ । ਕਿਰਾਏਦਾਰ ਜਾਂ ਘਰ ਵਾਲੇ ਲਈ "ਹਾਰਡਸ਼ਿਪ" ਲਈ ਅਪੀਲ ਪ੍ਰਬੰਧ ਚਾਹੀਦਾ ਹੈ । ਕੌਂਸਲ ਵਲੋਂ ਪ੍ਰਵਾਰ ਦੀ ਵਿਆਖਿਆ ਭੀ ਸਮਾਜੀ ਕੀਮਤਾਂ ਦੇ ਆਧਾਰ ਤੇ ਵੱਡੀ ਚਾਹੀਦੀ ਹੈ । ਪਰ ਕਿਉਂਕਿ ਕੌਂਸਲ ਤੇ ਕੋਈ ਭੀ ਪਾਰਟੀ ਸਾਰੇ ਸ਼ਹਿਰ ਵਿਚ ਹਰ ਘਰ ਵਿਚ ਕਿਰਾਏ ਦੀ ਖੁਲ੍ਹ ਨਹੀਂ ਦੇਵੇਗੀ । ਸੋ ਹਾਲਾਤ ਦੇ ਅਨੁਸਾਰ ਕੌਂਸਲ ਦੀ ਅਜੋਕੀ ਪ੍ਰਵਾਰ ਵਿਆਖਿਆ ਦੇ ਆਧਾਰ ਤੇ ਬੇਸਮੈਂਟ ਸੁਈਟਾਂ (ਪ੍ਰਵਾਰ ਲਈ) ਮੰਨਦੇ ਹਾਂ । ਜੋ ਸਾਰੇ ਸ਼ਹਿਰ ਲਈ ਕਾਨੂੰਨੀ ਹੋ ਗਈਆਂ ਹਨ । ਨਾਲ ਹੀ ਮੈਂ ਆਖਿਆ ਸੀ ਕਿ ਪ੍ਰਵਾਰ ਦੀ ਵੱਡੀ ਵਿਆਖਿਆ, ਕਿਰਾਏ ਅਤੇ ਅਪੀਲ ਪ੍ਰਬੰਧ ਲਈ ਅੱਗੇ ਨੂੰ ਜੱਦੋ ਜਹਿਦ ਦਾ ਹੱਕ ਰੱਖਦੇ ਹਾਂ । ਸੋ ਹਾਲਾਤ ਅਤੇ ਦਾਅਪੇਚਾਂ ਦੇ ਆਧਾਰ ਪ੍ਰਵਾਰ ਵਿਆਖਿਆ ਤੇ ਪ੍ਰਵਾਰ ਸੁਈਟਾਂ ਦੇ ਕਾਨੂੰਨੀ ਕਰਨ ਨੂੰ ਠੀਕ ਸਮਝਦੇ ਹਾਂ । ਸਾਰਾ ਵਿਸਥਾਰ ਜੁਦੇ ਲੇਖ ਵਿਚ ਦੇ ਰਿਹਾ ਹਾਂ ।

ਆਪਦਾ ਸ਼ੁਭਚਿੰਤਕ
ਗੁਰਨਾਮ ਸਿੰਘ ਸੰਘੇੜਾ ।

'ਕਹੀਂ ਕੀ ਈਟ, ਕਹੀਂ ਕਾ ਰੋੜਾ'

ਰਾਜੀਵ ਵਲੋਂ ਵਿਰੋਧੀ ਪਾਰਟੀਆਂ ਉਤੇ ਦੂਸ਼ਣਬਾਜ਼ੀ



ਨਵੀਂ ਦਿੱਲੀ — ਭਾਰਤ ਦੇ ਪ੍ਰਧਾਨ ਮੰਤਰੀ ਨੇ 31 ਅਕਤੂਬਰ ਨੂੰ ਇੰਦਰਾ ਗਾਂਧੀ ਦੀ ਚੌਥੀ ਬਰਸੀ ਦੇ ਸਮਾਗਮ ਵਿਚ ਬੋਲਦਿਆਂ ਕਿਹਾ ਕਿ ਵਿਰੋਧੀ ਪਾਰਟੀਆਂ 'ਕਹੀਂ ਕੀ ਈਟ, ਕਹੀਂ ਕਾ ਰੋੜਾ' ਇਕੱਠਾ ਕਰ ਰਹੀਆਂ ਹਨ ਪਰ ਉਨ੍ਹਾਂ ਕਿਹਾ ਕਿ ਇਹ ਖਿਚੜੀ ਪੱਕਣ ਦੀ ਸੰਭਾਵਨਾ ਨਹੀਂ ਹੈ । ਰੈਲੀ ਨੂੰ ਸੰਬੋਧਨ ਕਰਦਿਆਂ ਰਾਜੀਵ ਗਾਂਧੀ ਨੇ ਵਿਰੋਧੀ ਪਾਰਟੀਆਂ ਉਤੇ ਤਰ੍ਹਾਂ ਤਰ੍ਹਾਂ ਦੇ ਦੋਸ਼ ਲਾਏ

ਸਮਾਧੀ ਤੇ ਇਕੱਠ

ਇੰਦਰਾ ਗਾਂਧੀ ਦੀ ਸਮਾਧੀ 'ਤੇ ਦੇਸ਼ ਦੇ ਰਾਸ਼ਟਰਪਤੀ ਸ੍ਰੀ ਵੈਂਕਟਰਮਨ ਅਤੇ ਹੋਰ ਕੇਂਦਰੀ ਮੰਤਰੀ ਪੁਜੇ ਤੇ ਫੁੱਲ-ਮਾਲਾਵਾਂ ਚੜ੍ਹਾਏ ਜਾਣ ਦੀ ਵੀ ਖਬਰ ਹੈ । ਕਾਂਗਰਸ (ਆਈ) ਨੇਤਾਵਾਂ ਨੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਵੀ ਇੰਦਰਾ ਗਾਂਧੀ ਦੀ ਚੌਥੀ ਬਰਸੀ ਮਨਾਈ ਤੇ ਸ਼ਰਧਾਂਜਲੀਆਂ ਅਰਪਣ ਕੀਤੀਆਂ ।

ਇੰਦਰਾ ਗਾਂਧੀ ਐਵਾਰਡ

ਇਕ ਹੋਰ ਸਮਾਗਮ ਵਿਚ ਰਾਜੀਵ ਗਾਂਧੀ ਨੇ 1987 ਦਾ ਇੰਦਰਾ ਗਾਂਧੀ ਐਵਾਰਡ ਭਾਰਤ ਦੇ ਸਕਾਊਟਾਂ ਤੇ ਗਾਈਡਾਂ ਨੂੰ ਪੇਸ਼ ਕੀਤਾ । ਹੋਰ ਸਮਾਗਮਾਂ ਵਿਚ ਇਕ ਸੰਗੀਤ ਸਮਾਗਮ ਵੀ ਹੋਇਆ ਜਿਸ ਵਿਚ ਚੋਟੀ ਦੇ ਸੰਗੀਤਕਾਰਾਂ ਨੇ ਭਾਗ ਲਿਆ ਜਿਨ੍ਹਾਂ ਵਿਚ ਰਵੀ ਸ਼ੰਕਰ ਜੀ ਸ਼ਾਮਲ ਸੀ । ਇੰਦਰਾ ਗਾਂਧੀ ਦੀ ਭੂਆ 84 ਸਾਲਾ ਸ੍ਰੀਮਤੀ ਵਿਜੇ ਲਕਸ਼ਮੀ ਪੰਡਿਤ ਵੀ ਇਕ ਸਮਾਗਮ ਵਿਚ ਹਾਜ਼ਰ ਸੀ । ਇਹ ਸਮਾਗਮ ਸਫਦਰ ਜੰਗ ਰੋਡ 'ਤੇ ਹੋਇਆ ।

ਉੜੀਸਾ ਲਈ ਰਵਾਨਾ

31 ਅਕਤੂਬਰ ਨੂੰ ਸਮਾਗਮਾਂ ਤੋਂ ਪਿਛੋਂ ਭਾਰਤ ਦੇ ਪ੍ਰਧਾਨ ਮੰਤਰੀ ਉੜੀਸਾ ਸੂਬੇ ਵਿਚ ਭੁਬਨੇਸ਼ਵਰ ਪੁਜੇ । ਯਾਦ ਰਹੇ ਕਿ ਸ੍ਰੀਮਤੀ ਗਾਂਧੀ ਨੇ ਵੀ 30 ਅਕਤੂਬਰ ਨੂੰ ਭੁਬਨੇਸ਼ਵਰ ਵਿਚ ਹੀ ਆਪਣਾ ਆਖਰੀ ਭਾਸ਼ਨ ਦਿੰਦਿਆਂ ਕਿਹਾ ਸੀ ਕਿ

"ਮੈਨੂੰ ਮਾਰਨ ਦੇ ਕਈ ਯਤਨ ਕੀਤੇ ਗਏ ਹਨ ਤੇ ਮੇਰੀ ਹੱਤਿਆ ਕਿਸੇ ਸਮੇਂ ਵੀ ਹੋ ਸਕਦੀ ਹੈ । ਪਰ ਮੇਰੇ ਖੂਨ ਦੀ ਇਕ ਇਕ ਬੂੰਦ, ਨਵੇਂ ਭਾਰਤ ਦੇ ਨਿਰਮਾਣ ਵਿਚ ਸਹਾਇਕ ਹੋਵੇਗੀ ।"

ਵਿਰੋਧੀ ਪਾਰਟੀਆਂ ਵਲੋਂ ਵਿਖਾਵਾ

ਭੁਬਨੇਸ਼ਵਰ ਵਿਚ ਜਿਸ ਸਮੇਂ ਰਾਜੀਵ ਗਾਂਧੀ ਇੰਦਰਾ ਗਾਂਧੀ ਪਾਰਕ ਦਾ ਉਦਘਾਟਨ ਕਰ ਰਹੇ ਸਨ ਤਾਂ ਵਿਰੋਧੀ ਪਾਰਟੀਆਂ ਵਲੋਂ ਜ਼ਬਰਦਸਤ ਵਿਖਾਵਾ ਕੀਤਾ ਗਿਆ । ਵਿਰੋਧੀ ਨੇਤਾਵਾਂ ਨੇ ਕਿਹਾ ਕਿ ਇਹ ਰਾਜੀਵ ਗਾਂਧੀ ਦੀ ਬੇਮਤਲਬ ਯਾਤਰਾ ਹੈ ਤੇ ਦੇਸ਼ ਦਾ ਧਨ ਫਜ਼ੂਲ ਖਰਚਿਆ ਜਾ ਰਿਹਾ ਹੈ । ਵਿਰੋਧੀ ਨੇਤਾਵਾਂ ਨੇ ਕਿਹਾ ਕਿ ਜੋ ਲੱਖਾਂ ਰੁਪਏ ਇਥੇ ਖਰਚੇ ਜਾ ਰਹੇ ਹਨ, ਉਹ ਉੜੀਸਾ ਦੇ ਲੋਕਾਂ ਦੀ ਭੁੱਖ-ਮਰੀ ਦੂਰ ਕਰਨ ਲਈ ਵਰਤੇ ਜਾ ਸਕਦੇ ਹਨ ।

ਪਿਆਰੇ ਸੰਪਾਦਕ ਜੀਓ,

ਉਸ ਦਿਨ ਪਾਲਦੀ ਤੁਸਾਂ ਨੂੰ ਥੋੜੇ ਜਿਹੇ ਸਮੇਂ ਲਈ ਮਿਲ ਸਕਿਆ ਪਰਚਾ ਹਫਤਾਵਾਰ ਕਰਨ ਦੀ ਵਧਾਈ ।

ਦੋ ਨਵੀਆਂ ਨਜ਼ਮਾਂ ਭੇਜ ਰਿਹਾਂ ਪਸੰਦ ਆਈਆਂ ਕੈਨੇਡਾ ਦਰਪਣ 'ਚ ਛਾਪ ਲੈਣੀਆਂ ।

ਮੈਂ ਆਪਣੇ South East Asia ਦੇ ਭਰਮਣ ਬਾਰੇ ਵੀ ਇਕ ਡਾਇਰੀ ਲਿਖ ਰਿਹਾਂ ।

ਡੰਕਨ ਸਕੂਲ 'ਚ ਪੰਜਾਬੀ ਪੜ੍ਹਾਈ ਲਈ ਮੁਹਿੰਮ ਜਾਰੀ ਹੈ । ਪੰਜਾਬੀ 11+12 Elective ਛੇਤੀ ਹੀ ਸ਼ੁਰੂ ਕਰ ਸਕਾਂਗੇ । Dept. of Modern Languages Cowichan Secondary School ਬਹੁਤ ਹਕ ਵਿਚ ਹੈ ਪੰਜਾਬੀ ਦੇ ਇਕ ਮਿੱਤਰ Bergen Nixon ਤਾਂ ਪਿਛਲੇ ਸਾਲ ਦੇ ਪੰਜਾਬੀ ਪੜ੍ਹ ਰਹੇ ਹਨ ; ਲੋੜ ਪਈ ਪੜਾਉਣ ਲਈ ।

ਵੈਨਕੂਵਰ 'ਚ ਛਪ ਰਹੇ ਪੰਜਾਬੀ ਪਰਚਿਆਂ ਦੇ ਸਰਵਰਕ ਦੀਆਂ ਫੋਟੋ ਕਾਪੀਆਂ ਵੀ ਅਸੀਂ Submission ਦੇ ਨਾਲ ਨੱਥੀ ਕੀਤੀਆਂ ਸੀ । ਤੁਹਾਡਾ "ਕੈਨੇਡਾ ਦਰਪਣ" ਵੀ ਵਿਚ ਜਲਵਾਂ ਅਫਰੋਜ਼ ਸੀ ।

ਮੇਰੀਆਂ ਨਜ਼ਮਾਂ ਦੀ ਪਹਿਲੀ ਪੁਸਤਕ ਰਘਬੀਰ ਸਾਹਿਤ ਪਰਕਾਸ਼ਨ ਵਲੋਂ ਛਪ ਰਹੀ ਹੈ । ਸੁਰਜੀਤ ਰਾਮਪੁਰੀ ਦੀ ਨਿਗਰਾਨੀ ਹੇਠ । ਮਿਲਦੇ ਸਾਰ ਕਾਪੀ ਭੇਜਾਂਗਾ ।

ਸ਼ੁਭ ਇੱਛਾਵਾਂ ਨਾਲ,
ਆਪਦਾ ਹਿਤੂ,
ਜੀਵਨ, ਰਾਮਪੁਰੀ ।

ਭਾਰਤ ਵਿਚ ਵੋਟ ਲਈ 18 ਸਾਲ ਦੀ ਉਮਰ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਭਾਰਤ ਸਰਕਾਰ ਨੇ ਵਿਰੋਧੀ ਪਾਰਟੀਆਂ ਦੀ ਦਹਾਕਿਆਂ ਤੋਂ ਕੀਤੀ ਜਾ ਰਹੀ ਇਹ ਮੰਗ ਅਚਾਨਕ ਪਰਵਾਨ ਕਰ ਲਈ ਹੈ ਕਿ ਭਾਰਤ ਵਿਚ ਵੋਟ ਪਾਉਣ ਲਈ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ ਹੈ ।

ਉਮਰ ਦੇ 18 ਸਾਲ ਕਰਨ ਤੋਂ ਪਿਛੋਂ ਅਗਲੀਆਂ ਪਾਰਲੀਮੈਂਟਰੀ ਚੋਣਾਂ ਲਈ ਨਵੀਆਂ ਵੋਟਰ ਸੂਚੀਆਂ ਬਣਾਈਆਂ ਜਾਣੀਆਂ ਹਨ । ਇਸ ਤੋਂ ਵੀ ਅਨੁਮਾਨ ਇਹੋ ਲਾਇਆ ਜਾ ਰਿਹਾ ਹੈ ਕਿ ਭਾਰਤ ਵਿਚ ਪਾਰਲੀਮੈਂਟਰੀ ਚੋਣਾਂ 1989 ਦੇ ਅੰਤ ਉਪਰ ਹੀ ਕਰਵਾਈਆਂ ਜਾਣਗੀਆਂ ।

ਬਲਕਾਰ ਸਿੰਘ ਦੀ ਰਿਹਾਈ

ਜੋਅ ਕਲਾਰਕ ਦੇ ਯਤਨਾਂ ਦਾ ਫਲ


ਅਟਵਾ — ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ, ਜਿਸ ਨੇ ਦੇਸ਼ ਦੇ ਪ੍ਰੀਮੀਅਰਾਂ ਨੂੰ ਖਾਲਿਸਤਾਨੀ ਸੰਸਥਾਵਾਂ ਨਾਲ ਸੰਪਰਕ ਕਰਨ ਤੋਂ ਰੋਕਿਆ ਸੀ, ਦੇ ਯਤਨਾਂ ਨਾਲ ਹੀ ਟਰਾਂਟੋ ਨਿਵਾਸੀ ਬਲਕਾਰ ਸਿੰਘ ਦੀ ਰਿਹਾਈ ਸੰਭਵ ਹੋ ਸਕੀ 'ਕੈਨੇਡਾ ਦਰਪਣ' ਨੂੰ ਬਦੇਸ਼ ਮੰਤਰਾਲੇ ਵਲੋਂ ਭੇਜੀ ਗਈ ਇਕ ਪ੍ਰੈਸ ਰੀਲੀਜ਼ ਵਿਚ ਮਿ: ਜੋਅ ਕਲਾਰਕ ਨੇ ਭਾਰਤ ਸਰਕਾਰ ਵਲੋਂ ਬਲਕਾਰ ਸਿੰਘ ਦੀ ਰਿਹਾਈ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ ।

ਕੈਨੇਡਾ ਸਰਕਾਰ ਵਲੋਂ ਲਗਾਤਾਰ ਭਾਰਤੀ ਅਧਿਕਾਰੀਆਂ ਉਤੇ ਦਬਾਅ ਪਾਏ ਜਾਣ ਕਾਰਨ 25 ਅਕਤੂਬਰ ਨੂੰ ਕੈਨੇਡੀਅਨ ਅਧਿਕਾਰੀਆਂ ਨੂੰ ਸੌਂਪ ਦਿਤਾ ਗਿਆ । ਬਲਕਾਰ ਸਿੰਘ ਕੈਨੇਡੀਅਨ ਸ਼ਹਿਰੀ ਹੈ ਅਤੇ ਉਸ ਉਤੇ ਦੋਸ਼ ਸੀ ਕਿ ਉਸ ਦੇ ਦਹਿਸ਼ਤਗਰਦਾਂ ਨਾਲ ਸੰਪਰਕ ਸਨ ।

ਮਿ: ਕਲਾਰਕ ਨੇ ਪਾਰਲੀਮੈਂਟ ਦੇ ਉਨ੍ਹਾਂ ਮੈਂਬਰਾਂ ਬੌਬ ਪੈਨਕ, ਪਾਲ ਮੈਕਰਾਸਨ ਅਤੇ ਰੋਬਰਟ ਹੌਰਨਰ ਦਾ ਵੀ ਧੰਨਵਾਦ ਕੀਤਾ ਹੈ ਜਿਨ੍ਹਾਂ ਇਸ ਕੇਸ ਨੂੰ ਹੱਲ ਕਰਨ ਵਿਚ ਮੱਦਦ ਕੀਤੀ । 26 ਅਕਤੂਬਰ ਨੂੰ ਬਲਕਾਰ ਸਿੰਘ ਆਪਣੇ ਘਰ ਟਰਾਂਟੋ ਪਹੁੰਚ ਗਿਆ ਹੈ ।

8 ਨਵੰਬਰ 1987 ਤੋਂ ਲਗਾਤਾਰ ਕੈਨੇਡੀਅਨ ਅਧਿਕਾਰੀਆਂ ਨੇ ਭਾਰਤੀ ਅਧਿਕਾਰੀਆਂ ਨਾਲ ਸੰਪਰਕ ਬਣਾਈ ਰੱਖਿਆ । 15 ਮਈ 1988 ਨੂੰ ਮਿ: ਜੋਅ ਕਲਾਰਕ ਨੇ ਭਾਰਤ ਦੇ ਬਦੇਸ਼ ਮੰਤਰੀ ਨਾਲ ਇਸ ਬਾਰੇ ਗੱਲਬਾਤ ਕੀਤੀ । 26 ਅਕਤੂਬਰ ਨੂੰ ਬਲਕਾਰ ਸਿੰਘ ਦੇ ਟਰਾਂਟੋ ਪਹੁੰਚਣ ਉਤੇ ਵੀ ਬਦੇਸ਼ੀ ਵਿਭਾਗ ਦੇ ਅਧਿਕਾਰੀ ਮੌਜੂਦ ਸਨ ।





ਟਾਟਾ ਤੇ ਬਿਰਲਾ ਜਾਇਦਾਦ ਤੇ ਸਲਾਨਾ ਵਟਕ ਪੱਖੋਂ ਪਹਿਲੇ ਅਤੇ ਦੂਜੇ ਦਰਜੇ ਵਿਚ

ਨਵੀਂ ਦਿੱਲੀ — ਭਾਰਤ ਦੇ ਵੀਹ ਟੀਸੀ ਦੇ ਇਜ਼ਾਰੇਦਾਰ ਘਰਾਣਿਆਂ ਦੀ ਜਾਇਦਾਦ ਵਿਚ ਨਿਰੰਤਰ ਵਾਧਾ ਹੀ ਹੁੰਦਾ ਆ ਰਿਹਾ ਹੈ। ਦੇਸ਼ ਦੇ ਸਰਮਾਏਦਾਰ ਜਾਗੀਰਦਾਰ ਹਾਕਮਾਂ ਵਲੋਂ ਅਪਣਾਏ ਵਿਕਾਸ ਦੇ ਪੂੰਜੀਵਾਦੀ ਰਾਹ ਦਾ ਇਹ ਮੰਤਕੀ ਸਿੱਟਾ ਹੈ ਕਿ ਇਕ ਪਾਸੇ ਮੁਠੀਭਰ ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਆਮ ਲੋਕ ਹੋਰ ਹੋਰ ਗਰੀਬ ਹੋ ਰਹੇ ਹਨ। ਇਹਨਾਂ ਵੀਹ ਇਜ਼ਾਰੇਦਾਰ ਘਰਾਣਿਆਂ ਵਿਚੋਂ ਜੇ ਜਾਇਦਾਦ ਦੇ ਹਿਸਾਬ ਦੇਖਿਆ ਜਾਵੇ ਅਤੇ ਉਹਨਾਂ ਦੀ ਸਲਾਨਾ ਵਟਕ ਦੇ ਪੱਖੋਂ ਦੇਖਿਆ ਜਾਵੇ ਤਾਂ ਦੋਵੇਂ ਪੱਖਾਂ ਤੋਂ ਟਾਟਾ ਪਹਿਲੇ ਨੰਬਰ 'ਤੇ ਅਤੇ ਬਿਰਲਾ ਦੂਜੇ ਨੰਬਰ ਉਪਰ ਆਉਂਦਾ ਹੈ। ਜਾਇਦਾਦ ਪੱਖੋਂ ਇਹਨਾਂ ਵੀਹ ਟੀਸੀ ਦੇ ਇਜ਼ਾਰੇਦਾਰ ਘਰਾਣਿਆਂ ਦੀ ਸਥਿਤੀ ਇਸ ਪ੍ਰਕਾਰ ਹੈ :

ਸਾਰਨੀ-1

ਦਰਜਾ ਇਜ਼ਾਰੇਦਾਰ, ਘਰਾਣੇ ਦਾ ਨਾਂਅ	ਜਾਇਦਾਦ (ਕਰੋੜ ਰੁ: 'ਚ)
1. ਟਾਟਾ	4939.88
2. ਬਿਰਲਾ	4771.38
3. ਰਿਲਾਇਸ	2021.53
4. ਜੇ ਕੇ ਸਿਘਾਨੀਆਂ	1426.67
5. ਥਾਪਰ	1151.48
6. ਮੁਫਤਲਾਲ	1050.50
7. ਮੋਦੀ	860.16
8. ਲਾਰਸਨ ਟੋਬਰੋ	830.56
9. ਚਿੰਦਬਰਮ	807.50
10. ਬਜਾਜ	777.79
11. ਏ. ਸੀ. ਸੀ.	760.68
12. ਬੰਗੁਰ	678.49
13. ਹਿਦੁਸਤਾਨ ਲੀਵਰ	631.89
14. ਵਾਲ ਚੰਦ	629.47
15. ਟੀ ਵੀ ਐਸ ਆਇੰਗ	622.77
16. ਸ੍ਰੀ ਰਾਮ	590.89
17. ਆਈ ਟੀ ਸੀ	552.95
18. ਕਿਰਲੋਸਕਰ	474.48
19. ਮਹਿਦਰਾ	465.87
20. ਆਈ ਆਈ	453.52

ਸਲਾਨਾ ਵਟਕ ਪੱਖੋਂ ਇਹਨਾਂ 20 ਟੀਸੀ ਦੇ ਇਜ਼ਾਰੇਦਾਰ ਘਰਾਣਿਆਂ ਦੀ ਦਰਜਾਬੰਦੀ ਇਸ ਪ੍ਰਕਾਰ ਹੈ :

ਸਾਰਨੀ—2

ਦਰਜਾ ਇਜ਼ਾਰੇਦਾਰ ਘਰਾਣੇ ਦਾ ਨਾਂ	ਸਲਾਨਾ ਵਟਕ (ਕਰੋੜ ਰੁ: 'ਚ)
1. ਟਾਟਾ	6628.06
2. ਬੀ ਕੇ ਬਿਰਲਾ	2565.90
3. ਬਜਾਜ	1209.44
4. ਮੋਦੀ	1190.43
5. ਐਮਬਾਨੀ	1058.40
6. ਥਾਪਰ	1029.96
7. ਜੀ ਪੀ ਬਿਰਲਾ	898.80
8. ਛਾਬੜੀਆ	895.85
9. ਮਾਲਈਆ	850.47
10. ਅਰਵਿੰਦ ਮੁਫਤਲਾਲ	848.23
11. ਸ੍ਰੀ ਰਾਮ	839.10
12. ਮਹਿਦਰਾ	827.89
13. ਆਰ ਟੀ ਗੋਇਨਕਾ	773.28
14. ਜੇ ਕੇ ਸਿਘਾਨੀਆ (ਨਾਰਥ)	759.59



25 ਅਕਤੂਬਰ ਨੂੰ ਮਨਿਸਟਰ ਆਫ ਟੂਰਿਜ਼ਮ ਮਿ: ਬਿਲ ਰੀਡ ਨੇ 'ਗੋ ਬੀ. ਸੀ.' ਪ੍ਰੋਗਰਾਮ ਸ਼ੁਰੂ ਕੀਤਾ ਜਿਸ ਵਿਚ 162 ਮਿਲੀਅਨ ਡਾਲਰ ਬਹੁ ਸਭਿਆਚਾਰਕ ਪ੍ਰੋਗਰਾਮਾਂ ਤੇ ਕਮਿਊਨਿਟੀ ਪਰਾਜੈਕਟਾਂ ਲਈ ਦਿੱਤੇ ਜਾਣਗੇ।

ਫੈਡਰਲ ਚੋਣ ਮੁਹਿੰਮ ਜ਼ੋਰਾਂ 'ਤੇ ਲਿਬਰਲ ਅਗੇ ਨਿਕਲ ਚੱਲੇ

ਵੈਨਕੂਵਰ — ਕੈਨੇਡਾ ਵਿਚ 21 ਨਵੰਬਰ ਨੂੰ ਹੋਣ ਵਾਲੀਆਂ ਪਾਰਲੀਮੈਂਟਰੀ ਚੋਣਾਂ ਲਈ ਚੋਣ ਮੁਹਿੰਮ ਜ਼ੋਰਾਂ ਉਪਰ ਚਲ ਰਹੀ ਹੈ। ਤਿੰਨ ਪਾਰਟੀਆਂ ਆਪਣਾ ਪੂਰਾ ਜ਼ੋਰ ਲਾ ਰਹੀਆਂ ਹਨ। 'ਗਲਪ ਪੋਲ' ਨੇ ਜੋ ਸਰਵੇ ਕੀਤਾ ਹੈ ਉਸ ਵਿਚ ਹੁਣ ਲਿਬਰਲ ਪਾਰਟੀ ਅਗੇ ਨਿਕਲ ਚੱਲੀ ਹੈ। ਹਾਕਮ ਟੋਰੀ ਪਾਰਟੀ ਦੀ ਮੁਹਿੰਮ ਬੇਅਸਰ ਨਜ਼ਰ ਆਉਣ ਲੱਗੀ ਹੈ।

ਜਿਵੇਂ ਕਿ ਸਭ ਜਾਣਦੇ ਹਨ ਕਿ ਕੈਨੇਡੀਅਨ ਚੋਣਾਂ ਵਿਚ ਓਸੇ ਪਾਰਟੀ ਦੀ ਹੀ ਸਰਕਾਰ ਬਣਦੀ ਹੈ ਜੋ ਪਾਰਟੀ ਕਿਊਬਕ ਅਤੇ ਓਨਟੇਰੀਓ ਵਿਚੋਂ ਬਹੁਤੀਆਂ ਸੀਟਾਂ ਲੈ ਜਾਣ।

ਰਾਜਨੀਤਕ ਸੂਤਰਾਂ ਦਾ ਵਿਸ਼ਵਾਸ਼ ਹੈ ਕਿ ਅਜੋਕੀ ਚੋਣ ਸਥਿਤੀ ਨੂੰ ਦੇਖਦਿਆਂ ਇਹ ਜਾਪਦਾ ਹੈ ਕਿ ਲਿਬਰਲ ਸਭ ਤੋਂ ਵੱਧ ਸੀਟਾਂ ਲੈ ਜਾਣਗੇ ਪਰ ਇਕੱਲੇ ਬਹੁ ਸੰਮਤੀ ਨਹੀਂ ਲੈ ਜਾ ਸਕਣਗੇ। ਇਹ ਵੀ ਅਨੁਮਾਨ ਹੈ ਕਿ ਲਿਬਰਲ ਇਕੱਲੇ ਘੱਟ ਸੰਮਤੀ ਦੀ ਸਰਕਾਰ ਬਣਾਉਣ। ਲਿਬਰਲ ਅਤੇ ਐਨ ਡੀ ਪੀ ਦੀ ਸਾਂਝੀ ਸਰਕਾਰ ਬਣਨ ਦੇ ਚਰਚੇ ਤਾਂ ਕਾਫੀ ਸਮੇਂ ਤੋਂ ਹਨ ਪਰ ਹੁਣ ਇਹ ਚਰਚੇ ਲਿਬਰਲ ਅਤੇ ਐਨ ਡੀ ਪੀ ਪਾਰਟੀ ਦੇ ਵੱਡੇ ਲੀਡਰਾਂ ਦੀਆਂ ਬਹਿਸਾਂ ਦਾ ਕੇਂਦਰ ਬਣਦੇ ਜਾ ਰਹੇ ਹਨ।

ਇਕਾ ਮੁਸਲਮ ਲੀਗ ਨਾਲ ਤਾਮਿਲਨਾਡੂ 'ਚ ਗੱਠਜੋੜ ਬਣਾਏਗਈ

ਮਦਰਾਸ — ਮੁਸਲਮ ਲੀਗ ਨੂੰ ਇਹ ਪੂਰਨ ਆਸ ਹੈ ਕਿ ਤਾਮਿਲਨਾਡੂ ਅਸੈਂਬਲੀ ਦੀਆਂ ਆਉਂਦੀਆਂ ਚੋਣਾਂ 'ਚ ਉਸਦਾ ਇਕਾ ਨਾਲ ਚੋਣ ਗਠਜੋੜ ਹੋ ਜਾਵੇਗਾ। ਮੁਸਲਮ ਲੀਗ ਦੇ ਸੂਬਾਈ ਪ੍ਰਧਾਨ ਸ੍ਰੀ ਏ ਕੇ ਏ ਅਬਦੁਸ ਸਮਦ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਕੁਝ ਸ਼ੁਭ ਚਿੰਤਕਾਂ ਨੇ ਦੋਹਾਂ ਪਾਰਟੀਆਂ ਦੇ ਗਠਜੋੜ ਲਈ ਏਲਚੀ ਘਲੇ ਹਨ ਅਤੇ ਮੁਸਲਮ ਲੀਗ ਕਾਂਗਰਸ (ਇ) ਨਾਲ ਗਠਜੋੜ ਬਨਾਉਣ ਦੀ ਇੱਛਕ ਹੈ। ਉਨ੍ਹਾਂ ਕਿਹਾ ਕਿ ਜੇ ਆਉਂਦੀਆਂ ਚੋਣਾਂ 'ਚ ਇਹ ਗਠਜੋੜ ਜਿੱਤ ਗਿਆ ਤਾਂ ਮੁਸਲਮ ਲੀਗ ਇਕਾ ਨਾਲ ਮਿਲਕੇ ਮੰਤਰੀ ਮੰਡਲ ਬਣਾਏਗੀ ਅਤੇ ਇਕਾ ਨੂੰ ਵੀ ਇਸ ਸੰਬੰਧੀ ਕੋਈ ਇਤਰਾਜ ਨਹੀਂ ਹੈ।

ਬੀ. ਜੇ. ਪੀ. ਵੱਲੋਂ ਵੀ ਪੈਪਸੀ ਕੋਲਾ ਕੰਪਨੀ ਦੀ ਨਿੰਦਾ

ਅਹਿਮਦਾਬਾਦ — ਬੀ ਜੇ ਪੀ ਲੀਡਰਸ਼ਿਪ ਨੇ ਵੀ ਪੰਜਾਬ ਵਿਚ ਪੈਪਸੀ ਕੋਲਾ ਬਹੁਕੌਮੀ ਕੰਪਨੀ ਨੂੰ ਆਪਣਾ ਕਾਰਖਾਨਾ ਲਾਉਣ ਦੀ ਆਗਿਆ ਦੇਣ ਦੀ ਨਿੰਦਾ ਕੀਤੀ ਹੈ।

ਬੀ. ਜੇ ਪੀ ਦੀ ਨੈਸ਼ਨਲ ਐਗਜ਼ੈਕਟਿਵ ਵਲੋਂ ਪਰਵਾਨ ਕੀਤੇ ਗਏ ਮਤੇ ਵਿਚ ਕਿਹਾ ਗਿਆ ਹੈ ਕਿ ਇਸ ਬਦਨਾਮ ਅਮਰੀਕੀ ਕੰਪਨੀ ਨੂੰ ਕੇਂਦਰੀ ਮੰਤਰੀਮੰਡਲ ਦੀ ਆਰਥਿਕ ਮਾਮਲਿਆਂ ਬਾਰੇ ਕਮੇਟੀ ਵਲੋਂ ਇਹ ਆਰਥਿਕ . ਆਗਿਆ ਕੁਝ ਕਾਂਗਰਸੀ (ਇ) ਅਤੇ ਅਕਾਲੀ ਸਿਆਸਤਦਾਨਾਂ ਅਤੇ ਜਗੀਰਦਾਰਾਂ ਦੇ ਦਬਾਅ ਹੇਠਾਂ ਆ ਕੇ ਦਿੱਤੀ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਇਸ ਕੰਪਨੀ ਦਾ ਕਾਰਖਾਨਾ ਲਗਣ ਨਾਲ ਪੰਜਾਬ ਦੇ ਸਧਾਰਨ ਕਿਸਾਨਾਂ ਨੂੰ ਸੱਟ ਵਜੇਗੀ।

ਬੀ ਜੇ ਪੀ ਨੇ ਇਹ ਸੰਦੇਹ ਪ੍ਰਗਟਾਇਆ ਹੈ ਕਿ ਇਸ ਬਹੁਕੌਮੀ ਕੰਪਨੀ ਨਾਲ ਇਹ ਸਮਝੌਤਾ ਤਾਂ ਪੈਰ ਧਰਾਵਾਂ ਵੀ ਹੈ ਇਸ ਪਿਛੋਂ ਅਜੇਹੀਆਂ ਬਹੁ-ਰਾਸ਼ਟਰੀ ਕੰਪਨੀਆਂ ਨਾਲ ਹੋਰ ਸਮਝੌਤੇ ਵੀ ਕੀਤੇ ਜਾਣਗੇ।

ਰਾਸ਼ਟਰਪਤੀ

ਨਵੀਂ ਦਿੱਲੀ —— ਆਰੀਆ ਸਮਾਜੀ ਲੀਡਰ ਸਵਾਮੀ ਅਗਨੀ ਵੇਸ਼ ਨੇ ਦੱਸਿਆ ਕਿ ਦੇਸ਼ ਵਿਚ ਛੂਤ-ਛਾਤ ਦੇ ਖਾਤਮੇ ਲਈ ਹਰੀਜਨਾਂ ਨੂੰ ਮੰਦਰਾਂ ਵਿਚ ਲੈ ਜਾਣ ਦੀ ਅਗਵਾਈ ਰਾਸ਼ਟਰਪਤੀ ਵੈਂਕਟਾਰਮਨ ਆਪ ਕਰਨਗੇ। ਉਹਨਾਂ ਦੱਸਿਆ ਕਿ ਰਾਸ਼ਟਰਪਤੀ ਨੇ ਉਹਨਾਂ ਦੀ ਅਪੀਲ ਮੰਨ ਲਈ ਹੈ ਤੇ ਨਾਥਦਵਾਰ ਮੰਦਰ ਵਿਚ ਜਾਣ ਵਾਲੇ ਹਰੀਜਨ ਜਥੇ ਦੀ ਅਗਵਾਈ ਉਹ ਕਰਨਗੇ।

15. ਕੇ ਕੇ ਬਿਰਲਾ	700.72
16. ਗੌਦਰੇਜ	700.00
17. ਕਿਰਲੋਸਕਰ	641.33
18. ਨੰਦਾ	599.65
19. ਵਾਲ ਚੰਦ	589.05
20. ਐਨ. ਕੇ. ਐਸ. ਡੀ. ਬੰਗੁਰ	585.13

ਸਰਬੱਤ ਖਾਲਸਾ ਅਵੱਸ਼ ਹੋਵੇਗਾ

ਬਠਿੰਡਾ — ਦੋ ਸਾਬਕ ਸਿੰਘ ਸਾਹਿਬਾਨ ਨੇ ਮੁੜ ਦੁਹਰਾਇਆ ਹੈ ਕਿ ਦੀਵਾਲੀ ਵਾਲੇ ਦਿਨ ਸਰਬਤ ਖਾਲਸਾ ਅਵੱਸ਼ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਅਕਾਲ ਤਖਤ ਦੇ ਸਾਬਕ ਜਥੇਦਾਰ ਭਾਈ ਜਸਬੀਰ ਸਿੰਘ ਵਲੋਂ ਹਰਿਮੰਦਰ ਸਾਹਿਬ ਦੀ ਤਾਜ਼ੀ ਯਾਤਰਾ ਦੌਰਾਨ ਦਿਤੇ ਬਿਆਨ ਅਨੁਸਾਰ ਹੀ ਹੋਵੇਗਾ।

ਭਾਈ ਜਸਵੰਤ ਸਿੰਘ ਅਤੇ ਭਾਈ ਕਸ਼ਮੀਰ ਸਿੰਘ ਨੇ ਪੀ ਟੀ ਆਈ ਨੂੰ ਦੱਸਿਆ ਕਿ ਸਰਬੱਤ ਖਾਲਸਾ ਦੇ ਸਥਾਨ ਬਾਰੇ ਇਕ ਜਾਂ ਦੋ ਦਿਨਾਂ ਵਿਚ ਐਲਾਨ ਕਰ ਦਿੱਤਾ ਜਾਵੇਗਾ। ਉਨ੍ਹਾਂ ਪੰਜਾਬ ਦੇ ਰਾਜਪਾਲ ਦੇ ਉਸ ਬਿਆਨ ਨੂੰ ਬੇਲੋੜਾ ਦੱਸਿਆ ਜਿਸ ਵਿਚ ਕਿਹਾ ਗਿਆ ਸੀ ਕਿ ਸਰਕਾਰ ਸਰਬੱਤ ਖਾਲਸਾ ਨਹੀਂ ਹੋਣ ਦੇਵੇਗੀ। ਉਨ੍ਹਾਂ ਆਖਿਆ ਕਿ ਰਾਜਪਾਲ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦੇਣਾ ਚਾਹੀਦਾ।

ਆਂਧਰਾ ਤੇ ਬਿਹਾਰ ਪੁਲੀਸ ਨੂੰ ਗੁਰੀਲਾ ਟਰੇਨਿੰਗ

ਨਵੀਂ ਦਿੱਲੀ — ਆਂਧਰਾ ਪ੍ਰਦੇਸ਼ ਤੇ ਬਿਹਾਰ ਦੇ ਪੁਲੀਸ ਮੁਲਾਜ਼ਮਾਂ ਨੂੰ ਜੰਗਲ ਦੀ ਗੁਰੀਲਾ ਲੜਾਈ ਵਾਸਤੇ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਉਹ ਬਗਾਵਤ ਦਾ ਸਾਹਮਣਾ ਕਰ ਸਕਣ। ਦੋਵਾਂ ਰਾਜਾਂ ਵਿਚ ਅਤਿਵਾਦੀ ਹਿੰਸਾ 'ਤੇ ਚਿੰਤਾ ਪ੍ਰਗਟ ਕਰਦਿਆਂ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਆਪਣੀ ਲੋੜ ਅਨੁਸਾਰ ਕੇਂਦਰੀ ਅਰਧ-ਸੈਨਾ ਦਸਤਿਆਂ ਦੀਆਂ ਸਿਖਲਾਈ ਸੰਸਥਾਵਾਂ ਵਿਚ ਪੁਲੀਸ ਜਵਾਨਾਂ ਨੂੰ ਭੇਜਣ ਤਾਂ ਜੋ ਉਨ੍ਹਾਂ ਨੂੰ ਪੇਸ਼ਾਵਰ ਸਿਖਲਾਈ ਦਿੱਤੀ ਜਾ ਸਕੇ। ਇਹ ਜਾਣਕਾਰੀ ਸਰਕਾਰੀ ਸੂਤਰਾਂ ਤੋਂ ਮਿਲੀ ਹੈ।

ਨੈਸ਼ਨਲ ਸਕਿਓਰਿਟੀ ਗਾਰਡਜ਼ ਹੈਡਕੁਆਰਟਜ਼ 'ਤੇ ਆਂਧਰਾ ਪੁਲੀਸ ਦੇ ਜਵਾਨਾਂ ਨੂੰ ਕਮਾਂਡੋ ਟਰੇਨਿੰਗ ਦਿੱਤੀ ਜਾ ਰਹੀ ਹੈ। ਸਰਕਾਰੀ ਸੂਤਰਾਂ ਅਨੁਸਾਰ ਦੱਸਿਆ ਗਿਆ ਹੈ ਕਿ ਸਾਲ 1987 ਦੇ ਮੁਕਾਬਲੇ 1988 ਦੇ ਪਹਿਲੇ ਛੇ ਮਹੀਨਿਆਂ ਵਿਚ 23 ਪ੍ਰਤੀਸ਼ਤ ਹਿੰਸਕ ਵਾਰਦਾਤਾਂ ਵਧੀਆਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਆਂਧਰਾ ਪ੍ਰਦੇਸ਼ ਵਿਚ ਪਿਛਲੇ ਸਾਲ ਦੇ ਮੁਕਾਬਲੇ 50 ਪ੍ਰਤੀਸ਼ਤ ਵਾਧਾ ਹੋਇਆ ਹੈ। ਦੱਸਿਆ ਗਿਆ ਹੈ ਕਿ ਆਂਧਰਾ ਪ੍ਰਦੇਸ਼ ਦੇ "ਪੀਪਲਜ਼ ਵਾਰ ਗਰੁੱਪ" ਵਲੋਂ ਗੁੱਸੇ ਵਿਚ ਕੀਤੀਆਂ ਗਈਆਂ ਜਵਾਬੀ ਕਾਰਵਾਈਆਂ ਵਿਚ ਅੱਗਜ਼ਨੀ ਤੇ ਹਿੰਸਾ ਦੀਆਂ ਵਾਰਦਾਤਾਂ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਜਨਵਰੀ ਤੋਂ ਜੂਨ 88 ਤੱਕ 245 ਵਾਰਦਾਤਾਂ ਹੋਈਆਂ ਜਦ ਕਿ 1987 ਵਿਚ ਏਨੇ ਸਮੇਂ ਦੌਰਾਨ 163 ਵਾਰਦਾਤਾਂ ਹੋਈਆਂ। ਉਤਰੀ ਤਿਲੰਗਨਾ ਜ਼ਿਲਿਆ ਵਿਚ ਸਭ ਨਾਲੋਂ ਵੱਧ ਹਿੰਸਕ ਵਾਰਦਾਤਾਂ ਹੋਈਆਂ। ਅਦੀਲਾਬਾਦ ਵਿਚ 99, ਕਰੀਮਨਗਰ ਵਿਚ 43, ਵਾਰੰਗਲ ਵਿਚ 30 ਤੇ ਨਿਜ਼ਾਮਬਾਦ ਵਿਚ 16 ਵਾਰਦਾਤਾਂ ਹੋਈਆਂ।

ਆਂਧਰਾ ਪ੍ਰਦੇਸ਼ ਵਿਚ 125 ਤੋਂ ਵੱਧ ਵਾਰਦਾਤਾਂ ਹੋਈਆਂ ਜਿਨ੍ਹਾਂ ਵਿਚ 62 ਵਾਹਨ ਸਾੜ ਦਿੱਤੇ ਗਏ। ਇਸ ਤੋਂ ਇਲਾਵਾ ਚਾਰ ਮੌਕਿਆਂ 'ਤੇ ਰੇਲਵੇ ਵਿਭਾਗ ਦੀ ਸੰਪਤੀ ਨੂੰ ਵੀ ਨੁਕਸਾਨ ਪਹੁੰਚਾ। ਸੂਤਰਾਂ ਦਾ ਕਹਿਣਾ ਹੈ ਕਿ ਖੱਬੇਪੱਖੀ ਅਤਿਵਾਦੀ ਲਹਿਰ ਦੇ ਅਮਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਮੁਕਾਬਲੇ ਸਫਲਤਾ ਨਾਲ ਜ਼ੋਰ ਫੜ ਲਿਆ ਸੀ। ਹੁਣ ਇਸ ਵੇਲੇ ਇਹ ਆਂਧਾਰਾ ਪਦੇਸ਼ ਬਿਹਾਰ, ਪੱਛਮੀ ਬੰਗਾਲ ਵਿਚ ਪੂਰੀ ਤਰ੍ਹਾਂ ਸਰਗਰਮ ਹੈ ਤੇ ਕੇਰਲਾ, ਪੰਜਾਬ, ਤਾਮਿਲਨਾਡੂ, ਤ੍ਰਿਪੁਰਾ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਅੰਦਰਲੀ ਸਥਿਤੀ ਦਾ ਇਸ ਲਹਿਰ ਨੇ ਖੂਬ ਪ੍ਰਭਾਵ ਕਬੂਲਿਆ ਹੈ।

ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਬਿਹਾਰ ਵਿਚ ਹਿੰਸਕ ਵਾਰਦਾਤਾਂ ਵਿਚ ਥੋੜ੍ਹਾ ਵਾਧਾ ਹੈ। ਮਿਸਾਲ ਦੇ ਤੌਰ 'ਤੇ 1987 ਵਿਚ ਜਨਵਰੀ ਤੋਂ ਜੂਨ ਤੱਕ 87 ਵਾਰਦਾਤਾਂ ਸਨ ਜਦ ਕਿ 1988 ਵਿਚ ਏਨੇ ਹੀ ਸਮੇਂ ਦੌਰਾਨ 94 ਹੋਈਆਂ। ਪੁਲੀਸ ਤੇ ਸਿਵਲ ਅਫ਼ਸਰਾਂ ਦੇ ਉਤੇ ਜ਼ਿਆਦਾਤਰ ਹਮਲੇ ਕੀਤੇ ਗਏ। ਇਨ੍ਹਾਂ ਵਾਰਦਾਤਾਂ ਵਿਚ ਜਿਹੜੀ ਗੱਲ ਸਭ ਤੋਂ ਵੱਧ ਭਾਰੂ ਰਹੀ ਉਹ ਹਥਿਆਰ ਤੇ ਫਿਰੌਤੀ ਹਾਸਲ ਕਰਨ ਲਈ ਵਿਅਕਤੀਆਂ ਨੂੰ ਅਗਵਾ ਕਰਨ ਦੀ ਰਣਨੀਤੀ ਸੀ।

ਇਨ੍ਹਾਂ ਸੂਤਰਾਂ ਅਨੁਸਾਰ ਕੇਂਦਰ ਸਰਕਾਰ ਨੇ ਇਨ੍ਹਾਂ ਰਾਜਾਂ ਨੂੰ ਵਾਧੂ ਵਸੀਲਿਆਂ ਦਾ ਵਿਕਾਸ ਕਰਨ, ਅਸਲਾ ਤੇ ਹਥਿਆਰ ਸਪਲਾਈ ਕਰਨ, ਪੁਲੀਸ ਰੇਡੀਓ ਸੰਚਾਰ ਸਾਜ਼ੋਸਮਾਨ ਤੇ ਟਰੇਨਿੰਗ ਦੀਆਂ ਸਹੂਲਤਾਂ ਦੇਣ ਲਈ ਹਰ ਮੱਦਦ ਦਿੱਤੀ ਹੈ। ਬਿਹਾਰ ਤੇ ਆਂਧਰਾ ਪ੍ਰਦੇਸ਼ ਵਿਚ ਸੀ ਆਰ ਪੀ ਐਫ ਦੀਆਂ 5-5 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ।

ਭੁਪਾਲ ਗੈਸ ਕਾਂਡ : ਕਾਨੂੰਨੀ ਕੇਸ ਰੱਦ

ਟੈਕਸਾਸ — ਭੁਪਾਲ ਵਿਚ ਸਾਲ 1984 ਵਿਚ ਜ਼ਹਿਰੀਲੀ ਗੈਸ ਰਿਸਣ ਕਾਰਨ ਪ੍ਰਭਾਵਿਤ ਹੋਏ ਲੋਕਾਂ ਲਈ ਇਕ ਖਰਬ ਡਾਲਰ ਦੇ ਮੁਆਵਜ਼ੇ ਦਾ ਜਿਹੜਾ ਕੇਸ ਯੂਨੀਅਨ ਕਾਰਬਾਈਡ ਦੇ ਵਿਰੁਧ ਦਾਇਰ ਕੀਤਾ ਗਿਆ ਸੀ, ਅਮਰੀਕਾ ਦੇ ਫਾਜ਼ਲ ਜੱਜ ਨੇ ਉਹ ਰੱਦ ਕਰ ਦਿੱਤਾ ਹੈ। ਇਸ ਗੈਸ ਕਾਂਡ ਵਿਚ ਦੋ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ। ਸਟੇਟ ਡਿਸਟ੍ਰਿਕਟ ਜੱਜ ਗੈਰੀ ਸੈਂਡਰਸਨ ਨੇ ਆਪਣੇ ਇਕ ਸਫੇ ਦੇ ਫੈਸਲੇ ਵਿਚ ਕਿਹਾ ਹੈ ਕਿ ਉਨ੍ਹਾਂ ਦੀ ਰਾਏ ਮੁਤਾਬਕ ਕਾਨੂੰਨੀ ਕੇਸ ਨੂੰ ਰੱਦ ਕਰਨ ਦੀ ਮਨਜ਼ੂਰੀ ਦੇ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਹ ਕੇਸ ਰੱਦ ਕਰਨ ਦੇ ਸਿਲਸਿਲੇ ਵਿਚ ਉਨ੍ਹਾਂ ਨੇ 28 ਸਤੰਬਰ ਨੂੰ ਯੂਨੀਅਨ ਕਾਰਬਾਈਡ ਦਾ ਪੱਖ ਵੀ ਸੁਣਿਆ ਹੈ।

ਦਿਲ-ਟਰਾਂਸਪਲਾਂਟ ਕਰਾਉਣ ਵਾਲਾ ਪੰਜਾਬੀ ਜਸਬੀਰ ਢੇਸੀ

ਕੁਕਿਟਲਮ — 46 ਸਾਲਾ ਜਸਬੀਰ ਢੇਸੀ ਲਈ ਇਹ ਫੈਸਲਾ ਕਰਨਾ ਸੌਖਾ ਨਹੀਂ ਸੀ ਕਿ ਉਹ ਆਪਣਾ ਦਿਲ-ਟਰਾਂਸਪਲਾਂਟ ਕਰਾਵੇ। ਉਸਦੀ ਪਤਨੀ ਸਰਬਜੀਤ ਢੇਸੀ ਨੇ ਉਸ ਦਾ ਫੈਸਲਾ ਮੰਨ ਲਿਆ ਹੈ ਪਰ ਜਸਬੀਰ ਢੇਸੀ ਦੀ ਲੜਕੀ ਜੋ 16 ਸਾਲ ਦੀ ਹੈ ਉਹ ਅਜੇ ਵੀ ਇਸ ਦੇ ਵਿਰੁੱਧ ਹੈ।

ਕਮਲ ਦਾ ਕਹਿਣਾ ਹੈ, "ਮੈਂ ਨਹੀਂ ਚਾਹੁੰਦੀ ਡੈਡੀ ਦਿਲ-ਟਰਾਂਸਪਲਾਂਟ ਕਰਵਾ ਲਏ ਕਿਉਂਕਿ ਪਤਾ ਨਹੀਂ ਕੀ ਹੋਵੇਗਾ। ਇਸ ਵਿਚ ਹਮੇਸ਼ਾ ਖਤਰਾ ਹੀ ਹੈ।"

ਪਰ ਜਸਬੀਰ ਢੇਸੀ ਲਈ ਹੋਰ ਕੋਈ ਚਾਰਾ ਵੀ ਨਹੀਂ ਹੈ। ਉਹ ਕੇਵਲ ਜਾਂ ਤਾਂ ਸਵੇਰੇ ਸੈਰ ਕਰ ਸਕਦਾ ਹੈ ਜਾਂ ਆਪਣੇ ਲਈ ਖਾਣਾ ਤਿਆਰ ਕਰ ਲੈਂਦਾ ਹੈ।

ਬੀ. ਸੀ. ਦਿਲ-ਟਰਾਂਸਪਲਾਂਟ ਸੁਸਾਇਟੀ ਦੀ ਕੋਆਰਡੀਨੇਟਰ ਪੈਗੀ ਐਟਕਿਨਜ਼ ਦਾ ਕਹਿਣਾ ਹੈ ਕਿ ਜਸਬੀਰ ਢੇਸੀ ਉਨ੍ਹਾਂ ਪੰਜ ਵਿਅਕਤੀਆਂ ਵਿਚੋਂ ਹੈ ਜਿਨ੍ਹਾਂ ਨੂੰ ਪਹਿਲਾਂ ਦਿਲ ਮਿਲਣ ਉਤੇ ਟਰਾਂਸਪਲਾਟ ਕੀਤਾ ਜਾਵੇਗਾ।

ਜਸਬੀਰ ਢੇਸੀ ਨੂੰ ਪਹਿਲਾ ਦਿਲ ਦਾ ਦੌਰਾ ਜੁਲਾਈ 1987 ਵਿਚ ਪਿਆ ਸੀ ਜਿਸ ਨਾਲ ਉਸ ਦੇ ਦਿਲ ਦਾ ਖੱਬੇ ਵੈਂਟਰੀਕਲ ਦਾ ਨੁਕਸਾਨ ਹੋ ਗਿਆ। ਅਪਰੈਲ ਵਿਚ ਬਾਈ-ਪਾਸ ਸਰਜਰੀ ਕਰਨ ਨਾਲ ਉਸਦੀ ਹਾਲਤ ਕੁਝ ਸੁਧਰੀ ਪਰ ਅਜੇ ਵੀ ਉਸ ਨੂੰ ਸਾਹ ਲੈਣ ਵਿਚ ਸਮੱਸਿਆ ਪੈਦਾ ਹੁੰਦੀ ਹੈ — ਦਿਲ ਦੀ ਧੜਕਣ ਵੀ ਬੇਤਰਤੀਬੀ ਹੈ ਅਤੇ ਥਕਾਵਟ ਬਹੁਤ ਮਹਿਸੂਸ ਹੁੰਦੀ ਹੈ।

ਜਸਬੀਰ ਢੇਸੀ 1972 ਵਿਚ ਕੈਨੇਡਾ ਆਇਆ ਸੀ। ਉਸ ਨੇ ਦੋ ਵੱਖ ਵੱਖ ਥਾਵਾਂ ਉਤੇ ਛੇ ਤੋਂ ਸੱਤ ਸਾਲ ਤੱਕ ਕੰਮ ਕੀਤਾ ਪਰ ਹੁਣ ਇਸ ਹਾਲਤ ਵਿਚ ਉਸ ਲਈ ਘਰ ਬੈਠੇ ਰਹਿਣਾ ਵੀ ਮੁਸ਼ਕਲ ਹੈ।

ਜਸਬੀਰ ਢੇਸੀ ਦਾ ਕਹਿਣਾ ਹੈ 'ਮੈਂ ਆਪਣੀ ਜ਼ਿੰਦਗੀ ਵਿਚ ਹਮੇਸ਼ਾਂ ਐਕਟਿਵ ਰਿਹਾ ਹਾਂ। ਮੇਰੇ ਲਈ ਘਰ ਬੈਠਣਾ ਔਖਾ ਹੈ। ਇਸ ਨਾਲ ਉਲਝਣ ਪੈਦਾ ਹੁੰਦੀ ਹੈ। ਕਈ ਵਾਰ ਆਪਣੇ ਆਪ ਉਤੇ ਗੁੱਸਾ ਵੀ ਆਉਂਦਾ ਹੈ ਕਿ ਮੈਂ ਕਿਸੇ ਲਈ ਕੁਝ ਵੀ ਕਰਨ ਦੇ ਸਮਰਥ ਨਹੀਂ ਹਾਂ।'



ਸੰਜੇ ਗਾਂਧੀ ਦੇ ਚਾਂਦੀ ਦੇ ਭਾਂਡੇ ਟੈਕਸ ਤੋਂ ਮੁਕਤ

ਨਵੀਂ ਦਿੱਲੀ — ਖਬਰ ਹੈ ਕਿ ਮਰਹੂਮ ਸੰਜੇ ਗਾਂਧੀ ਨੂੰ ਉਸ ਦੇ ਨਾਨਾ ਮਰਹੂਮ ਸ੍ਰੀ ਜਵਾਹਰ ਲਾਲ ਨਹਿਰੂ ਨੇ ਚਾਂਦੀ ਦੀਆਂ 49 ਥਾਲੀਆਂ, 49 ਗਲਾਸ ਅਤੇ ਤਿੰਨ ਸੌ ਕੌਲੀਆਂ ਦਿੱਤੀਆਂ ਸਨ। ਭਾਰਤ ਦੇ ਟੈਕਸ ਵਿਭਾਗ ਨੇ ਉਨ੍ਹਾਂ ਉਪਰ ਟੈਕਸ ਲਾ ਦਿੱਤਾ ਸੀ ਜਿਸ ਦੇ ਵਿਰੁਧ ਮੇਨਕਾ ਗਾਂਧੀ ਨੇ ਕੋਰਟ ਵਿਚ ਅਰਜ਼ੀ ਦੇ ਰੱਖੀ ਸੀ। ਕੋਰਟ ਨੇ ਅਰਜ਼ੀ ਵਿਚ ਲਿਖੀ ਇਹ ਵਜ਼ਾਹਤ ਮੰਨ ਲਈ ਕਿ ਇਹ ਉਨ੍ਹਾਂ ਦਾ ਪਰਵਾਰਕ ਮਸਲਾ ਹੈ। ਹੁਣ ਇਨਾਂ ਚਾਂਦੀ ਦੇ ਭਾਂਡਿਆਂ ਉਪਰ ਟੈਕਸ ਤੋਂ ਛੋਟ ਮਿਲ ਗਈ ਹੈ।

ਭਾਰਤ ਦੇ ਲੋਕ ਗੱਲਾਂ ਕਰ ਰਹੇ ਹਨ ਕਿ ਇਹ ਭਾਂਡੇ ਸ੍ਰੀ ਨਹਿਰੂ ਨੇ ਆਪ ਖਰੀਦੇ ਸਨ ਜਾਂ ਕਿਸੇ ਨੇ ਤੋਹਫੇ ਵਜੋਂ ਦਿਤੇ ਸਨ ਜਾਂ ਉਸ ਨੂੰ ਵਰਾਸਤ ਵਿਚ ਮਿਲੇ ਸਨ।

ਵੈਨਕੂਵਰ ਦੇ ਬਜ਼ੁਰਗਾਂ ਲਈ ਸਰਕਾਰੀ ਸਹਾਇਤਾ

ਵੈਨਕੂਵਰ — ਕਮਿਉਨਿਟੀ ਪ੍ਰਾਜੈਕਟਾਂ ਅਧੀਨ ਵੈਨਕੂਵਰ ਦੇ ਤਿੰਨ ਬਜ਼ੁਰਗ ਗਰੁੱਪਾਂ ਨੂੰ ਫੈਡਰਲ ਸਰਕਾਰ ਨੇ 39,622 ਡਾਲਰ ਦੀ ਸਹਾਇਤਾ ਦਿੱਤੀ ਹੈ।

ਸਟਰੈਥ ਕੋਨਾ ਸੀਨੀਅਰਜ਼ ਐਡਵਾਇਜ਼ਰੀ ਕਮੇਟੀ ਨੂੰ 24 ਹਜ਼ਾਰ ਡਾਲਰ ਬਜ਼ੁਰਗਾਂ ਲਈ ਦਿਤੇ ਗਏ। ਇਸ ਨਾਲ 1000 ਚੀਨੀ ਬਜ਼ੁਰਗਾਂ ਨੂੰ ਲਾਭ ਪੁਜੇਗਾ। ਕੈਰਿਸਡੇਲ ਲਈ 8000 ਡਾਲਰ ਦੀ ਸਹਾਇਤਾ ਦਿੱਤੀ ਗਈ। ਇਸੇ ਤਰ੍ਹਾਂ ਰੌਇਲ ਕੈਨੇਡੀਅਨ ਲਿਜ਼ਨ ਬਰਾਂਚ ਦੇ ਬਜ਼ੁਰਗਾਂ ਨੂੰ 6500 ਡਾਲਰ ਦੀ ਸਹਾਇਤਾ ਦਿੱਤੀ ਗਈ ਹੈ।

ਹੁਣ ਤੱਕ 15 ਅਜਿਹੇ ਗਰੁਪਾਂ ਦੀ ਸਹਾਇਤਾ ਕੀਤੀ ਗਈ ਹੈ ਜਿਸ ਉਤੇ ਅਕਤੂਬਰ ਵਿਚ ਦੋ ਲੱਖ 23 ਹਜ਼ਾਰ ਡਾਲਰ ਸਹਾਇਤਾ ਵਜੋਂ ਦਿਤੇ ਗਏ।

ਭਾਰਤੀ-ਮੂਲ ਦੇ ਸੀਨੀਅਰ ਗਰੁੱਪਾਂ ਨੂੰ ਵੀ ਚਾਹੀਦਾ ਹੈ ਕਿ ਉਹ ਵੈਨਕੂਵਰ ਦਫ਼ਤਰ ਨਾਲ ਸੰਪਰਕ ਕਰਨ। ਇਹ ਦਫ਼ਤਰ 104-1525 ਵੈਸਟ 8 ਐਵੇਨੀਊ ਤੇ ਸਥਿਤ ਹੈ। ਇਸ ਸਹਾਇਤਾ ਬਾਰੇ ਬਲੇਅਰ ਪਾਰਕਹਰਸਟ ਨਾਲ 666-2083 ਫੋਨ ਉਤੇ ਗੱਲਬਾਤ ਕੀਤੀ ਜਾ ਸਕਦੀ ਹੈ।

ਰੋਟਰੀ ਕਲੱਬ ਵਲੋਂ ਓਏਸਿਸਜ਼ ਨੂੰ 1000 ਡਾਲਰ ਦੀ ਸਹਾਇਤਾ

ਵੈਨਕੂਵਰ — ਇਮੀਗਰੈਂਟ ਸਰਵਿਸਜ਼ ਸੈਂਟਰ ਲਈ ਬਰਨਬੀ ਦੀ ਰੋਟਰੀ ਕਲੱਬ ਨੇ ਓਏਸਿਸਜ਼ ਲਈ 1000 ਡਾਲਰ ਦੀ ਸਹਾਇਤਾ ਦਿੱਤੀ ਹੈ।

ਓਏਸਿਸਜ਼ ਦੇ ਪ੍ਰਧਾਨ ਨੇ ਇਸ ਸਹਾਇਤਾ ਲਈ ਧੰਨਵਾਦ ਕਰਦਿਆਂ ਕਿਹਾ ਕਿ ਓਏਸਿਸਜ਼ ਰੋਟਰੀ ਕਲੱਬ ਦੀ ਰਿਣੀ ਹੈ।

ਅਫਗਾਨ ਭਗੌੜੇ ਸਫਲ ਨਾ ਹੋ ਸਕਣਗੇ

ਕਾਬਲ — ਪਤਾ ਲੱਗਾ ਹੈ ਕਿ ਅਫਗਾਨਸਤਾਨ ਦੀ ਲੋਕ ਜਮਹੂਰੀ ਸਰਕਾਰ ਦਾ ਤਖਤਾ ਪਲਟਣ ਲਈ ਅਮਰੀਕਾ ਅਤੇ ਪਾਕਿਸਤਾਨ ਵਲੋਂ ਅੱਠ ਸਾਲਾਂ ਤੋਂ ਕੀਤੇ ਯਤਨ ਸਫਲ ਨਹੀਂ ਹੋ ਸਕੇ। ਖਬਰ ਹੈ ਕਿ 14 ਅਪਰੈਲ 1988 ਨੂੰ ਜਨੇਵਾ ਵਿਚ ਹੋਏ ਅਫਗਾਨਸਤਾਨ ਸੰਬੰਧੀ ਸਮਝੌਤੇ ਨੂੰ ਸੋਵੀਅਤ ਯੂਨੀਅਨ ਅਤੇ ਅਫਗਾਨਸਤਾਨ ਦੀ ਸਰਕਾਰ ਨੇ ਤਾਂ ਅਮਲ ਵਿਚ ਲਿਆਂਦਾ ਪਰ ਅਮਰੀਕਾ ਤੇ ਪਾਕਿਸਤਾਨ ਇਸ ਉਪਰ ਅਮਲ ਨਹੀਂ ਕਰ ਰਹੇ ਹਨ ਸਗੋਂ ਇਸ ਦੀ ਉਲੰਘਣਾ ਕਰ ਰਹੇ ਹਨ।

ਪਤਾ ਲੱਗਾ ਹੈ ਕਿ ਅਫਗਾਨ ਭਗੌੜੇ ਯਤਨਾਂ ਵਿਚ ਸਨ ਕਿ ਉਹ ਕਿਸੇ ਵੱਡੇ ਸ਼ਹਿਰ ਉਤੇ ਕਬਜ਼ਾ ਕਰ ਲੈਣ ਤਾਂ ਜੋ ਉਥੋਂ ਇਕ ਅਮਰੀਕਾ ਪਿਠੂ ਸਰਕਾਰ ਦਾ ਐਲਾਨ ਕਰ ਸਕਣ। ਪਤਾ ਲੱਗਾ ਹੈ ਕਿ ਅਮਰੀਕਾ ਵਲੋਂ ਭਗੌੜਿਆਂ ਨੂੰ ਸਹਾਇਤਾ ਜਾਰੀ ਰੱਖਣ ਦੇ ਕਾਰਨ ਸੋਵੀਅਤ ਯੂਨੀਅਨ ਨੇ ਵੀ ਅਫਗਾਨ ਸਰਕਾਰ ਨੂੰ ਨਵੀਂ ਕਿਸਮ ਦੇ ਮਿਗ 30 ਜਹਾਜ਼ ਦੇ ਦਿੱਤੇ ਹਨ ਜਿਨ੍ਹਾਂ ਨੇ ਬੰਬਬਾਰੀ ਕਰਕੇ ਕੰਧਾਰ ਲਾਗੇ ਅਨੇਕਾਂ ਭਗੌੜਿਆਂ ਦਾ ਸਫਾਇਆ ਕਰ ਦਿੱਤਾ ਹੈ।

ਇਹ ਵੀ ਖਬਰ ਹੈ ਕਿ ਅਫਗਾਨਸਤਾਨ ਦੇ ਪੱਛਮੀ ਇਲਾਕੇ ਵਿਚ ਇਕ ਸੁਰੰਗ ਦੇ ਫਟਣ ਨਾਲ ਇਕ ਜੀਪ ਵਿਚ ਜਾ ਰਹੇ ਤਿੰਨ ਅਮਰੀਕਨ ਫੌਜੀ ਅਫਸਰ ਮਾਰੇ ਗਏ ਹਨ ਜੋ ਅਫਗਾਨ ਭਗੌੜਿਆਂ ਦੀ ਸਹਾਇਤਾ ਕਰ ਰਹੇ ਹਨ। ਇਹ ਜਨੇਵਾ ਸਮਝੌਤੇ ਦੀ ਸਿਧੀ ਉਲੰਘਣਾ ਹੈ। ਯਾਦ ਰਹੇ ਪਿਛੇ ਜਿਹੇ ਦੋ ਅਮਰੀਕਨ ਅਤੇ ਦੋ ਪਾਕਿਸਤਾਨੀ ਪੂਰਬੀ ਹਿੱਸੇ ਵਿਚ ਅਫਗਾਨ ਫੌਜਾਂ ਦੀ ਇਕ ਕਾਰਵਾਈ ਵਿਚ ਮਾਰੇ ਗਏ ਹਨ।

ਪਾਕਿਸਤਾਨ ਦੇ ਰਾਜਨੀਤਕ ਦਰਸ਼ਕਾਂ ਦਾ ਕਹਿਣਾ ਹੈ ਕਿ ਹੁਣ ਸ਼ਾਇਦ ਭਗੌੜੇ ਅਫਗਾਨ ਕਦੇ ਵੀ ਸਫਲ ਨਹੀਂ ਹੋ ਸਕਣਗੇ ਕਿਉਂਕਿ ਪਾਕਿਸਤਾਨ ਦੀਆਂ ਚੋਣਾਂ ਵਿਚ ਜੇ ਵਿਰੋਧੀ ਧਿਰ ਦੀ ਸਰਕਾਰ ਬਣ ਗਈ ਤਾਂ ਉਹ ਭਗੌੜਿਆਂ ਨੂੰ ਸਹਾਇਤਾ ਬੰਦ ਕਰ ਦੇਵੇਗੀ। ਪਾਕਿਸਤਾਨ ਦੇ ਲੋਕ ਵੀ ਹੁਣ ਇਨ੍ਹਾਂ ਦੇ ਭਾਰ ਨੂੰ ਹੋਰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਨ। ਇਹ ਭਗੌੜੇ ਪਾਕਿਸਤਾਨ ਵਿਚ ਵੀ ਲੁੱਟ ਮਾਰ ਅਤੇ ਕਤਲਾਂ ਵਿਚ ਰੁਝ ਗਏ ਹਨ। ਪਿਛਲੇ ਦਿਨਾਂ ਵਿਚ 170 ਅਫਗਾਨ ਭਗੌੜੇ ਮਾਰੇ ਜਾਣ ਦੀ ਵੀ ਖਬਰ ਹੈ।

ਪੰਜਾਬੀ ਪੁਸਤਕ ਗੋਸ਼ਟੀ

ਰਿਚਮੰਡ — ਸ੍ਰੀ ਪਾਲ ਬਿਨਿੰਗ ਦੀ ਸੂਚਨਾ ਅਨੁਸਾਰ ਪੰਜਾਬੀ ਆਰਟਿਸਟਸ ਐਸੋਸੀਏਸ਼ਨ ਰਿਚਮੰਡ ਵਲੋਂ ਐਤਵਾਰ 6 ਨਵੰਬਰ, 1988 ਨੂੰ 2 ਵਜੇ ਬਾਅਦ ਦੁਪਹਿਰ ਪੰਜਾਬੀ ਪੁਸਤਕ ਗੋਸ਼ਟੀ ਆਯੋਜਤ ਕੀਤੀ ਜਾ ਰਹੀ ਹੈ ਜਿਸ ਦਾ ਮੁੱਖ ਥੀਮ ਪੰਜਾਬੀ ਪੁਸਤਕਾਂ ਹੋਣਗੀਆਂ।

ਇਹ ਸਮਾਗਮ ਈਸਟ ਰਿਚਮੰਡ ਕਮਿਉਨਿਟੀ ਸੈਂਟਰ 12360-ਕੈਂਬੀ ਸਟਰੀਟ, ਰਿਚਮੰਡ ਵਿਚ ਹੋਵੇਗਾ। ਗੋਸ਼ਟੀ ਤੋਂ ਬਿਨਾਂ ਪੰਜਾਬੀ ਗੀਤ, ਸੰਗੀਤ ਵੀ ਹੋਵੇਗਾ।

ਸਾਰੇ ਪੰਜਾਬੀ ਨਾਲ ਪਿਆਰ ਰੱਖਣ ਵਾਲੇ ਸਰੋਤਿਆਂ ਨੂੰ ਖੁਲ੍ਹਾ ਸੱਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਫਿਰ ਟੌਹੜਾ ਅੱਗੇ

ਜਗਤਾਰ ਸਿੰਘ ਸਿੱਧੂ

ਚੰਡੀਗੜ੍ਹ — ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਵਲੋਂ ਨਵੰਬਰ ਵਿਚ ਆ ਰਹੀਆਂ ਕਮੇਟੀ ਚੋਣਾਂ ਸਮੇਂ ਫਿਰ ਪ੍ਰਧਾਨਗੀ ਦੇ ਅਹੁਦੇ ਲਈ ਨਿਤਰਨ ਦੀ ਤਕੜੀ ਸੰਭਾਵਨਾ ਹੈ। ਵੱਖ ਵੱਖ ਅਕਾਲੀ ਧੜਿਆਂ ਵਿਚ ਹਵਾ ਦਾ ਰੁਖ ਜਥੇਦਾਰ ਟੌਹੜਾ ਵੱਲ ਜਾਪਦਾ ਹੈ।

ਵਰਨਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਰਤਮਾਨ ਅਹੁਦੇਦਾਰਾਂ ਦੀ ਮਿਆਦ 30 ਨਵੰਬਰ ਨੂੰ ਪੁੱਗ ਰਹੀ ਹੈ। ਉਸ ਤੋਂ ਪਹਿਲਾਂ ਪਹਿਲਾਂ ਚੋਣ ਕਰਾਉਣੀ ਲਾਜ਼ਮੀ ਹੈ। ਸ਼੍ਰੋਮਣੀ ਕਮੇਟੀ ਦੇ ਨੇੜਲੇ ਹਲਕਿਆਂ ਅਨੁਸਾਰ ਐਤਕੀਂ ਰਾਜ ਵਿਚ ਹੜ੍ਹ ਆਉਣ ਕਾਰਨ ਚੋਣ ਨਵੰਬਰ ਦੇ ਆਖਰੀ ਹਫਤੇ ਹੀ ਕਰਾਈ ਜਾਵੇਗੀ। ਪਿਛਲੇ ਸਾਲ ਤਾਂ ਅਕਤੂਬਰ ਵਿਚ ਹੀ ਗੁਰਦੁਆਰਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਚੋਣ ਹੋ ਗਈ ਸੀ। ਉਸ ਸਮੇਂ ਝਗੜੇ ਕਾਰਨ ਅਕਾਲੀ ਦਲ (ਲੌਂ:) ਨੇ ਚੋਣ ਵਿਚ ਭਾਗ ਨਾ ਲੈ ਕੇ ਵੱਖਰੀ ਕਮੇਟੀ ਦਾ ਐਲਾਨ ਕਰ ਦਿੱਤਾ ਸੀ।

ਅਕਾਲੀ ਦਲ (ਤਲਵੰਡੀ) ਦੇ ਕਈ ਸੀਨੀਅਰ ਨੇਤਾਵਾਂ ਦਾ ਕਹਿਣਾ ਹੈ ਕਿ ਇਸ ਸਮੇਂ ਜਥੇਦਾਰ ਟੌਹੜਾ ਤੋਂ ਇਲਾਵਾ ਹੋਰ ਕਿਸੇ ਉਮੀਦਵਾਰ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਉਹ ਪਿਛਲੇ ਕਾਫੀ ਸਮੇਂ ਤੋਂ ਜੇਲ੍ਹ ਵਿਚ ਨਜ਼ਰਬੰਦ ਹਨ ਅਤੇ ਇਸ ਸਮੇਂ ਜੋਧਪੁਰ ਦੀ ਜੇਲ੍ਹ ਵਿਚ ਹਨ। ਪਾਰਟੀ ਅੰਦਰ ਜਥੇਦਾਰ ਟੌਹੜਾ ਦੇ ਨਾਂ ਉਤੇ ਸਹਿਮਤੀ ਹੈ। ਪਾਰਟੀ ਦੇ ਵਿਧਾਇਕ ਗਰੁਪ ਦੇ ਸਾਬਕਾ ਨੇਤਾ ਅਮਰਿੰਦਰ ਸਿੰਘ ਨਾਲ ਕਈ ਅਕਾਲੀ ਆਗੂਆਂ ਨੇ ਇਸ ਮੁੱਦੇ ਉਤੇ ਵਿਚਾਰ-ਵਟਾਂਦਰਾ ਕੀਤਾ ਹੈ ਅਤੇ ਉਹ ਇਸ ਨਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਨ।

ਪਤਾ ਲੱਗਾ ਹੈ ਕਿ ਜੇਲ੍ਹ ਵਿਚ ਨਜ਼ਰਬੰਦ ਸੀਨੀਅਰ ਅਕਾਲੀ ਨੇਤਾ ਅਤੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਨੂੰ ਸੁਨੇਹਾ ਭੇਜਿਆ ਹੈ ਕਿ ਸ਼੍ਰੋਮਣੀ ਕਮੇਟੀ ਦੀ ਆ ਰਹੀ ਚੋਣ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਲਈ ਉਮੀਦਵਾਰ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਪਾਰਟੀ ਨੇਤਾਵਾਂ ਨੂੰ ਪਾਰਟੀ ਅੰਦਰ ਏਕਤਾ ਅਤੇ ਜ਼ਾਬਤਾ ਕਾਇਮ ਰੱਖਣ ਉਤੇ ਜ਼ੋਰ ਦਿੱਤਾ ਹੈ। ਅਕਾਲੀ ਨੇਤਾ ਸਾਬਕਾ ਮੰਤਰੀ ਬਲਵਿੰਦਰ ਸਿੰਘ ਭੂੰਦੜ, ਸੁਜਾਨ ਸਿੰਘ, ਜਸਮੇਰ ਸਿੰਘ, ਮਹਿੰਦਰ ਸਿੰਘ ਬਰਾੜ, ਰਾਜਾ ਨਰਿੰਦਰ ਸਿੰਘ ਅਤੇ ਕਈ ਹੋਰਨਾਂ ਤੋਂ ਜਦੋਂ ਟੌਹੜਾ ਦੇ ਸੰਭਾਵੀ ਉਮੀਦਵਾਰ ਹੋਣ ਬਾਰੇ ਪੁਛਿਆ ਗਿਆ ਤਾਂ ਉਨ੍ਹਾਂ ਦੀ ਜੋ ਰਾਇ ਸੀ ਕਿ ਉਸ ਤੋਂ ਇਹ ਹੀ ਸਿੱਟਾ ਨਿਕਲਦਾ ਹੈ ਕਿ ਹਰ ਬੰਦਾ ਜੋ ਪੰਥਕ ਦਰਦੀ ਕਹਾਉਂਦਾ ਹੈ ਉਸ ਨੂੰ ਜਥੇਦਾਰ ਟੌਹੜਾ ਦੇ ਉਮੀਦਵਾਰ ਹੋਣ ਉਤੇ ਇਤਰਾਜ਼ ਨਹੀਂ ਹੋ ਸਕਦਾ। ਪਾਰਲੀਮੈਂਟ ਮੈਂਬਰ ਭਾਈ ਸ਼ਮਿੰਦਰ ਸਿੰਘ ਅਤੇ ਪਾਰਟੀ ਦੇ ਜਨਰਲ ਸਕੱਤਰ ਮਨਜੀਤ ਸਿੰਘ ਕਲਕੱਤਾ ਟੌਹੜਾ ਦੀ ਹਮਾਇਤ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਲਾਮਬੰਦ ਕਰਨ ਵਾਸਤੇ ਪਹਿਲਾਂ ਹੀ ਬਿਸਤਰਾ ਕਸੀ ਬੈਠੇ ਹਨ।

ਪਾਰਟੀ ਅੰਦਰ ਇਹ ਰਾਇ ਹੈ ਕਿ ਪਿਛਲੇ ਐਕਟਿੰਗ ਪ੍ਰਧਾਨ ਹਰਿੰਦਰ ਸਿੰਘ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਹੈ। ਉਸ ਦੇ ਹੁੰਦਿਆਂ ਹੀ ਸ਼੍ਰੋਮਣੀ ਕਮੇਟੀ ਵਿਚ ਸੈਂਕੜੇ ਮੁਲਾਜ਼ਮ ਧੱਕੇ ਨਾਲ ਹੀ ਭਰਤੀ ਹੋ ਗਏ ਅਤੇ ਕਈ ਤਰੱਕੀਆਂ ਲੈ ਗਏ। ਉਨ੍ਹਾਂ ਦੀ ਥਾਂ ਉਪ ਪ੍ਰਧਾਨ ਦੇ ਨਾਂ ਲਈ ਅਕਾਲ ਤਖਤ ਦੇ ਸਾਬਕਾ ਜਥੇਦਾਰ ਹਰਚਰਨ ਸਿੰਘ ਦਿੱਲੀ ਦੀ ਗੰਭੀਰ ਚਰਚਾ ਹੈ। ਪਾਰਟੀ ਅੰਦਰ ਉਨ੍ਹਾਂ ਦਾ ਨਾਂ ਕੁਰਬਾਨੀ ਨਾਲ ਜੋੜਿਆ ਜਾਂਦਾ ਹੈ। ਜਥੇਦਾਰ ਹਰਚਰਨ ਸਿੰਘ ਦਿੱਲੀ ਤੋਂ ਜਦੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦੀ ਰਾਇ ਸੀ ਕਿ ਐਤਕੀਂ ਪੰਜਾਬ ਵਿਚ ਹੜ੍ਹਾਂ ਨਾਲ ਹੋਈ ਭਿਆਨਕ ਤਬਾਹੀ ਨਾਲ ਲੋਕ ਉਦਾਸ ਹਨ। ਇਸ ਲਈ ਐਤਕੀਂ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਵੱਖ ਵੱਖ ਅਕਾਲੀ ਆਗੂਆਂ ਨਾਲ ਗੱਲਬਾਤ ਕੀਤੀ ਹੈ ਜਿਹੜੇ ਕਿ ਸ਼੍ਰੋਮਣੀ ਕਮੇਟੀ ਅੰਦਰ ਕਲੇਸ਼ ਪਾਉਣ ਦੇ ਹੱਕ ਵਿਚ ਨਹੀਂ ਹਨ। ਸ਼੍ਰੋਮਣੀ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਸਿੱਖ ਭਾਈਚਾਰੇ ਨੂੰ ਨਵੀਂ ਅਗਵਾਈ ਦੇਵੇਗੀ।

ਅਕਾਲੀ ਦਲ (ਤਲਵੰਡੀ) ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਰਾਇ ਹੈ ਕਿ ਬਾਬਾ ਜੋਗਿੰਦਰ ਸਿੰਘ ਗਰੁਪ ਦੀ ਹੁਣ ਕੋਈ ਖਾਸ ਥਾਂ ਨਹੀਂ ਰਹਿ ਗਈ। ਪਾਰਟੀ ਨੇਤਾਵਾਂ ਦਾ ਦਾਅਵਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਬਾਬਾ ਜੋਗਿੰਦਰ ਸਿੰਘ ਗਰੁਪ ਦੇ ਕੁਝ ਹੀ ਹਮਾਇਤੀ ਹਨ।

ਅਕਾਲੀ ਦਲ (ਮਾਨ) ਦੀ ਅਗਵਾਈ ਹੇਠ ਜੁੜੇ ਅਕਾਲੀ ਨੇਤਾ ਅਤੇ ਸਾਬਕਾ ਮੰਤਰੀ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਟੌਹੜਾ ਦੇ ਪ੍ਰਧਾਨ ਬਣਨ ਦੇ ਵਿਰੁਧ ਹਨ ਪ੍ਰੰਤੂ ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਵਰਤਮਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਕਾਇਮ ਹਨ ਉਦੋਂ ਤਕ ਉਸ 'ਬਾਬੇ' ਨੂੰ ਕੋਈ ਨਹੀਂ ਹਰਾ ਸਕਦਾ। ਜੇਕਰ ਜਥੇਦਾਰ ਟੌਹੜਾ ਨੇ ਆਪਣੀ ਲੋਕਪ੍ਰਿਯਤਾ ਵੇਖਣੀ ਹੈ ਤਾਂ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਕਰਾਉਣੀਆਂ ਚਾਹੀਦੀਆਂ ਹਨ। ਉਸ ਪਿਛੋਂ ਹੀ ਪਤਾ ਲੱਗੇਗਾ ਕਿ ਕਮੇਟੀ ਦਾ ਪ੍ਰਧਾਨ ਕੌਣ ਬਣਦਾ ਹੈ? ਉਨ੍ਹਾਂ ਕਿਹਾ ਕਿ 'ਬਾਦਲ-ਟੌਹੜਾ ਅਤੇ ਤਲਵੰਡੀ' ਸ਼੍ਰੋਮਣੀ ਕਮੇਟੀ ਦੀ ਮੈਂਬਰੀ ਲਈ ਟਿਕਟਾਂ ਵੰਡਣ ਵਾਲੇ ਹੁਣ ਤਾਂ ਇਕ ਥਾਂ ਖੜ੍ਹੇ ਹਨ ਇਸ ਲਈ ਉਥੋਂ ਹੋਰ ਕਿਸੇ ਨੂੰ ਕੀ ਮਿਲ ਸਕਦਾ ਹੈ।

ਅਕਾਲੀ ਹਲਕਿਆਂ ਵਿਚ ਤਲਵੰਡੀ ਦੇ ਨੇੜਲੇ ਸਹਿਯੋਗੀ ਰਣਧੀਰ ਸਿੰਘ ਚੀਮਾ ਦੀ ਸਾਬਕਾ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨਾਲ ਮੁਲਾਕਾਤ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਦੋਹਾਂ ਗਰੁਪਾਂ ਵਿਚ ਕਿਸੇ ਨਾ ਕਿਸੇ ਪਾਸਿਓਂ ਏਕਤਾ ਦੀ ਗੱਲ ਵੀ ਤੁਰਦੀ ਹੈ। ਬੇਸ਼ਕ ਅਕਾਲੀ ਦਲ (ਲੌਂ:) ਦੀ ਲੀਡਰਸ਼ਿਪ ਅਹਿਮ ਫੈਸਲਿਆਂ ਬਾਰੇ ਮੌਕੇ ਤਕ ਆਪਣਾ ਪੱਤਾ ਵਿਰੋਧੀ ਧਿਰ ਨੂੰ ਸ਼ੋਅ ਨਹੀਂ ਹੋਣ ਦਿੰਦੀ ਪ੍ਰੰਤੂ ਪਾਰਟੀ ਦੇ ਇਕ ਸੀਨੀਅਰ ਨੇਤਾ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸਰਬਸੰਮਤੀ ਬਾਰੇ ਪੁੱਛਿਆ ਗਿਆ ਤਾਂ ਉਸ ਦਾ ਕਹਿਣਾ ਸੀ ਕਿ ਪਾਰਟੀ ਅੰਦਰ ਪੰਜਾਹ ਪ੍ਰਤੀਸ਼ਤ ਮਨ ਸਰਬਸੰਮਤੀ ਬਾਰੇ ਬਣਿਆ ਹੋਇਆ ਹੈ। ਸ਼੍ਰੋਮਣੀ ਕਮੇਟੀ ਜਿਸ ਕਸੂਤੀ ਸਥਿਤੀ ਵਿਚ ਫਸੀ ਹੋਈ ਹੈ ਉਸ ਦੀ ਅਗਵਾਈ ਸੰਭਾਲਣ ਵਿਚ ਵੀ ਬਹੁਤੀ ਦਿਲਚਸਪੀ ਨਹੀਂ ਜਾਪਦੀ। ਪ੍ਰੰਤੂ ਸਾਬਕਾ ਮੁਖ ਮੰਤਰੀ ਬਰਨਾਲਾ ਦੇ ਨੇੜੇ ਹਲਕੇ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੀ ਪਾਰਟੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਜਿੱਤ ਸਕਦੀ ਹੈ। ਅਕਾਲੀ ਹਲਕੇ ਇਹ ਤਾਂ ਮੰਨਦੇ ਹਨ ਕਿ ਜੇਕਰ ਟੌਹੜਾ ਨੂੰ ਕੋਈ ਗਰੁਪ ਮੁਕਾਬਲਾ ਦੇ ਸਕਦਾ ਹੈ ਤਾਂ ਉਹ ਅਕਾਲੀ ਦਲ (ਲੌਂ:) ਗਰੁਪ ਹੀ ਹੈ।

ਪੰਜਾਬ ਵਿਚ ਅੰਗ ਲਾਉਣ ਦੇ ਤਿੰਨ ਕੇਂਦਰ

ਚੰਡੀਗੜ੍ਹ — ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਪੰਜਾਬ ਵਿਚ ਬਨਾਉਟੀ ਅੰਗ ਲਾਉਣ ਦੇ ਤਿੰਨ ਕੇਂਦਰ ਸਥਾਪਤ ਕਰਨ ਦਾ ਫੈਸਲਾ ਲਿਆ ਹੈ ਇਨ੍ਹਾਂ ਕੇਂਦਰਾਂ ਵਿਚ ਉਨ੍ਹਾਂ ਕਿਸਾਨਾਂ ਜਾਂ ਖੇਤੀ ਮਜ਼ਦੂਰਾਂ ਦੇ ਬਨਾਉਟੀ ਅੰਗ ਲਾਏ ਜਾਣਗੇ ਜਿਨ੍ਹਾਂ ਦੇ ਖੇਤੀ ਦੇ ਕੰਮਾਂ ਸਮੇਂ ਕਿਸੇ ਮਸ਼ੀਨ ਵਿਚ ਆ ਕੇ ਕੋਈ ਅੰਗ ਕਟਿਆ ਗਿਆ ਹੈ। ਇਹ ਆਮ ਕਰਕੇ ਹੱਥ ਹੀ ਹੁੰਦਾ ਹੈ।

ਪਤਾ ਲੱਗਾ ਹੈ ਕਿ ਇਹ ਕੇਂਦਰ ਅੰਮ੍ਰਿਤਸਰ, ਪਟਿਆਲਾ ਅਤੇ ਬਠਿੰਡਾ ਵਿਚ ਸਥਾਪਤ ਕੀਤੇ ਜਾਣਗੇ। ਇਨ੍ਹਾਂ ਕੇਂਦਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਉੜੀਸਾ ਦੇ ਬਨਾਉਟੀ ਅੰਗ ਲਾਉਣ ਦੇ ਇਨਸਟੀਚਿਊਟ ਵਿਚ ਵਿਸ਼ੇਸ਼ ਟਰੇਨਿੰਗ ਦਿੱਤੀ ਜਾਵੇਗੀ।

ਭਾਰਤ ਵਿਚ ਸ਼ੇਰਾਂ ਦੀ ਨਸਬੰਦੀ

ਤਿਰੀਪੁਰਾ — ਪਤਾ ਲੱਗਾ ਹੈ ਕਿ ਭਾਰਤ ਸਰਕਾਰ ਨੇ ਸ਼ੇਰਾਂ ਨੂੰ ਬਾਹਰਲੇ ਦੇਸ਼ਾਂ ਨੂੰ ਭੇਜਣ ਅਤੇ ਸਰਕਸਾਂ ਕੋਲ ਵੇਚਣ ਉਪਰ ਪਾਬੰਦੀ ਲਾ ਦਿੱਤੀ ਹੈ। ਇਸ ਪਾਬੰਦੀ ਦੇ ਕਾਰਨ ਸ਼ੇਰਾਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਾ ਹੈ। ਖਬਰ ਹੈ ਕਿ ਤਿਰੀਚੂਰ (ਕੇਰਲਾ) ਦੇ ਚਿੜੀਆਂ ਘਰ ਵਿਚ ਚਾਰ ਜੋੜੇ ਸ਼ੇਰ ਸਨ ਜੋ ਪਾਬੰਦੀ ਲਾਉਣ ਤੋਂ ਮਗਰੋਂ 21 ਹੋ ਗਏ ਹਨ। ਸ਼ੇਰਾਂ ਦੀ ਗਿਣਤੀ ਨੂੰ ਵਧਣ ਤੋਂ ਰੋਕਣ ਲਈ ਚਿੜੀਆ ਘਰ ਦੇ ਅਧਿਕਾਰੀਆਂ ਨੂੰ ਸੰਬੰਧਿਤ ਡਾਕਟਰਾਂ ਨੇ ਸਲਾਹ ਦਿੱਤੀ ਹੈ ਕਿ ਸ਼ੇਰਾਂ ਦਾ ਵਾਧਾ ਰੋਕਣ ਲਈ ਉਨ੍ਹਾਂ ਦੀ ਨਸਬੰਦੀ ਕਰ ਦਿੱਤੀ ਜਾਵੇ। ਡਾਕਟਰਾਂ ਨੇ ਇਨ੍ਹਾਂ ਸ਼ੇਰਾਂ ਦੀ ਨਸਬੰਦੀ ਕਰ ਦਿੱਤੀ ਹੈ।

diwali GREETINGS

ਦਿਉਲ ਲੇਡੀਜ਼ ਟੇਲਰ ਸ਼ਾਪ

11860 - Oldfield Ave., Richmond, B.C. V6X 1M4

Phone : 270-1529

ਅਸੀਂ ਹਰ ਤਰ੍ਹਾਂ ਦੇ ਡੀਜ਼ਾਇਨਾਂ ਵਾਲੇ ਪੰਜਾਬੀ ਸੂਟ, ਪਟਿਆਲਾ ਸ਼ਾਹੀ ਸੂਟ, ਬਲਾਊਜ਼, ਪੇਟੀਕੋਟ, ਡਰੈਸ, ਸਾੜ੍ਹੀ ਫਾਲ ਆਦਿ ਦੀ ਤਸੱਲੀਬਖਸ਼ ਸਲਾਈ ਕਰਦੇ ਹਾਂ

ਹਰ ਤਰ੍ਹਾਂ ਦੀ ਰੀਪੇਅਰ ਵੀ ਕੀਤੀ ਜਾਂਦੀ ਹੈ। ਸਾਡੀਆਂ ਸੇਵਾਵਾਂ ਦਾ ਲਾਭ ਉਠਾਓ ਤੇ ਹੋਰ ਜਾਣਕਾਰੀ ਲਈ ਫ਼ੋਨ ਕਰੋ :

270-1529

ਜਾਇਦਾਦ ਖ਼ੀਦਣੀ ਜਾਂ ਵੇਚਣੀ ਚਾਹੁੰਦੇ ਹੋ ?



ਭੂਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਔਂਢੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

ਭੂਪਿੰਦਰ ਸਿੰਘ ਸੋਢੀ

PH. Bus. 437-9431
Res. 434-8987

UNITED REALTY

2443 Kingsway, Vancouver, B.C.
V5R 5G8

ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.

We Do Passport, 5 Mins. Service, Portrait Photos & Weddings



Off; 872-6060

FREE!! FREE!!!
1-5×7 STUDIO PORTRAIT
$15.00 Value-- Free with this Coupon
With any Photo

ਐਨ. ਡੀ. ਪੀ. ਉਮੀਦਵਾਰ ਸਿਲਵੀਆ ਬਿਸ਼ਪ ਨੂੰ ਡੈਲਟਾ ਵਿਚ ਜਿਤਾਓ

Sylvia Bishop has been a resident of Delta for over twenty years. She graduated from Delta Secondary, then attended UBC, where she received her Bachelor of Education with Honours. After several years of teaching, Sylvia pursued other interests, owning and operating three businesses in the Vancouver area, which she has since sold. Currently she is the assistant to the Federal President of the New Democratic Party.



ਸਿਲਵੀਆ ਬਿਸ਼ਪ

- ਤੁਹਾਡੇ ਇਲਾਕੇ ਵਿਚ 20 ਸਾਲ ਤੋਂ ਰਹਿ ਰਹੀ ਹੈ
- ਸਿਲਵੀਆ ਬਿਸ਼ਪ ਐਨ. ਡੀ. ਪੀ. ਪ੍ਰੈਜ਼ੀਡੈਂਟ ਦੀ ਅਸਿਸਟੈਂਟ ਹੋਣ ਕਾਰਨ ਤਜਰਬੇਕਾਰ ਹੈ
- ਸਿਲਵੀਆ ਕਮਿਊਨਿਟੀ ਦੇ ਮਾਮਲਿਆਂ ਵਿਚ ਮੱਦਦ ਕਰਨ ਦੇ ਯੋਗ ਹੈ

ਇਸ ਲਈ

ਸਿਲਵੀਆ ਬਿਸ਼ਪ ਦੀ ਚੋਣ ਲਈ ਵਲੰਟੀਅਰ ਬਣੋ ਤੇ ਚੋਣਾਂ ਦੇ ਦਿਨ

21 ਨਵੰਬਰ ਨੂੰ

ਵੋਟਾਂ ਸਮੇਂ ਮੱਦਦ ਕਰੋ

Help elect Sylvia Bishop

To help in the campaign, take a sign, or get a ride to the polls, contact:

Ladner and Tsawwassen
4865 Delta Street
946-8562

North Delta
11940 - 88 Avenue
596-7177

THE NEW DEMOCRATS

ਇੰਡੋ-ਕੈਨੇਡੀਅਨਾਂ ਦਾ ਪ੍ਰਤੀਨਿਧ
ਮੋਅ ਸਹੋਤਾ
ਸਿਲਵੀਆ ਬਿਸ਼ਪ ਦੀ ਮੱਦਦ ਲਈ ਡੈਲਟਾ ਪਹੁੰਚੇਗਾ

ਗਰੈਂਡ ਪਾਰਟੀ ਹੋਵੇਗੀ
ਸ਼ਾਮਲ ਹੋਣ ਲਈ ਫੋਨ ਕਰੋ
596-7177

ਸ਼੍ਰੋਮਣੀ ਕਮੇਟੀ ਵਲੋਂ ਇੰਜ-ਨੀਅਰਿੰਗ ਕਾਲਜਾਂ ਲਈ ਜ਼ਮੀਨ ਦੇਣ ਦੀ ਪੇਸ਼ਕਸ਼

ਲੁਧਿਆਣਾ — ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਜਗਦੇਵ ਸਿੰਘ ਤਲਵੰਡੀ ਨੇ ਪੰਜਾਬ ਦੇ ਗਵਰਨਰ ਸ੍ਰੀ ਸਿਧਾਰਥ ਸ਼ੰਕਰ ਰੇਅ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਬਿਦਰ ਫਸਾਦਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਅਤੇ ਪੰਜਾਬੀ ਵਿਦਿਆਰਥੀਆਂ ਦੇ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ, ਬਿਦਰ ਵਿਚ ਵਾਪਸ ਜਾਣ ਤੋਂ ਪਹਿਲਾਂ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਤਾਂ ਜੋ ਉਥੇ ਜਾ ਕੇ ਆਪਣੀ ਪੜ੍ਹਾਈ ਸ਼ੁਰੂ ਕਰ ਸਕਣ। ਤਲਵੰਡੀ ਨੇ ਸ੍ਰੀ ਰੇਅ ਨੂੰ ਇਹ ਵੀ ਲਿਖਿਆ ਕਿ ਜੇ ਕੇਂਦਰ ਸਰਕਾਰ ਨੇ ਨਵੰਬਰ 1984 ਦੇ ਦਿੱਲੀ ਅਤੇ ਦੂਸਰੇ ਰਾਜਾਂ ਅੰਦਰ ਹੋਏ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਹੁੰਦੀਆਂ ਤਾਂ ਬਿਦਰ ਵਰਗੀਆਂ ਘਟਨਾਵਾਂ ਨਾ ਵਾਪਰਦੀਆਂ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਦੋਸ਼ੀਆਂ ਵਿਰੁਧ ਕਾਰਵਾਈ ਨਾ ਕਰਨ ਕਰਕੇ ਹੀ ਬਿਦਰ ਵਿਚਲੇ ਫਿਰਕੂ ਤੱਤਾਂ ਦਾ ਹੌਂਸਲਾ ਵਧਿਆ ਹੈ। ਇਸ ਤੋਂ ਵਧ ਕੇ ਕਰਨਾਟਕ ਅੰਦਰ ਲੀਡਰਸ਼ਿਪ ਵਿਚ ਆਈ ਤਬਦੀਲੀ ਨਾਲ ਵੀ ਫਿਰਕੂ ਤੱਤਾਂ ਨੂੰ ਮੱਦਦ ਮਿਲੀ ਹੈ।

ਤਲਵੰਡੀ ਨੇ ਆਪਣੇ ਪੱਤਰ ਵਿਚ ਰਾਜ ਅੰਦਰ ਹੋਰ ਇੰਜਨੀਅਰਿੰਗ ਕਾਲਜ ਖੋਲ੍ਹਣ ਦੀ ਲੋੜ ਉਤੇ ਜ਼ੋਰ ਦਿੱਤਾ ਹੈ ਅਤੇ ਭਰੋਸਾ ਦੁਆਇਆ ਹੈ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਇਸ ਵਾਸਤੇ ਜ਼ਮੀਨ ਦੇਣ ਨੂੰ ਤਿਆਰ ਹੈ।

ਥੈਚਰ ਵਲੋਂ ਬਰਤਾਨੀਆਂ ਦੇ ਖਾਲਿਸਤਾਨੀਆਂ ਨਾਲ ਸਿੱਝਣ ਦਾ ਭਰੋਸਾ

ਲੰਡਨ — ਕੇਂਦਰੀ ਵਣਜ ਮੰਤਰੀ ਦਿਨੇਸ਼ ਸਿੰਘ ਨੇ ਇਥੇ ਕਿਹਾ ਕਿ ਬਰਤਾਨੀਆ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਬਰਤਾਨੀਆਂ ਵਿਚ ਖਾਲਿਸਤਾਨੀਆਂ ਦੇ ਕਾਰਵਾਈਆਂ ਉਤੇ ਕਰੜੀ ਨਜ਼ਰ ਰੱਖੀ ਜਾਵੇਗੀ ਤੇ ਦੇਸ਼ ਨੂੰ ਦਹਿਸ਼ਤਗਰਦੀ ਦੀ ਭੂਮੀ ਨਹੀਂ ਬਣਨ ਦਿੱਤਾ ਜਾਵੇਗਾ।

ਸ੍ਰੀ ਦਿਨੇਸ਼ ਸਿੰਘ ਪਿਛਲੇ ਦੋ ਦਿਨਾਂ ਵਿਚ ਸ੍ਰੀਮਤੀ ਥੈਚਰ ਨੂੰ ਦੋ ਵਾਰ ਮਿਲੇ ਤੇ ਉਸ ਉਤੇ ਜ਼ੋਰ ਦਿੱਤਾ ਕਿ ਬਰਤਾਨੀਆਂ 'ਚ ਖਾਲਿਸਤਾਨੀ ਕੇਵਲ ਸਥਾਨਕ ਲੋਕਾਂ ਦੇ ਕਤਲ ਹੀ ਨਹੀਂ ਕਰ ਰਹੇ ਸਗੋਂ ਪਾਕਿਸਤਾਨ ਰਾਹੀਂ ਧਨ ਤੇ ਹਥਿਆਰ ਵੀ ਭੇਜ ਰਹੇ ਹਨ।

ਕਿਸਾਨਾਂ ਵਲੋਂ ਰਾਜੀਵ — ਚੈਲਿੰਜ

ਕਰਜ਼ੇ ਤੇ ਬਿਜਲੀ ਬਿੱਲ ਨਹੀਂ ਦਿੱਤੇ ਜਾਣਗੇ

ਨਵੀਂ ਦਿੱਲੀ — ਦੇਸ਼ ਦੇ ਕਿਸਾਨ ਆਗੂ ਮਹਿੰਦਰ ਸਿੰਘ ਨੇ ਭਾਰਤ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਰਾਜੀਵ ਸਰਕਾਰ ਨਾਲ ਕੋਈ ਸਹਿਯੋਗ ਨਾ ਕਰਨ ਅਤੇ ਕੌਆਪ੍ਰੇਟਿਵ ਬੈਂਕਾਂ ਦੇ ਕਰਜ਼ੇ ਅਤੇ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਕਰਨ ਤੋਂ ਨਾਂਹ ਕਰ ਦੇਣ।

ਇਹ ਐਲਾਨ ਕਿਸਾਨ ਆਗੂ ਨੇ ਕਿਸਾਨਾਂ ਦੀ ਵਿਸ਼ਾਲ ਰੈਲੀ ਦੇ ਅੰਤਮ ਪੜਾਅ ਉਤੇ ਕੀਤਾ। ਉਨ੍ਹਾਂ ਕਿਹਾ 'ਅਸਹਿਯੋਗ ਅੰਦੋਲਨ' ਦਾ ਬਿਗਲ ਵਜ ਗਿਆ ਹੈ ਤੇ ਕਿਸਾਨਾਂ ਵਲੋਂ ਸਰਕਾਰ ਨੂੰ ਕੋਈ ਸਹਿਯੋਗ ਨਹੀਂ ਮਿਲੇਗਾ। ਰੈਲੀ ਉਤੇ ਪੁਲਸ ਨੇ ਟੀਅਰ ਗੈਸ ਸੁੱਟੀ ਤੇ ਲਾਠੀਚਾਰਜ ਵੀ ਕੀਤਾ।

ਬੇਗਮ ਨੁਸਰਤ ਭੁੱਟੋ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬਣੇਗੀ

ਕਰਾਚੀ — ਪਤਾ ਲੱਗਾ ਹੈ ਕਿ ਪਾਕਿਸਤਾਨ ਪੀਪਲਜ਼ ਪਾਰਟੀ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਜੇਕਰ ਪੀਪਲਜ਼ ਪਾਰਟੀ ਪਾਕਿਸਤਾਨ ਦੀਆਂ ਚੋਣਾਂ ਜਿੱਤ ਗਈ ਤਾਂ ਮਰਹੂਮ ਜ਼ੁਲਫਕਾਰ ਅਲੀ ਭੁੱਟੋ ਦੀ ਵਿਧਵਾ ਬੇਗਮ ਨੁਸਰਤ ਭੁੱਟੋ ਪ੍ਰਧਾਨ ਮੰਤਰੀ ਬਣਨਗੇ, ਬੇਨਜ਼ੀਰ ਭੁੱਟੋ ਬਦੇਸ਼ ਮੰਤਰੀ ਅਤੇ ਸਾਬਕਾ ਜਨਰਲ ਟਿੱਕਾ ਖਾਂ ਪਾਕਿਸਤਾਨ ਦੇ ਪ੍ਰਧਾਨ ਬਣਗੇ। ਯਾਦ ਰਹੇ ਪਾਕਿਸਤਾਨ ਵਿਚ ਕੌਮੀ ਚੋਣਾਂ 16 ਨਵੰਬਰ 1988 ਨੂੰ ਹੋ ਰਹੀਆਂ ਹਨ।

ਲੁਧਿਆਣਾ ਸ਼ਹਿਰ 'ਚ 4 ਕਤਲ

ਦਹਿਸ਼ਤਗਰਦਾਂ ਨੇ ਲੁਧਿਆਣਾ ਸ਼ਹਿਰ ਵਿਚ ਮੰਗਲਵਾਰ ਨੂੰ ਚਾਰ ਵਿਅਕਤੀ ਕਤਲ ਕੀਤੇ ਜਿਨ੍ਹਾਂ ਵਿਚ ਗੁਜਰਾਤ ਤੋਂ ਆਏ ਦੋ ਵਪਾਰੀ ਵੀ ਸ਼ਾਮਲ ਸਨ।

ਸਰਪੰਚ ਸ਼ਿੰਗਾਰਾ ਸਿੰਘ ਜ਼ਖਮੀ

ਫੀਰੋਜ਼ਪੁਰ ਦੇ ਪਿੰਡ ਕਰਿਆਲ ਵਿਚ ਦਹਿਸ਼ਤਗਰਦਾਂ ਨੇ ਪਿੰਡ ਦੇ ਸਰਪੰਚ ਸ਼ਿੰਗਾਰਾ ਸਿੰਘ ਦੇ ਘਰ ਉਤੇ ਰਾਤ ਨੂੰ ਹਮਲਾ ਕੀਤਾ ਜਿਸ ਵਿਚ ਸ਼ਿੰਗਾਰਾ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਪਰ ਉਸਦੇ ਪ੍ਰਵਾਰ ਦੇ ਚਾਰ ਜੀਅ ਮਾਰੇ ਗਏ।

ਮੋਅ ਸਹੋਤਾ ਡੈਲਟਾ ਵਿਚ ਸਿਲਵੀਆ ਬਿਸ਼ਪ ਦੀ ਮੱਦਦ ਲਈ ਪਹੁੰਚੇਗਾ



ਡੈਲਟਾ — 5 ਨਵੰਬਰ 1988 ਨੂੰ ਮੋਅ ਸਹੋਤਾ ਇੰਡੋ-ਕੈਨੇਡੀਅਨ ਕਮਿਊਨਿਟੀ ਦੇ ਨੁਮਾਇੰਦੇ ਅਤੇ ਕੈਨੇਡਾ ਵਿਚ ਚੁਣੇ ਗਏ ਪਹਿਲੇ ਐਮ ਐਲ ਏ ਡੈਲਟਾ ਤੋਂ ਫੈਡਰਲ ਐਨ ਡੀ ਪੀ ਉਮੀਦਵਾਰ ਸਿਲਵੀਆ ਬਿਸ਼ਪ ਦੀ ਮੱਦਦ ਲਈ ਡੈਲਟਾ ਵਿਚ ਪਹੁੰਚ ਰਹੇ ਹਨ। ਉਹ ਸਾਰਾ ਦਿਨ ਡੈਲਟਾ ਵਿਚ ਹੀ ਕੰਪੇਨ ਕਰਨਗੇ।

ਸ਼ਾਮ ਨੂੰ ਸ੍ਰੀ ਮੋਅ ਸਹੋਤਾ ਅਤੇ ਸਿਲਵੀਆ ਬਿਸ਼ਪ ਦੇ ਮਾਣ ਵਿਚ ਡਿਨਰ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਡਿਨਰ ਵਿਚ ਸ਼ਾਮਲ ਹੋਣ ਲਈ ਟਿਕਟਾਂ ਹੇਠ ਲਿਖੇ ਫੋਨਾਂ ਤੇ ਫੋਨ ਕਰਕੇ ਮਿਲ ਸਕਦੀਆਂ ਹਨ। ਸਾਰੀ ਕਮਿਊਨਿਟੀ ਨੂੰ ਬੇਨਤੀ ਹੈ ਕਿ ਟਿਕਟਾਂ ਲੈ ਕੇ ਇਸ ਡਿਨਰ ਵਿਚ ਸ਼ਾਮਲ ਹੋਵੋ ਅਤੇ ਮੋਅ ਸਹੋਤਾ ਤੇ ਸਿਲਵੀਆ ਬਿਸ਼ਪ ਦੇ ਵਿਚਾਰ ਸੁਣੋ। ਟਿਕਟਾਂ ਲਈ ਫ਼ੋਨ ਕਰੋ :

ਡੈਲਟਾ ਐਨ. ਡੀ. ਪੀ.
ਕੁਲਦੀਪ ਬਸਰਾ : 596-4323
ਖੁਸ਼ਪਾਲ ਗਿੱਲ : 432-1013
ਬਲਵੰਤ ਹਾਂਸ : 591-1235
ਅਵਤਾਰ ਸਮਰਾ : 946-4751

ਦੀਵਾਲੀ ਮੁਬਾਰਕ

ਫਰੀ ਟਰੇਡ ਚੋਣਾਂ ਦਾ ਮੁੱਖ ਮਸਲਾ ਬਣ ਗਿਆ

ਅਟਵਾ — ਖਬਰ ਹੈ ਕਿ ਪ੍ਰੋਗ੍ਰੈਸਿਵ ਕਨਜ਼ਰਵੇਟਿਵ ਪਾਰਟੀ ਤਿੰਨਾਂ ਪਾਰਟੀਆਂ ਦੀ ਟੀ. ਵੀ. ਉਪਰ ਬਹਿਸ ਤੋਂ ਮਗਰੋਂ ਸੰਕਟ ਵਿਚ ਫਸ ਗਈ ਹੈ। ਇਸ ਦਾ ਪਹਿਲਾਂ ਜ਼ੋਰ ਇਸ ਗੱਲ ਉਪਰ ਹੀ ਸੀ ਕਿ ਹੋਰ ਮਸਲਿਆਂ ਵਾਂਗੂੰ ਫਰੀ ਟਰੇਡ ਵੀ ਇਕ ਮਸਲੇ ਦੇ ਤੌਰ ਉਪਰ ਚੋਣਾਂ ਵਿਚ ਉਠਾਇਆ ਜਾਵੇ ।

ਜਾਣਕਾਰ ਹਲਕੇ ਕਹਿ ਰਹੇ ਹਨ ਕਿ ਟੀ. ਵੀ. ਉਪਰ ਬਹਿਸ ਤੋਂ ਮਗਰੋਂ ਮਿ. ਜੌਹਨ ਟਰਨਰ ਅਤੇ ਮਿ: ਐਡ ਬਰੌਡਬੈਂਟ ਨੇ ਫਰੀ ਟਰੇਡ ਨੂੰ ਬਹਿਸ ਦਾ ਕੇਂਦਰ ਬਣਾ ਦਿੱਤਾ । ਮਿ: ਟਰਨਰ ਫਰੀ ਟਰੇਡ ਦੇ ਮਸਲੇ ਉਪਰ ਤਿੱਖਾ ਹਮਲਾ ਕਰਨ ਵਿਚ ਨੰਬਰ ਲੈ ਗਿਆ ਸੀ, ਭਾਵੇਂ ਕਿ ਮਿ: ਬਰਾਡਬੈਂਟ ਦੀ ਪਾਰਟੀ ਫਰੀ ਟਰੇਡ ਉਪਰ ਦੀ ਲਗਾਤਾਰ ਲੰਮੇਂ ਸਮੇਂ ਤੋਂ ਮੁਹਿੰਮ ਚਲਾ ਰਹੀ ਸੀ ਪਰ ਉਹ ਬਹਿਸ ਵਿਚ ਪਟਕਾ ਨਾ ਲੈ ਜਾ ਸਕੀ । ਫਿਰ ਵੀ ਐਨ ਡੀ ਪੀ ਦੀ ਵਿਰੋਧਤਾ ਦਾ ਮੱਧ ਵਰਗ ਅਤੇ ਸਨਅਤੀ ਵਰਕਰਾਂ ਵਿਚ ਕਾਫੀ ਪ੍ਰਭਾਵ ਹੈ। ਇਹੋ ਤਬਕਾ ਬਹੁਤਾ ਫਰੀ ਟਰੇਡ ਦੀ ਵੋਟ ਹੇਠ ਆਵੇਗਾ ।

ਮਿਸਟਰ ਮਲਰੂਨੀ ਅਤੇ ਉਸ ਦੀ ਪਾਰਟੀ ਦਾ ਸਾਰਾ ਜ਼ੋਰ ਫਰੀ ਟਰੇਡ ਨੂੰ ਕੇਂਦਰੀ ਵਿਸ਼ਾ ਬਣਨ ਤੋਂ ਰੋਕਣ ਉਪਰ ਲੱਗਾ ਹੋਇਆ ਹੈ। ਉਹ ਫਰੀ ਟਰੇਡ ਨੂੰ ਹੋਰਨਾਂ ਵਿਸ਼ਿਆਂ ਵਾਂਗ ਇਕ ਬਣਾਉਣਾਂ ਚਾਹੁੰਦੇ ਹਨ ਜਾਪਦਾ ਹੈ ਉਹ ਇਸ ਵਿਚ ਸਫਲ ਨਹੀਂ ਹੋਣ ਲੱਗੇ ।

ਪ੍ਰੈਸ ਸੂਤਰ ਕੋਈ ਪੱਕੀ ਰਾਏ ਬਣਾਉਣ ਦੇ ਯੋਗ ਨਹੀਂ ਹਨ ਕਿਉਂਕਿ ਤਿੰਨ ਹਫਤਿਆਂ ਵਿਚ ਬੜਾ ਫਰਕ ਪੈ ਸਕਦਾ ਹੈ। ਪਰ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਲਿਬਰਲ ਪਾਰਟੀ ਲਗਾਤਾਰ ਅਗੇ ਵਧਦੀ ਜਾਵੇਗੀ ।

(ਇਕ ਰੀਪੋਰਟ)

ਮਲੂਕਾ ਦੇ ਲੇਖਕ ਸਾਧੂ ਸਿੰਘ ਧਾਮੀ ਦੀ ਕੈਨੇਡਾ ਫੇਰੀ



ਸ੍ਰੀ ਧਾਮੀ ਗੁਰਬਚਨ ਸਿੰਘ ਜੌਹਲ ਨੂੰ ਕਿਤਾਬ ਭੇਟ ਕਰ ਰਹੇ ਹਨ

ਸਾਧੂ ਸਿੰਘ ਧਾਮੀ ਵੈਨਕੂਵਰ ਸੱਥ ਦੇ ਸੱਦੇ 'ਤੇ ਆਪਣਾ ਨਾਵਲ ਮਲੂਕਾ ਰੀਲੀਜ਼ ਕਰਨ ਲਈ ਸਤੰਬਰ ਦੇ ਅਖੀਰ ਵਿਚ ਕੈਨੇਡਾ ਆਏ।

ਮਲੂਕਾ ਧਾਮੀ ਹੋਰਾਂ ਦਾ ਕੈਨੇਡਾ ਵਿਚਲੇ ਆਪਣੇ ਮੁਢਲੇ ਤਜਰਬੇ 'ਤੇ ਅਧਾਰਤ ਪਲੇਠਾ ਨਾਵਲ ਹੈ। ਸਾਧੂ ਸਿੰਘ ਧਾਮੀ 16 ਸਾਲ ਦੀ ਉਮਰੇ 1922 ਵਿਚ ਪਹਿਲੀ ਵਾਰੀ ਵੈਨਕੂਵਰ ਕੈਨੇਡਾ ਆਏ। ਉਹ ਉਹਨਾਂ ਮੁੱਠੀ ਭਰ ਪੰਜਾਬੀਆਂ ਵਿਚੋਂ ਹਨ ਜਿਹਨਾਂ ਕੈਨੇਡਾ ਵਿਚ ਅੱਗੇ ਪੜ੍ਹਨਾ ਜਾਰੀ ਰੱਖਿਆ। ਉਹਨਾਂ ਨੇ ਟਰਾਂਟੋ ਯੂਨੀਵਰਸਿਟੀ ਤੋਂ 1937 ਵਿਚ ਫਿਲਾਸਫੀ ਦੇ ਵਿਸ਼ੇ ਉਪਰ ਪੀ ਐਚ ਡੀ ਹਾਸਿਲ ਕੀਤੀ। ਕੁਝ ਸਾਲ ਪੜ੍ਹਾਉਣ ਦਾ, ਪੱਤਰਕਾਰੀ ਦਾ ਅਤੇ ਯੂਨੀਅਨ ਆਰਗੇਨਾਈਜ਼ਿੰਗ ਦਾ ਕੰਮ ਕਰਨ ਬਾਅਦ ਉਹਨਾਂ ਨੂੰ ਇੰਟਰਨੈਸ਼ਨਲ ਲੇਬਰ ਆਫਿਸ ਵਿਚ ਨੌਕਰੀ ਮਿਲ ਗਈ। ਇਸੇ ਨੌਕਰੀ ਦੇ ਸੰਬੰਧ ਵਿਚ ਉਹ 1947 ਵਿਚ ਜੇਨੇਵਾ ਸਵਿਟਜ਼ਰਲੈਂਡ ਚਲੇ ਗਏ। ਇਸ ਨੌਕਰੀ ਤੋਂ 1966 ਵਿਚ ਰੀਟਾਇਰ ਹੋਣ ਤੋਂ ਬਾਅਦ ਵੀ ਉਹ ਜੇਨੇਵਾ ਵਿਚ ਹੀ ਰਹਿ ਰਹੇ ਹਨ।

ਆਪਣੇ ਪੜ੍ਹਾਈ ਦੇ ਦਿਨਾਂ ਤੋਂ ਲੈ ਕੇ ਉਹ ਵੱਖ ਵੱਖ ਵਿਸ਼ਿਆਂ ਬਾਰੇ ਅੰਗਰੇਜ਼ੀ ਵਿਚ ਬਾਕਾਇਦਾ ਲਿਖਦੇ ਅਤੇ ਕੈਨੇਡਾ, ਇੰਗਲੈਂਡ, ਇਟਲੀ, ਭਾਰਤ ਆਦਿ ਮੁਲਕਾਂ ਦੇ ਅੰਤਰ ਰਾਸ਼ਟਰੀ ਪੱਧਰ ਦੇ ਮੈਗਜ਼ੀਨਾਂ ਵਿਚ ਛਪਦੇ ਰਹੇ ਹਨ। ਨਾਵਲ ਮਲੂਕਾ ਉਹਨੀ 1976 ਵਿਚ ਲਿਖਿਆ। ਅੰਗਰੇਜ਼ੀ ਵਿਚ ਲਿਖੇ ਇਸ ਨਾਵਲ ਨੂੰ ਵੈਨਕੂਵਰ ਸੱਥ ਦੇ ਮੈਂਬਰਾਂ ਸਾਧੂ, ਸੁਖਵੰਤ ਅਤੇ ਗੁਰਮੇਲ ਨੇ ਪੰਜਾਬੀ ਵਿਚ ਅਨੁਵਾਦ ਕੀਤਾ। ਸੱਥ ਵਲੋਂ ਨਾਵਲ ਛਪਵਾ ਕੇ ਰੀਲੀਜ਼ ਕਰਨ ਲਈ ਸਾਧੂ ਸਿੰਘ ਧਾਮੀ ਹੋਰਾਂ ਨੂੰ ਕੈਨੇਡਾ ਆਉਣ ਦਾ ਸੱਦਾ ਦਿੱਤਾ ਗਿਆ ਸੀ।

ਉਹ 26 ਸਤੰਬਰ ਤੋਂ ਲੈ ਕੇ 11 ਅਕਤੂਬਰ ਤੱਕ ਕੈਨੇਡਾ ਰਹੇ। ਕਿਤਾਬ ਰੀਲੀਜ਼ ਕਰਨ ਦਾ ਮੁੱਖ ਸਮਾਗਮ ਵੈਨਕੂਵਰ ਵਿਖੇ ਕੀਤਾ ਗਿਆ। ਇਸ ਤੋਂ ਬਿਨ੍ਹਾਂ ਉਹਨਾਂ ਵੈਨਕੂਵਰ ਦੇ ਆਸ ਪਾਸ, ਕਲੋਨਾ, ਐਡਮਿੰਟਨ ਅਤੇ ਟਰਾਂਟੋ ਵਿਖੇ ਮੀਟਿੰਗਾਂ ਵਿਚ ਹਿੱਸਾ ਲਿਆ ਅਤੇ ਆਪਣੇ ਵਿਸ਼ਾਲ ਜੀਵਨ ਤਜਰਬੇ ਅਤੇ ਨਾਵਲ ਬਾਰੇ ਲੋਕਾਂ ਨਾਲ ਵਿਚਾਰ ਸਾਂਝੇ ਕੀਤੇ।

ਮੁੱਖ ਸਮਾਗਮ — ਨਾਵਲ ਮਲੂਕਾ ਨੂੰ ਰੀਲੀਜ਼ ਕਰਨ ਲਈ ਮੁੱਖ ਸਮਾਗਮ 2 ਅਕਤੂਬਰ 1988 ਨੂੰ ਵੈਨਕੂਵਰ ਦੇ ਸੈਕਸ-ਸਮਿਥ ਕਮਿਊਨਿਟੀ ਸਕੂਲ ਵਿਚ ਕੀਤਾ ਗਿਆ। ਇਸ ਵਿਚ ਤਿੰਨ ਸੌ ਦੇ ਕਰੀਬ ਲੋਕ ਸ਼ਾਮਲ ਹੋਏ। ਵੈਨਕੂਵਰ ਸੱਥ ਵਲੋਂ ਅੰਜੂ ਹੁੰਦਲ ਨੇ ਆਏ ਲੋਕਾਂ ਨੂੰ ਜੀ ਆਇਆਂ ਕਿਹਾ ਅਤੇ ਅਗਲਾ ਪ੍ਰੋਗਰਾਮ ਦੱਸਿਆ।

ਸਮਾਗਮ ਬਾਰੇ ਮੁਢਲੀ ਜਾਣਕਾਰੀ ਦਿੰਦਿਆਂ ਸਾਧੂ ਨੇ ਕਿਹਾ : ਅੱਜ ਸਾਨੂੰ ਖੁਸ਼ੀ ਹੈ ਕਿ ਅਸੀਂ ਨਾਵਲ ਮਲੂਕਾ ਨੂੰ ਰੀਲੀਜ਼ ਕਰਨ ਲਈ ਇਕੱਠੇ ਹੋਏ ਹਾਂ। ਇਸ ਤੋਂ ਵੀ ਵੱਧ ਖੁਸ਼ੀ ਇਸ ਗੱਲ ਦੀ ਹੈ ਕਿ ਨਾਵਲ ਦੇ ਲੇਖਕ ਸਾਧੂ ਸਿੰਘ ਧਾਮੀ ਜੋ ਕੈਨੇਡਾ ਦੇ ਮੋਢੀ ਪੰਜਾਬੀਆਂ ਵਿਚੋਂ ਇਕ ਹਨ, ਸਾਡੇ ਵਿਚ ਸ਼ਾਮਲ ਹਨ। ਵੈਨਕੂਵਰ ਸੱਥ ਦੇ ਇਸ ਪ੍ਰਾਜੈਕਟ ਦਾ ਮਕਸਦ ਨਾਵਲ ਮਲੂਕਾ ਅਤੇ ਡਾਕਟਰ ਧਾਮੀ ਹੋਰਾਂ ਦੀ ਹੁਣ ਦੀ ਕੈਨੇਡਾ ਵਿਚਲੀ ਕਮਿਊਨਿਟੀ ਨਾਲ ਜਾਣ ਪਛਾਣ ਕਰਾਉਣਾ ਹੈ। ਨਾਵਲ ਦੀ ਕਹਾਣੀ ਕੈਨੇਡਾ ਵਿਚਲੇ ਸਾਡੇ ਵਿਰਸੇ ਦੀ ਕਹਾਣੀ ਹੈ। ਇਸ ਵਿਰਸੇ ਨੂੰ ਜਾਨਣਾ ਅਤੇ ਪਛਾਨਣਾ ਸਾਡੇ ਲਈ ਬਹੁਤ ਜ਼ਰੂਰੀ ਹੈ। ਨਾਵਲ ਰੀਲੀਜ਼ ਕਰਨ ਦੀ ਰਸਮ ਲਈ ਅਸੀਂ ਬਜ਼ੁਰਗ ਗੁਰਬਚਨ ਸਿੰਘ ਜੌਹਲ ਹੋਰਾਂ ਨੂੰ ਚੁਣਿਆ ਹੈ। ਇਹ ਵੀ ਪਹਿਲੀਆਂ ਵਿਚ ਹੀ ਇਥੇ ਆਏ ਸਨ ਅਤੇ ਇਹ ਬਹੁਤ ਥੋੜ੍ਹੇ ਰਹਿ ਗਏ ਲੋਕਾਂ ਵਿਚੋਂ ਹਨ ਜਿਹਨਾਂ ਲਈ ਅਤੇ ਜਿਹਨਾਂ ਬਾਰੇ ਧਾਮੀ ਹੋਰੀਂ ਇਹ ਨਾਵਲ ਲਿਖਿਆ ਹੈ। ਇਸ ਤਰ੍ਹਾਂ ਅਸੀਂ ਗੁਰਬਚਨ ਸਿੰਘ ਤੇ ਉਹਨਾਂ ਦੇ ਹੋਰ ਸਾਥੀਆਂ ਦਾ ਵੀ ਸਨਮਾਨ ਕਰਨਾ ਚਾਹੁੰਦੇ ਹਾਂ।

ਡਾਕਟਰ ਧਾਮੀ ਹੋਰਾਂ ਦੀ ਸਪੀਚ ਤੋਂ ਪਹਿਲਾਂ ਉਹਨਾਂ ਦੇ ਇਕ ਪੁਰਾਣੇ ਜਾਣ ਪਛਾਣ ਵਾਲੇ ਸਾਥੀ ਕੁਲਦੀਪ ਸਿੰਘ ਬੈਂਸ ਨੇ ਉਹਨਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਡਾਕਟਰ ਧਾਮੀ ਹੋਰਾਂ ਨੇ ਕਿਹਾ ਕਿ ਅੱਜ ਇਥੇ ਆ ਕੇ ਮੈਨੂੰ ਖੁਸ਼ੀ ਵੀ ਹੋਈ ਹੈ ਅਤੇ ਗਮੀ ਵੀ ਮਹਿਸੂਸ ਹੋ ਰਹੀ ਹੈ। ਖੁਸ਼ੀ ਇਸ ਗੱਲ ਦੀ ਹੈ ਕਿ ਏਥੇ ਕਮਿਊਨਿਟੀ ਵਿਚ ਇਸ ਤਰ੍ਹਾਂ ਦੇ ਲੋਕ ਵੀ ਹਨ ਜੋ ਕਲਾ, ਸਾਹਿਤ, ਕਵਿਤਾ, ਸੰਗੀਤ ਆਦਿ ਦੀ ਗੱਲ ਕਰਦੇ ਹਨ। ਪਹਿਲਾਂ ਅਜਿਹਾ ਕੁਝ ਨਹੀਂ ਸੀ। ਸਿਰਫ ਰੋਟੀ ਕਮਾਉਣਾ ਹੀ ਜ਼ਿੰਦਗੀ ਨਹੀਂ। ਪੇਟ ਭਰ ਖਾਣਾ, ਚੰਗੇ ਘਰਾਂ ਵਿਚ ਰਹਿਣਾ ਠੀਕ ਹੈ! ਪਰ ਕਾਫੀ ਨਹੀਂ। ਉਹਨੀ ਅਗੇ ਕਿਹਾ ਕਿ ਮੈਨੂੰ ਗਮੀ ਇਸ ਗੱਲ ਦੀ ਹੈ ਕਿ 1922 ਵਿਚ ਜਿਹਨਾਂ ਲੋਕਾਂ ਵਿਚ ਆ ਕੇ ਮੈਂ ਰਿਹਾ ਉਹਨਾਂ ਵਿਚੋਂ ਬਹੁਤੇ ਇਥੇ ਹੈ ਨਹੀਂ। ਉਹਨਾਂ ਲੋਕਾਂ ਦਾ ਹੌਂਸਲਾ ਅਤੇ ਦਲੇਰੀ ਦੇਖ ਮੈਨੂੰ ਉਹਨਾਂ ਨਾਲ ਮੁਹੱਬਤ ਹੋ ਗਈ ਸੀ। ਉਹਨਾਂ ਦੇ ਇਥੇ ਨਾ ਹੋਣ ਕਰਕੇ ਮਨ ਉਦਾਸ ਹੋ ਜਾਂਦਾ ਹੈ। ਮੈਂ ਆਪਣੇ ਆਪ ਨੂੰ ਕਹਿੰਦਾ ਹਾਂ :

> ਧਾਮੀ ਜਿਹਨਾਂ ਦੀ ਇਹ ਕਹਾਣੀ ਹੈ, ਉਹ ਤੇਰੇ ਕੋਲ ਨਾ
> ਦੱਸ ਦੱਸ ਉਹਨਾਂ ਦੀਆਂ ਗੱਲਾਂ, ਤੂੰ ਦਿਲ ਆਪਣਾ ਫੋਲ ਨਾ।

... ਉਹਨਾਂ ਲੋਕਾਂ ਨੇ ਇਥੇ ਔਖਿਆਈਆਂ ਕੱਟਦਿਆਂ ਵੀ ਦੇਸ਼ ਦੀ ਆਜ਼ਾਦੀ ਦਾ ਬਹੁਤ ਖਿਆਲ ਕੀਤਾ। ਕਿਉਂਕਿ ਉਹਨਾਂ ਨੇ ਸਮਝ ਲਿਆ ਸੀ ਕਿ ਜੇ ਉਹਨਾਂ ਨੂੰ ਆਪਣੇ ਦੇਸ਼ ਵਿਚ ਕੋਈ ਹੱਕ ਨਹੀਂ ਤਾਂ ਉਹ ਇਥੇ ਕਿਸ ਗੱਲ ਦੀ ਆਸ ਰੱਖ ਸਕਦੇ ਹਨ।

> ਦੇਸ ਪੈਣ ਧੱਕੇ, ਬਾਹਰ ਢੋਈ ਨਾ ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ

... ਫਿਰ ਉਹਨਾਂ ਦੱਸਿਆ ਕਿ ਜ਼ਿੰਦਗੀ ਦੇ ਅਸਲੀ ਸਬਕ ਮੈਂ ਆਪਣੇ ਅਨਪੜ੍ਹ ਲੋਕਾਂ ਕੋਲੋਂ ਹੀ ਸਿਖੇ ਹਨ। ਉਹਨਾਂ ਕੋਲੋਂ ਹੀ ਮੈਂ ਪੜ੍ਹਨਾ ਅਤੇ ਲਿਖਣਾ ਸਿਖਿਆ। ਮੇਰੀ ਡਿਊਟੀ ਕੁੱਕ-ਹਾਊਸ ਵਿਚ ਉਹਨਾਂ ਲੋਕਾਂ ਨੂੰ ਅਖਬਾਰ ਪੜ੍ਹ ਕੇ ਸੁਨਾਉਣ ਸੀ। ਅਖਬਾਰ ਪੜ੍ਹਨਾ ਇਕ ਕਿਸਮ ਦਾ ਲੈਕਚਰ ਕਰਨਾ ਸੀ। ਪਹਿਲਾਂ ਮੈਂ ਖਬਰ ਦੀ ਬੈਕਗਰਾਊਂਡ ਦਿੰਦਾ ਅਤੇ ਫਿਰ ਖਬਰ ਸੁਣਾਉਂਦਾ ਅਤੇ ਫਿਰ ਉਸਦੇ ਅਰਥ ਸਮਝਾਉਂਦਾ। ...

ਇਥੋਂ ਦੇ ਨਸਲੀ ਗੋਰਿਆਂ ਵਲੋਂ ਹੁੰਦੀ ਬਦਸਲੂਕੀ ਦੇਖ ਕੇ ਉਹ ਲੋਕ ਮੈਨੂੰ ਕਿਹਾ ਕਰਦੇ ਸਨ ਕਿ ਧਾਮੀ ਛੋਟੇ ਛੋਟੇ ਤੇਜ ਫਿਕਰੇ ਬਣਾ ਕੇ ਬੋਲਣਾ ਸਿਖ। ਜਦੋਂ ਤੂੰ ਬੋਲੇਂ ਤਾਂ ਉਹਨਾਂ ਨੂੰ ਇਸ ਤਰ੍ਹਾਂ ਮਹਿਸੂਸ ਹੋਵੇ ਕਿ ਉਹਨਾਂ ਦੀਆਂ ਪਿਠਾਂ 'ਤੇ ਕੋੜੇ ਲਗਦੇ ਹੋਣ। ਲਿਖਣਾ ਐਸਾ ਸਿੱਖ, ਤਿੱਖੀ ਤੇਜ ਕਲਮ ਨਾਲ, ਕਿ ਕਾਗਜ਼ ਬੋਲ ਉਠਣ। ...

ਮੇਰੀ ਡਿਊਟੀ ਉਹਨਾਂ ਦੇ ਦੇਸੋਂ ਆਏ ਖਤ ਪੜ੍ਹਨ ਲਿਖਣ ਦੀ ਵੀ ਸੀ। ਉਹਨਾਂ ਦੇ ਖਤ ਲਿਖਦਿਆਂ ਮੈਂ ਲਿਖਣ ਦੇ ਪਹਿਲੇ ਸਬਕ ਸਿੱਖੇ। ਲਿਖਣ ਪੜ੍ਹਨ ਤੋਂ ਬਿਨਾਂ ਮੈਂ ਉਹਨਾਂ ਲੋਕਾਂ ਤੋਂ ਮੁਲਕ ਦੀ ਮੁਹੱਬਤ ਸਿਖੀ।

> ਦਿਲਾ ਦਰਦੀਆਂ ਦਰਦ ਹਜ਼ਾਰ ਭਾਵੇਂ ਦਿਲੋਂ ਦੇਸ਼ ਦਾ ਦਰਦ ਭੁਲਾਵਣਾ ਨਾ
> ਇਥੇ ਨਿਹਮਤਾਂ ਲੱਖ ਹਜ਼ਾਰ ਹੋਵਣ ਲੋੜ ਮੁਲਕ ਦੀ ਦਿਲੋਂ ਭੁਲਾਵਣਾ ਨਾ ...

ਉਹਨਾਂ ਨੇ ਫੈਸਲਾ ਕੀਤਾ ਕਿ ਹਿੰਦੁਸਤਾਨ ਵਿਚ ਆਜ਼ਾਦੀ ਲੈਣ ਲਈ ਹਥਿਆਰ ਪਕੜ ਕੇ ਲੜਿਆ ਜਾਵੇ। ਉਹਨਾਂ ਨੇ ਡੈਮੋਕਰੈਟਿਕ ਵਿਧਾਨ ਬਣਾਇਆ ਜਿਹਦੇ ਵਿਚ ਮਜ਼ਹਬ ਦਾ ਕੋਈ ਤੁਅੱਲਕ ਨਹੀਂ ਸੀ। ਉਹਨਾਂ ਦੀਆਂ ਆਜ਼ਾਦੀ ਲਈ ਕੀਤੀਆਂ ਜਦੋ ਜਹਿਦਾਂ ਦੀ ਲੰਮੀ ਗੱਲ ਹੈ। ਮੇਰੇ ਖਿਆਲ ਵਿਚ ਇਹੋ ਜਿਹੀ ਗੱਲ ਸ਼ਾਇਰੀ ਵਿਚ ਥੋੜ੍ਹੇ ਸਮੇਂ ਵਿਚ ਦੱਸੀ ਜਾ ਸਕਦੀ ਹੈ। ਉਹਨਾਂ ਦਾ ਵਿਸ਼ਵਾਸ ਸੀ :

> ਅਲਮ ਨਸੀਬੋ, ਜਿਗਰ ਫ਼ਿਗਾਰੋਂ ਕੀ ਸੁਬ੍ਹਾ ਆਸਮਾਂ ਪਰ ਨਹੀਂ ਹੈ
> ਯਹਾਂ ਪਰ ਹਮ ਤੁਮ ਖੜੇਂ ਹੈ ਦੋਨੋ ਸੁਬ੍ਹਾ ਕਾ ਰੌਸ਼ਨ ਉਫਕ ਯਹੀਂ ਹੈ
> ਯਹੀਂ ਸੇ ਗਮ ਕੇ ਸ਼ਰਾਰ ਖਿਲਕਾਰ ਸ਼ਫਕ ਕਾ ਗੁਲਜ਼ਾਰ ਬਣ ਗਏ ਹੈਂ
> ਯਹੀਂ ਸੇ ਕਾਤਲ ਦੁਖੋਂ ਕੇ ਤੇਸ਼ੇ ਕਤਾਰ ਦਰ ਕਤਾਰ ਬਣ ਗਏ ਹੈਂ
> ਯਹੀਂ ਹੈ ਦੋਜ਼ਖ ਯਹੀਂ ਹੈ ਜ਼ੰਨਤ ਯਹੀਂ, ਯਹੀਂ ਸੇ ਉਠਤੀ ਹੈਂ ਸਭ ਬਲਾਏਂ
> ਅਲਮ ਨਸੀਬੋ, ਜਿਗਰ ਫ਼ਿਗਾਰੋਂ ਕੀ ਸੁਬ੍ਹਾ ਆਸਮਾਂ ਪਰ ਨਹੀਂ ਹੈ ...

ਵੈਨਕੂਵਰ ਸੱਥ ਦੀ ਮੈਂਬਰ ਹਰਜਿੰਦਰ ਸਾਂਗਰਾ ਨੇ ਨਾਵਲ ਬਾਰੇ ਦੂਜੀ ਪੀੜ੍ਹੀ ਦੇ ਨਜ਼ਰੀਏ ਤੋਂ ਆਪਣੇ ਪ੍ਰਭਾਵ ਦੱਸੇ। ਉਹਨਾਂ ਕਿਹਾ ਕਿ ਇਹ ਨਾਵਲ ਪੜ੍ਹ ਕੇ ਮੈਨੂੰ ਆਪਣੇ ਬਜ਼ੁਰਗਾਂ ਅਤੇ ਆਪਣੇ ਵਿਰਸੇ ਉਪਰ ਮਾਣ ਮਹਿਸੂਸ ਹੋਇਆ ਹੈ। ਇਸ ਨਾਵਲ ਦੀ ਕਹਾਣੀ ਸਾਡੇ ਉਹਨਾਂ ਬਜ਼ੁਰਗਾਂ ਦੀ ਕਹਾਣੀ ਹੈ ਜਿਹਨਾਂ ਨੇ ਇਥੇ ਬਹੁਤ ਮੁਸ਼ਕਲਾਂ ਭਰਿਆ ਜੀਵਨ ਜੀਵਿਆ ਹੈ। ਜੇ ਅੱਜ ਅਸੀਂ ਇਸ ਮੁਲਕ 'ਚ ਹਾਂ ਤਾਂ ਉਹਨਾਂ ਲੋਕਾਂ ਕਰਕੇ ਹਾਂ। ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਹਨਾਂ ਲੋਕਾਂ ਨੂੰ ਯਾਦ ਰੱਖੀਏ। ਉਹਨਾਂ ਦੇ ਅਨੁਸਾਰ ਨਾਵਲ ਦਾ ਅਖੀਰਲਾ ਚੈਪਟਰ 'ਵੱਧ ਰਿਹਾ ਪਾੜਾ' - ਜਿਸ ਵਿਚ ਨਾਟਕ ਦੇ ਹੀਰੋ ਮਲੂਕੇ ਦੇ ਮਨ ਵਿਚ ਨਵੀਂ ਤੇ ਪੁਰਾਣੀ ਦੁਨੀਆਂ ਦਾ ਟਕਰਾਅ ਇਕ ਖਿਚੋਤਾਣ ਪੈਦਾ ਕਰ ਦਿੰਦਾ — ਅੱਜ ਵੀ ਜਵਾਨ ਹੋ ਰਹੀ ਪੀੜ੍ਹੀ ਦੀ ਤਰਜਮਾਨੀ ਕਰਦਾ ਹੈ।

ਇਸ ਤੋਂ ਬਾਅਦ ਸੋਹਣ ਪੂੰਨੀ ਨੇ ਨਾਵਲ ਬਾਰੇ ਆਪਣੇ ਪ੍ਰਭਾਵ ਦੱਸਦਿਆਂ ਕਿਹਾ ਕਿ ਨਾਵਲ ਸਮੁੱਚੇ ਤੌਰ 'ਤੇ ਹਾਂ ਪੱਖੀ ਹੈ ਅਤੇ ਪਾਠਕ ਉਪਰ ਲੱਖ ਮੁਸ਼ਕਲਾਂ ਹੋਣ ਦੇ ਬਾਵਜੂਦ ਵੀ ਅਗਾਂਹ ਵਧਣ ਲਈ ਪ੍ਰੇਰਦਾ ਹੈ। ਨਿੱਕਾ ਜਿਹਾ ਨਾਵਲ ਹੋਣ ਦੇ ਬਾਵਜੂਦ ਵੀ ਇਸ ਵਿਚ ਹਿੰਦੁਸਤਾਨੀ ਕਮਿਊਨਿਟੀ ਦੀ ਜ਼ਿੰਦਗੀ ਦੇ ਅਨੇਕਾਂ ਪੱਖਾਂ ਨੂੰ ਛੋਹਿਆ ਗਿਆ ਹੈ। ਨਾਵਲ ਮਲੂਕਾ ਦੇ ਪਾਤਰਾਂ ਬਾਰੇ ਬੋਲਦਿਆਂ ਸੋਹਣ ਹੋਰਾਂ ਕਿਹਾ : ਨਾਵਲ ਦੇ ਪਾਤਰ ਜ਼ਿੰਦਗੀ ਨੂੰ ਸਿਰ ਨਿਵਾ ਕੇ ਨਹੀਂ ਜਿਉਂਦੇ। ਕੈਨੇਡਾ ਦੀਆਂ ਬਰਫੀਲੀਆਂ ਸਰਦੀਆਂ ਅਜੇ ਉਹਨਾਂ ਦੇ ਖੂਨ ਨੂੰ ਜਮਾ ਨਹੀਂ ਸਕੀਆਂ। ਉਹੀ ਖੌਲਦੇ ਖੂਨ ਨਾਲ ਜਿਉਂਦੇ ਸਨ। ਨਸਲੀ ਵਿਤਕਰੇ ਨਾਲ ਪੈਰ ਪੈਰ ਉਤੇ ਜੂਝਦੇ ਉਹ ਸੰਘਰਸ਼ ਦੇ ਪ੍ਰਤੀਕ ਹਨ। ਹਰ ਤਰ੍ਹਾਂ ਦੀਆਂ ਮੁਸ਼ਕਲਾਂ ਅੱਗੇ ਉਹ ਬਹਾਦਰਾਂ ਦੀ ਤਰ੍ਹਾਂ ਖੜਦੇ ਹਨ, ਯੋਧਿਆਂ ਦੀ ਤਰ੍ਹਾਂ ਲੜਦੇ ਹਨ। ਸ਼ੇਰਾਂ ਦੀ ਤਰ੍ਹਾਂ ਝਪਟਦੇ ਹਨ। ਉਹਨਾਂ ਦੇ ਖੂਨ ਵਿਚ ਜਿਉਣੇ ਮੌੜ੍ਹ ਦੀ ਤਾਸੀਰ ਹੈ। ਉਹ ਉਹ ਹਨ ਜਿਹਨਾਂ ਨੇ ਕਾਮਾਗਾਟਾ ਮਾਰੂ ਅਤੇ ਗਦਰ ਦਾ ਇਤਿਹਾਸ ਸਿਰਜਿਆ ਹੈ। ਨਾਵਲ ਪੜ੍ਹ ਕੇ ਇਸ ਤਰ੍ਹਾਂ ਲਗਦਾ ਹੈ ਕਿ ਸਾਡੇ ਬਜ਼ੁਰਗਾਂ ਨੇ ਗੰਦਗੀ ਵਿਚ ਰੀਂਗਦੀ ਜ਼ਿੰਦਗੀ ਨੂੰ ਸਿਰ ਨਿਵਾ ਕੇ ਨਹੀਂ ਸੀ ਜੀਵਿਆ, ਸਗੋਂ ਸਿਰ ਉਠਾ ਕੇ ਬਿਜਲੀਆਂ ਨੂੰ ਅੱਖ ਮਾਰੀ ਸੀ।

ਇਸ ਤੋਂ ਬਾਅਦ ਕਿਤਾਬ ਰੀਲੀਜ਼ ਕੀਤੀ ਗਈ। ਡਾਕਟਰ ਧਾਮੀ ਨੇ ਮਲੂਕਾ ਦੀ ਇਕ ਕਾਪੀ ਗੁਰਬਚਨ ਸਿੰਘ ਜੌਹਲ ਜੋ ਖੁਦ ਵੀ 1923 ਵਿਚ ਕੈਨੇਡਾ ਆਏ ਸਨ, ਨੂੰ ਭੇਂਟ ਕੀਤੀ। ਕਿਤਾਬ ਭੇਂਟ ਕਰਨ ਲੱਗਿਆਂ ਡਾਕਟਰ ਧਾਮੀ ਨੇ ਕਿਹਾ : ਮੈਂ ਸਰਦਾਰ ਗੁਰਬਚਨ ਸਿੰਘ ਜੌਹਲ ਨੂੰ ਇਕ ਕਿਤਾਬ ਨਹੀਂ ਭੇਂਟ ਕਰਨ ਲੱਗਾ ਸਗੋਂ ਆਪਣੇ ਦਿਲ ਦਾ, ਜਿਗਰ ਦਾ ਟੁਕੜਾ ਪੇਸ਼ ਕਰਨ ਲੱਗਾ ਹਾਂ। ਉਹਨਾਂ ਲੋਕਾਂ (ਜਿਹਨਾਂ ਦੀ ਇਹ ਕਹਾਣੀ ਹੈ) ਦੇ ਮਜ਼ਾਰ 'ਤੇ ਇਹ ਇਕ ਫੁੱਲਾਂ ਦਾ ਗੁਲਦਸਤਾ ਹੈ। ਉਹਨਾਂ ਦੀ ਮੜ੍ਹੀ ਤੇ ਇਕ ਦੀਵਾ ਹੈ। ਇਹ ਨਾਵਲ ਮੇਰੀ ਮੁਹੱਬਤ ਅਤੇ ਯਾਦ ਦੀ ਇਕ ਨਿਸ਼ਾਨੀ ਹੈ।

ਇਸ ਤੋਂ ਬਿਨਾਂ ਸਮਾਗਮ ਵਿਚ ਵੈਨਕੂਵਰ ਸੱਥ ਵਲੋਂ ਨਾਵਲ ਮਲੂਕਾ ਦੇ ਪਹਿਲੇ ਹਿੱਸੇ ਉਪਰ ਅਧਾਰਤ ਨਾਟਕ 'ਮਲੂਕੇ ਦਾ ਪਹਿਲਾ ਵਿਸ਼ਵ ਵਿਦਿਆਲਾ' ਪੰਜਾਬੀ ਆਰਟਿਸਟ ਐਸੋਸੀਏਸ਼ਨ ਰਿਚਮੰਡ ਵਲੋਂ ਭੰਗੜਾ ਅਤੇ ਸੁਖਵਿੰਦਰ ਲਾਲੀ ਵਲੋਂ ਲੋਕ ਗੀਤ ਪੇਸ਼ ਕੀਤੇ ਗਏ। ਅਤੇ ਮਨਜੀਤ ਢਿਲੋਂ ਨੇ ਆਪਣੇ ਬਾਲਦੀਨ ਜੋ ਯਕਦਮ ਦੇ ਨਾਂ ਥੱਲੇ ਕਵਿਤਾ ਲਿਖਦੇ ਰਹੇ, ਦੀ ਇਕ ਕਵਿਤਾ ਪੜ੍ਹ ਕੇ ਸੁਣਾਈ। ਪੇਸ਼ ਕੀਤਾ ਗਿਆ ਨਾਟਕ ਭਾਵੇਂ ਛੋਟਾ ਸੀ ਪਰ ਫੇਰ ਵੀ ਉਸ ਵਿਚ ਪਹਿਲੀਆਂ ਵਿਚ ਆਏ ਪੰਜਾਬੀਆਂ ਦੇ ਜੀਵਨ ਦੇ ਕਈ ਪੱਖ ਦਿਖਾਏ ਗਏ, ਜਿਵੇਂ — ਦੇਸ਼ ਲਈ ਉਦਰੇਵਾਂ, ਕੰਮਾਂ ਉਪਰ ਔਖਿਆਈ ਅਤੇ ਵਿਤਕਰਾ, ਦੇਸ਼ ਦੀ ਆਜ਼ਾਦੀ ਬਾਰੇ ਉਹਨਾਂ ਦੀ ਭਾਵਨਾ ਅਤੇ ਮੁੱਖ ਪਾਤਰ ਮਲੂਕੇ ਨੂੰ ਅਨਪੜ੍ਹ ਪੰਜਾਬੀਆਂ ਵਲੋਂ ਉਚੀ ਵਿਦਿਆ ਲਈ ਪ੍ਰੇਰਨਾ ਆਦਿ। ਨਾਟਕ ਵਿਚ ਹਿੱਸਾ ਲੈਣ ਵਾਲੇ ਸਨ — ਸੁਖਵਿੰਦਰ ਤੱਖਰ, ਸੁਖਵੰਤ ਹੁੰਦਲ, ਪਾਲ ਬਿਨਿੰਗ, ਮਨਜੀਤ ਸਿੰਘ, ਅਮਨਪਾਲ ਸਾਰਾ ਅਤੇ ਮੱਖਣ ਟੁੱਟ। ਨਾਟਕ ਸੁਖਵੰਤ ਹੁੰਦਲ ਅਤੇ ਸਾਧੂ ਨੇ ਲਿਖਿਆ ਸੀ।

ਮਲੂਕਾ ਰੀਲੀਜ਼ ਸਮਾਗਮ ਦੀ ਪ੍ਰਧਾਨਗੀ ਕੈਨੇਡਾ ਦੇ ਪੰਜਾਬੀ ਨਾਵਲਕਾਰ ਗਿਆਨੀ ਕੇਸਰ ਸਿੰਘ ਨੇ ਕੀਤੀ। ਸਕੱਤਰ ਦੀਆਂ ਜ਼ਿੰਮੇਵਾਰੀਆਂ ਸਾਧੂ ਨੇ ਨਿਭਾਈਆਂ।

ਹੋਰ ਸਰਗਰਮੀਆਂ :

ਮੁੱਖ ਸਮਾਗਮ ਤੋਂ ਬਿਨਾਂ ਡਾਕਟਰ ਧਾਮੀ ਵੈਨਕੂਵਰ ਦੇ ਆਸ ਪਾਸ ਅਤੇ ਕੈਨੇਡਾ ਦੇ ਹੋਰ ਸ਼ਹਿਰਾਂ ਵਿਚ ਨਾਵਲ ਮਲੂਕਾ ਦੇ ਸੰਬੰਧ ਵਿਚ ਹੋਈਆਂ ਮੀਟਿੰਗਾਂ ਵਿਚ ਸ਼ਾਮਲ ਹੋਏ। ਇਹ ਮੀਟਿੰਗਾਂ ਵੈਨਕੂਵਰ ਦੇ ਪੰਜਾਬੀ ਲੇਖਕ ਮੰਚ ਦੇ ਮੈਂਬਰਾਂ ਨਾਲ, ਸਾਈਮਨ ਫਰੇਜ਼ਰ ਯੂਨੀਵਰਸਿਟੀ, ਲਾ-ਕੁਏਨਾ ਰੈਸਟੋਰੈਂਟ, ਜਾਹਨ ਆਲੀਵਰ ਹਾਈ ਸਕੂਲ, ਈਸਟ ਰਿਚਮੰਡ ਕਮਿਊਨਿਟੀ ਸੈਂਟਰ, ਕਲੋਨਾ ਬੀ ਸੀ, ਅਤੇ ਐਡਮਿੰਟਨ ਵਿਚ ਹੋਈਆਂ। ਇਹਨਾਂ ਵਿਚੋਂ ਕੁਝ ਮੀਟਿੰਗਾਂ ਨਿਰੋਲ ਅੰਗਰੇਜ਼ੀ ਬੋਲੀ ਵਿਚ ਹੋਈਆਂ।

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮੀਟਿੰਗ ਵਿਚ ਡਾਕਟਰ ਧਾਮੀ ਨੇ ਫਿਲਾਸਫੀ ਅਤੇ ਸਾਹਿਤ ਬਾਰੇ ਉਚ ਪੱਧਰ ਦੀ ਗੱਲਬਾਤ ਕੀਤੀ। ਧਾਮੀ ਹੋਰਾਂ ਦੀ ਅੰਗਰੇਜ਼ੀ ਸਾਹਿਤ ਤੇ ਦੁਨੀਆਂ ਦੇ ਮਸ਼ਹੂਰ ਫਿਲਾਸਫਰਾਂ ਜਿਵੇਂ ਹੀਗਲ, ਨੀਤਸ਼ੇ, ਸ਼ੋਪਨਹਾਵਰ ਆਦਿ ਬਾਰੇ ਡੂੰਘੀ ਜਾਣਕਾਰੀ 'ਤੇ ਮੰਚ ਦੇ ਮੈਂਬਰਾਂ ਨੇ ਖੁਸ਼ੀ ਭਰੀ ਹੈਰਾਨੀ ਜਾਹਿਰ ਕੀਤੀ।

ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਚ ਡਾਕਟਰ ਧਾਮੀ ਡਿਪਾਰਟਮੈਂਟ ਆਫ ਹਿਸਟਰੀ, ਡਿਪਾਰਟਮੈਂਟ ਆਫ ਹਿਊਮੈਨਟੀਜ਼ ਅਤੇ ਸਾਊਥ ਈਸਟ ਏਸ਼ੀਅਨ ਸਟੂਡੈਂਟ ਐਸੋਸੀਏਸ਼ਨ ਦੇ ਸੱਦੇ ਉਪਰ ਗਏ ਸਨ। ਡਾਕਟਰ ਹਿਊ ਜਾਹਨਸਟਨ ਨੇ ਧਾਮੀ ਹੋਰਾਂ ਦੀ ਜਾਣਪਛਾਣ ਅੰਗਰੇਜ਼ੀ ਅਤੇ ਪੰਜਾਬੀ ਵਿਚ ਕਰਾਈ ਅਤੇ ਧਾਮੀ ਹੋਰਾਂ ਨੂੰ ਕੈਨੇਡਾ ਸੱਦਣ ਲਈ ਵੈਨਕੂਵਰ ਸੱਥ ਦਾ ਧੰਨਵਾਦ ਕੀਤਾ। ਡਾਕਟਰ ਧਾਮੀ ਨੇ ਕੈਨੇਡਾ ਵਿਚ ਆਪਣੇ ਤਜਰਬੇ ਅਤੇ ਨਸਲਵਾਦ ਬਾਰੇ ਲੰਮੀ ਤੇ ਦਿਲਚਸਪ ਤਕਰੀਰ ਕੀਤੀ। ਵਧੀਆ ਗੱਲ ਇਹ ਹੋਈ ਕਿ ਮੀਟਿੰਗ ਖਤਮ ਹੋਣ ਬਾਅਦ ਵੀ ਕਾਫੀ ਵਿਦਿਆਰਥੀ ਕਿੰਨਾ ਚਿਰ ਧਾਮੀ ਹੋਰਾਂ ਨਾਲ ਉਤਸਕਤਾ ਅਤੇ ਦਿਲਚਸਪੀ ਨਾਲ ਗੱਲਾਂ ਕਰਦੇ ਰਹੇ ਅਤੇ ਉਹਨਾਂ ਕੋਲੋਂ ਉਹਨਾਂ ਦੀਆਂ ਲਿਖੀਆਂ ਹੋਰ ਕਿਤਾਬਾਂ ਬਾਰੇ ਜਾਣਕਾਰੀ ਲਈ ਸਵਾਲ ਪੁੱਛਦੇ ਰਹੇ।

ਵੈਨਕੂਵਰ ਦੀ ਕਮਰਸ਼ਲ ਸਟਰੀਟ 'ਤੇ ਲਾ-ਕੁਏਨਾ ਵਿਚ ਰੱਖੀ ਮੀਟਿੰਗ ਵਿਚ ਪੰਜਾਬੀਆਂ ਦੀ ਦੂਜੀ ਪੀੜ੍ਹੀ ਦੇ ਕਾਫੀ ਸਰੋਤੇ ਪਹੁੰਚੇ ਜਿਹਨਾਂ ਧਾਮੀ ਹੋਰਾਂ ਦੇ

⟶

→

ਤਜਰਬਿਆਂ ਨੂੰ ਧਿਆਨ ਨਾਲ ਸੁਣਿਆ। ਸਾਧੂ ਨੇ ਮੀਟਿੰਗ ਦੇ ਸ਼ੁਰੂ ਵਿਚ ਧਾਮੀ ਹੋਰਾਂ ਦੀ ਜਾਣਪਛਾਣ ਕਰਾਈ ਅਤੇ ਅਖੀਰ ਵਿਚ ਧਾਮੀ ਹੋਰਾਂ ਦੀ ਕੈਨੇਡਾ ਫੇਰੀ ਬਾਰੇ ਹੋਰ ਜਾਣਕਾਰੀ ਦਿੱਤੀ।

ਧਾਮੀ ਹੋਰਾਂ ਦੇ ਵੈਨਕੂਵਰੋਂ ਜਾਣ ਪਹਿਲਾਂ ਉਹਨਾਂ ਦੀ ਖ਼ੁਆਹਿਸ਼ 'ਤੇ ਇਕ ਉਹਨਾਂ ਵਲੋਂ ਛੋਟੀ ਜਿਹੀ ਪਾਰਟੀ ਦਾ ਪ੍ਰਬੰਧ ਕੀਤਾ ਗਿਆ। ਇਸ ਪਾਰਟੀ ਵਿਚ ਧਾਮੀ ਹੋਰਾਂ ਦੀ ਜਾਣ ਪਛਾਣ ਵਾਲੇ, ਉਹਨਾਂ ਦੇ ਪੁਰਾਣੇ ਦੋਸਤ ਮਿੱਤਰ, ਅਤੇ ਵੈਨਕੂਵਰ ਸੱਥ ਦੇ ਮੈਂਬਰ, ਕਮਿਊਨਿਟੀ ਦੇ ਲੇਖਕ ਅਤੇ ਹੋਰ ਸਰਗਰਮ ਲੋਕ ਸ਼ਾਮਲ ਹੋਏ। ਪੰਜਾਬੀ ਕਵੀ ਗੁਰਚਰਨ ਰਾਮਪੁਰੀ, ਅਜਮੇਰ ਰੋਡੇ ਤੇ ਸੁਰਜੀਤ ਕਲਸੀ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ ਅਤੇ ਧਾਮੀ ਹੋਰਾਂ ਦੀ ਕੈਨੇਡਾ ਫੇਰੀ ਬਾਰੇ ਆਪਣੇ ਪ੍ਰਭਾਵ ਦੱਸੇ। ਇਸੇ ਤਰ੍ਹਾਂ ਕਮਿਊਨਿਟੀ ਵਿਚੋਂ ਹੋਰ ਸਰਗਰਮ ਲੋਕਾਂ ਜਿਵੇਂ ਚਰਨਪਾਲ ਗਿੱਲ, ਰਾਜ ਚੌਹਾਨ, ਸਰਬਜੀਤ ਨੀਲ, ਮੰਗਾ ਬਾਸੀ ਅਤੇ ਪਾਲ ਬਿਨਿੰਗ ਨੇ ਆਪਣੇ ਪ੍ਰਭਾਵ ਦੱਸੇ। ਅਮਨਪਾਲ ਸਾਰਾ ਨੇ ਸਕੱਤਰ ਦੀਆਂ ਜ਼ਿਮੇਂਵਾਰੀਆਂ ਨਿਭਾਈਆਂ। ਅਖੀਰ ਵਿਚ ਧਾਮੀ ਹੋਰਾਂ ਸਾਰੇ ਆਏ ਹੋਏ ਸੱਜਣਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਸ ਫੇਰੀ ਦੌਰਾਨ ਜੋ ਤੁਸੀਂ ਮੈਨੂੰ ਪਿਆਰ ਤੇ ਅਪਣੱਤ ਦਿਖਾਈ ਹੈ ਉਸਨੇ ਮੈਨੂੰ ਮੁੜ ਜਵਾਨ ਕਰ ਦਿੱਤਾ ਹੈ। ਪਾਰਟੀ ਦਾ ਫੈਸਲਾ ਕਾਹਲੀ ਵਿਚ ਕੀਤਾ ਹੋਣ ਕਰਕੇ ਸੱਥ ਵਲੋਂ ਕੁਝ ਦੋਸਤਾਂ ਨੂੰ ਸਮੇਂ ਸਿਰ ਸਿਰ ਸੱਦਾ ਨਾ ਦੇ ਹੋਇਆ ਅਤੇ ਜਿਹਨਾਂ ਦੀ ਘਾਟ ਮਹਿਸੂਸ ਹੁੰਦੀ ਰਹੀ

ਵੈਨਕੂਵਰ ਤੋਂ ਸਨਿਚਰਵਾਰ ਅੱਠ ਅਕਤੂਬਰ ਨੂੰ ਧਾਮੀ ਹੋਰੀਂ ਸੱਥ ਦੇ ਕੁਝ ਮੈਂਬਰਾਂ ਸਮੇਤ ਕਲੌਨਾ ਲਈ ਚਲ ਪਏ। ਉਸੇ ਸ਼ਾਮ ਨੂੰ ਕਲੌਨੇ ਵਿਚ ਉਥੋਂ ਦੇ ਦੋਸਤਾਂ ਨੇ ਇਕ ਹੋਟਲ ਵਿਚ ਮੀਟਿੰਗ/ਖਾਣੇ ਦਾ ਪ੍ਰਬੰਧ ਕੀਤਾ ਹੋਇਆ ਸੀ। ਧਾਮੀ ਹੋਰਾਂ ਦੀ ਗੱਲਬਾਤ ਤੋਂ ਬਿਨ੍ਹਾਂ ਆਏ ਹੋਏ ਹੋਰ ਪਤਵੰਤੇ ਸੱਜਣਾਂ ਨੇ ਵੀ ਛੋਟੀਆਂ ਛੋਟੀਆਂ ਤਕਰੀਰਾਂ ਕੀਤੀਆਂ ਅਤੇ ਅਖੀਰ ਵਿਚ ਸੱਥ ਦੇ ਮੈਂਬਰ ਪਾਲ ਬਿਨਿੰਗ ਨੇ ਕਲੌਨੇ ਦੇ ਦੋਸਤਾਂ ਖਾਸ ਕਰ ਪਰਮਜੀਤ ਪਤਾਰਾ ਅਤੇ ਚੇਂਚਲ ਬਲ ਦਾ ਸਾਰੇ ਪ੍ਰਬੰਧ ਕਰਨ ਲਈ ਧੰਨਵਾਦ ਕੀਤਾ।

ਧਾਮੀ ਹੋਰਾਂ ਦੀ ਆਖਰੀ ਮੀਟਿੰਗ ਐਤਵਾਰ ਨੂੰ ਐਡਮਿੰਟਨ ਵਿਚ ਹੋਈ। ਇਸ ਮੀਟਿੰਗ ਵਿਚ 150 ਦੇ ਕਰੀਬ ਲੋਕ ਸ਼ਾਮਲ ਹੋਏ ਅਤੇ ਉਹਨਾਂ ਨੇ ਬਹੁਤ ਹੀ ਧਿਆਨ ਨਾਲ ਗੱਲਾਂ ਸੁਣੀਆਂ ਅਤੇ ਉਹਨਾਂ ਤੋਂ ਕਈ ਸਵਾਲ ਵੀ ਪੁੱਛੇ। ਇਸ ਤੋਂ ਬਿਨਾਂ ਸੱਥ ਦੇ ਮੈਂਬਰਾਂ ਸਾਧੂ ਤੇ ਅਮਨਪਾਲ ਨੇ ਆਪਣੀਆਂ ਕਵਿਤਾਵਾਂ ਵੀ ਸੁਣਾਈਆਂ। ਸੁਖਵੰਤ ਹੁੰਦਲ ਨੇ ਧਾਮੀ ਹੋਰਾਂ ਬਾਰੇ ਜਾਣਕਾਰੀ ਦਿੱਤੀ। ਸਕੱਤਰ ਦੀ ਜ਼ਿਮੇਂਵਾਰੀ ਪੰਜਾਬੀ ਕਵੀ ਸੁਰਿੰਦਰ ਧੰਜਲ ਨੇ ਨਿਭਾਈ। ਮੀਟਿੰਗ ਦੀ ਪ੍ਰਧਾਨਗੀ ਹਰਬੰਸ ਢਿਲੋਂ ਨੇ ਕੀਤੀ। ਐਡਮਿੰਟਨ ਵਿਚ ਇਸ ਵਧੀਆ ਮੀਟਿੰਗ ਦਾ ਪ੍ਰਬੰਧ ਸੱਥ ਦੇ ਦੋਸਤਾਂ ਸਤਵੰਤ ਦੀਪਕ, ਲਾਟ ਭਿੰਡਰ, ਸੁਰਿੰਦਰ ਧੰਜਲ, ਹਰਦੇਵ ਵਿਰਕ, ਰਵਿੰਦਰ ਸੰਧੂ ਅਤੇ ਉਹਨਾਂ ਦੇ ਹੋਰ ਦੋਸਤਾਂ ਨੇ ਕੀਤਾ।

ਉਪਰੋਕਤ ਸਰਗਰਮੀਆਂ ਤੋਂ ਬਿਨਾਂ ਧਾਮੀ ਹੋਰਾਂ ਦੇ ਦੌਰੇ ਤੋਂ ਪਹਿਲਾਂ ਅਤੇ ਦੌਰੇ ਦੌਰਾਨ ਉਹਨਾਂ ਬਾਰੇ ਸਥਾਨਕ ਇੰਡੋ-ਕਨੇਡੀਅਨ ਮੀਡੀਏ ਅਤੇ ਦੂਜੇ ਅੰਗਰੇਜ਼ੀ ਮੀਡੀਏ ਵਿਚ ਧਾਮੀ ਹੋਰਾਂ ਬਾਰੇ ਕਈ ਰੀਪੋਰਟਾਂ ਆਦਿ ਛਪੀਆਂ। ਜਿਵੇਂ ਕੈਨੇਡਾ ਦਰਪਣ ਨੇ ਉਹਨਾਂ ਬਾਰੇ ਇਕ ਸਪੈਸ਼ਲ ਸਪਲੀਮੇਂਟ ਕੱਢਿਆ, ਟੀ ਵੀ ਦੇ ਮਲਟੀਕਲਚਰਲ ਚੈਨਲ 'ਤੇ ਆਉਂਦੇ ਆਈ ਟੀ ਪ੍ਰੋਡਕਸ਼ਨ ਦੇ ਭਾਰਤੀ ਪ੍ਰੋਗਰਾਮ ਵਿਚ ਉਹਨਾਂ ਬਾਰੇ ਇਕ ਇੰਟਰਵਿਊ ਦਿੱਤੀ ਗਈ; ਲਿੰਕ ਅਖਬਾਰ ਵਿਚ ਮਲੂਕਾ ਦੇ ਰੀਲੀਜ਼ ਬਾਰੇ ਰੀਪੋਰਟ ਛਾਪੀ ਗਈ; ਇਕ ਰੀਪੋਰਟ ਵੈਨਕੂਵਰ ਸਨ ਵਿਚ ਛਾਪੀ; ਸੀ ਬੀ ਸੀ ਰੇਡੀਓ ਅਤੇ ਕੋ ਆਪ ਰੇਡੀਓ ਦੇ ਪ੍ਰੋਗਰਾਮ ਸਮੇਂ ਦੀ ਆਵਾਜ਼ 'ਤੇ ਉਹਨਾਂ ਨਾਲ ਇੰਟਰਵੀਊਆਂ ਦਿੱਤੀਆਂ ਗਈਆਂ। ਸਮੇਂ ਦੀ ਘਾਟ ਕਾਰਨ ਕਈ ਹੋਰ ਮਹੱਤਵਪੂਰਨ ਇੰਟਰਵੀਊਆਂ, ਖਾਸ ਕਰ ਕੁਝ ਟੀ ਵੀ ਇੰਟਰਵੀਊਆਂ ਟੇਪ ਹੋਣੋ ਰਹਿ ਗਈਆਂ।

ਇਹ ਸਭ ਲਿਖਣ ਤੋਂ ਭਾਵ ਹੈ ਕਿ ਧਾਮੀ ਹੋਰਾਂ ਬਾਰੇ ਅਤੇ ਉਹਨਾਂ ਦੇ ਨਾਵਲ ਬਾਰੇ ਭਾਰਤੀ ਕਮਿਊਨਿਟੀ ਅਤੇ ਦੂਜੀ ਕਮਿਊਨਿਟੀ ਤੱਕ ਵੱਧ ਤੋਂ ਵੱਧ



ਤਸਵੀਰ ਵਿਚ ਸ਼ਾਮਲ ਹਨ ਸ੍ਰੀ ਧਾਮੀ ਨਾਲ ਸਾਧੂ, ਰਾਮਪੁਰੀ, ਬਲਦੇਵ ਦੂਹੜੇ, ਸੁਖਵੰਤ ਹੁੰਦਲ, ਰਾਜ ਚੌਹਾਨ ਆਦਿ

ਵਾਕਫੀ ਪਹੁੰਚਾਣ ਦੀ ਕੋਸ਼ਿਸ਼ ਕੀਤੀ ਗਈ। ਵੈਨਕੂਵਰ ਸੱਥ ਦਾ ਇਸ ਪਿਛੇ ਸਾਫ ਮਕਸਦ ਸੀ ਕਿ ਆਪਣੀ ਕਮਿਊਨਿਟੀ ਦੇ ਵਿਗੜ ਰਹੇ 'ਇਮੇਜ਼' ਨੂੰ ਠੀਕ ਕਰਨ ਲਈ ਕੁਝ ਹਾਂ ਪੱਖੀ, ਕੋਈ ਉਤਸ਼ਾਹ ਜਨਕ ਚੀਜ਼ ਪੇਸ਼ ਕੀਤੀ ਜਾਵੇ। ਧਾਮੀ ਹੋਰਾਂ ਦਾ ਵੈਨਕੂਵਰ ਦੇ ਹਾਈ ਸਕੂਲ ਵਿਚ ਪਹਿਲਾ ਵਿਦਿਆਰਥੀ ਅਤੇ

ਕੈਨੇਡਾ ਵਿਚ ਪਹਿਲੇ ਪੀ ਐਚ ਡੀ ਲੈਣ ਵਾਲੇ ਪੰਜਾਬੀ ਵਜੋਂ ਕੈਨੇਡਾ ਦੀ ਪੰਜਾਬੀ ਕਮਿਊਨਿਟੀ ਦੇ ਇਤਿਹਾਸ ਵਿਚ ਉਂਝ ਵੀ ਯੋਗ ਅਸਥਾਨ ਬਣਦਾ ਹੈ; ਉਹਨਾਂ ਵਲੋਂ ਆਪਣੇ ਤਜਰਬੇ 'ਤੇ ਆਧਾਰਤ ਨਾਵਲ ਲਿਖਣ ਨਾਲ ਉਹਨਾਂ ਦਾ ਇਹ ਅਸਥਾਨ ਬਹੁਤ ਹੀ ਮਹੱਤਵਪੂਰਨ ਬਣ ਜਾਂਦਾ ਹੈ। ਉਹਨਾਂ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲੈ ਜਾਣਾ ਸਾਡੇ ਖਿਆਲ ਵਿਚ ਇਕ ਵਧੀਆ ਗੱਲ ਸੀ। ਉਮੀਦ ਕੀਤੀ ਜਾਂਦੀ ਹੈ ਕਿ ਇਹਦੇ ਨਾਲ ਸਾਡੀਆਂ ਨਵੀਆਂ ਪੀੜ੍ਹੀਆਂ ਨੂੰ ਕੁਝ ਮਾਣ ਕਰਨ ਯੋਗ ਮਿਲੇਗਾ।

ਦੂਜੀਆਂ ਕਮਿਊਨਿਟੀਆਂ ਵਿਚ ਆਪਣੇ ਵਿਰਸੇ ਨੂੰ ਸਾਂਭਣ, ਇਥੋਂ ਤੱਕ ਕਿ ਇਤਿਹਾਸ ਵਿਚ ਹੋਈਆਂ ਵਧੀਕੀਆਂ ਬਾਰੇ ਸਰਕਾਰਾਂ ਤੋਂ ਮੁਆਫੀਆਂ ਮੰਗਾਉਣ, ਦੀਆਂ ਜਦ ਅਸੀਂ ਖਬਰਾਂ ਸੁਣਦੇ ਹਾਂ ਤਾਂ ਹੱਥ ਮਲਦੇ ਰਹਿ ਜਾਂਦੇ ਹਾਂ ਕਿ ਸਾਡੀ ਕਮਿਊਨਿਟੀ ਵਿਚ ਕਦੋਂ ਇਹੋ ਜਿਹਾ ਕੁਝ ਹੋਵੇਗਾ। ਧਾਮੀ ਵਰਗੇ ਬਜ਼ੁਰਗ ਲੇਖਕ ਦੂਜੀਆਂ ਕਮਿਊਨਿਟੀਆਂ ਲਈ ਨਿਸਚੇ ਹੀ ਸਤਿਕਾਰੇ, ਪਿਆਰੇ ਬਜ਼ੁਰਗ ਹੋਣਗੇ ਪਰ ਸਾਨੂੰ ਇਹਨਾਂ ਵਰਗੇ ਲੋਕਾਂ ਬਾਰੇ ਕੋਈ ਚਿੱਤ ਚੇਤਾ ਵੀ ਨਹੀਂ ਹੈ। ਜਿਨਾ ਚਿਰ ਅਸੀਂ ਆਪਣੇ ਵਿਰਸੇ ਦੀ, ਆਪਣੇ ਇਤਿਹਾਸ ਦੀ ਖੁਦ ਇਜ਼ਤ ਕਰਨੀ ਨਹੀਂ ਸਿਖਦੇ ਦੂਜੇ ਲੋਕ ਇਹਦੀ ਕੋਈ ਇਜ਼ਤ ਨਹੀਂ ਕਰਨ ਲੱਗੇ।

ਸੋ ਇਹਨਾਂ ਹੀ ਵਿਚਾਰਾਂ ਅਧੀਨ ਵੈਨਕੂਵਰ ਸੱਥ ਨੇ ਇਹ ਪ੍ਰਾਜੈਕਟ ਸ਼ੁਰੂ ਕੀਤਾ ਸੀ। ਹੁਣ ਕੰਮ ਖਤਮ ਹੋਣ ਬਾਅਦ ਸਾਨੂੰ ਇਸ ਗੱਲ ਦੀ ਤਸੱਲੀ ਹੈ ਕਿ ਘੱਟੋ ਘੱਟ ਅਸੀਂ ਆਪਣੇ ਵਿਰਸੇ ਚੋਂ ਕੁਝ ਨਾ ਕੁਝ ਮਾਣ ਕਰਨ ਯੋਗ ਕੱਢ ਕੇ ਲੋਕਾਂ ਸਾਹਮਣੇ ਰੱਖਿਆ ਹੈ। ਇਸ ਦੀ ਕਿੰਨੀ ਕੁ ਕਦਰ ਪੈਂਦੀ ਹੈ ਇਹ ਕਦਰਦਾਨਾਂ 'ਤੇ ਹੈ ਅਤੇ ਇਸ ਬਾਰੇ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਸਮੇਂ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਇਸ ਪ੍ਰਾਜੈਕਟ ਨਾਲ ਕੈਨੇਡਾ ਦੇ ਪੰਜਾਬੀ ਸਾਹਿਤ ਬਾਰੇ ਸਾਡੀ ਕਮਿਊਨਿਟੀ ਵਿਚ ਇਕ ਵੱਡੇ ਪੱਧਰ 'ਤੇ ਹਾਂ ਪੱਖੀ ਚਰਚਾ ਛਿੜੀ ਹੈ। ਅਤੇ ਸਾਹਿਤ ਪ੍ਰਤੀ ਦਿਲਚਸਪੀ ਵਧੀ ਹੈ। ਆਸ ਕਰਨੀ ਚਾਹੀਦੀ ਹੈ ਕਿ ਜਿਸ ਤਰ੍ਹਾਂ ਲੋਕਾਂ ਨੇ ਇਸ ਨਾਵਲ ਵੱਲ ਉਤਸ਼ਾਹ ਅਤੇ ਅਪਣੱਤ ਦਿਖਾਈ ਹੈ ਉਸੇ ਤਰ੍ਹਾਂ ਉਹ ਕੈਨੇਡਾ ਵਿਚ ਰਚੇ ਜਾ ਰਹੇ ਹੋਰ ਪੰਜਾਬੀ ਸਾਹਿਤ ਵੱਲ ਵੀ ਧਿਆਨ ਦੇਣਗੇ। ਇਹੋ ਜਿਹੇ ਕਿੰਨੇ ਹੀ ਹੋਰ ਕੰਮ ਕਰਨ ਵਾਲੇ ਪਏ ਹਨ ਜਿਹਨਾਂ ਬਾਰੇ ਉਮੀਦ ਕਰਨੀ ਚਾਹੀਦੀ ਹੈ ਕਿ ਕਮਿਊਨਿਟੀਆਂ ਦੀਆਂ ਹੋਰ ਜਥੇਬੰਦੀਆਂ, ਖਾਸ ਕਰ, ਆਰਥਿਕ ਪੱਖੋਂ ਮਜ਼ਬੂਤ ਜਥੇਬੰਦੀਆਂ ਉਹਨਾਂ ਵੱਲ ਜ਼ਰੂਰ ਧਿਆਨ ਦੇਣਗੀਆਂ।

ਧਾਮੀ ਹੋਰਾਂ ਦੀ ਕੈਨੇਡਾ ਫੇਰੀ ਤੋਂ ਕੁਝ ਬੜੀਆਂ ਦਿਲਚਸਪ ਗੱਲਾਂ ਸਾਹਮਣੇ ਆਈਆਂ ਹਨ। ਸਾਡੀ ਨਵੀਂ ਪੀੜ੍ਹੀ ਨੂੰ ਸਾਡੀ ਇਥੋਂ ਦੀ ਪੁਰਾਣੀ ਪੀੜ੍ਹੀ ਨਾਲੋਂ ਆਪਣੇ ਵਿਰਸੇ ਦੀ ਜ਼ਿਆਦਾ ਚਿੰਤਾ ਹੈ। ਇਹ ਕੁਦਰਤੀ ਵੀ ਹੈ ਅਤੇ ਸ਼ੁਭ ਸ਼ਗਨ ਵੀ। ਸਾਨੂੰ ਇਹ ਗੱਲ ਜਾਣ ਕੇ ਕਾਫੀ ਠੇਸ ਲੱਗੀ ਕਿ ਕਮਿਊਨਿਟੀ ਵਿਚਲੀ ਪੁਰਾਣੀ ਪੀੜ੍ਹੀ ਦੇ ਕੁਝ ਲੋਕਾਂ ਕੋਲ ਨਾਵਲ ਮਲੂਕਾ ਦੀ ਕਾਪੀ ਪਿਛਲੇ ਕਈ ਸਾਲਾਂ ਤੋਂ ਮੌਜੂਦ ਸੀ ਪਰ ਉਹਨਾਂ ਨੇ ਇਸ ਵੱਡਮੁੱਲੀ ਕਿਤਾਬ ਬਾਰੇ ਦੂਜੇ ਲੋਕਾਂ ਨੂੰ ਦੱਸਣਾ ਆਪਣਾ ਫਰਜ਼ ਨਹੀਂ ਸਮਝਿਆ। ਇਸ ਤੋਂ ਉਲਟ ਨਵੀਂ ਪੀੜ੍ਹੀ ਦੇ ਬੱਚੇ ਜੋ ਅਜੇ ਸਕੂਲਾਂ ਕਾਲਜਾਂ ਵਿਚ ਪੜ੍ਹਦੇ ਹਨ ਉਹਨਾਂ ਨੇ ਇਸ ਕਿਤਾਬ ਬਾਰੇ ਅਤੇ ਡਾਕਟਰ ਧਾਮੀ ਬਾਰੇ ਜਾਣਕਾਰੀ ਹਾਸਿਲ ਕਰਕੇ ਬਹੁਤ ਹੀ ਖੁਸ਼ੀ ਮਹਿਸੂਸ ਕੀਤੀ ਹੈ। ਅਸੀਂ ਨਾਵਲ ਪੰਜਾਬੀ ਵਿਚ ਅਨੁਵਾਦ ਕਰਕੇ ਰੀਲੀਜ਼ ਕੀਤਾ ਹੈ ਪਰ ਕਿਤਾਬ ਦੀ ਅੰਗਰੇਜ਼ੀ ਵਿਚ ਮੰਗ ਪੰਜਾਬੀ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ।

ਇਕ ਗੱਲ ਇਹ ਸਾਹਮਣੇ ਆਈ ਹੈ ਕਿ ਭਾਵੇਂ ਕਮਿਊਨਿਟੀ ਦੇ ਬਹੁਤੇ ਲੋਕ ਅਜਿਹੇ ਲੋਕ ਕੰਮਾਂ ਲਈ ਪਹਿਲ ਕਦਮੀ ਨਹੀਂ ਕਰਦੇ ਪਰ ਉਹਨਾਂ ਵਿਚ ਇਹਨਾਂ ਕੰਮਾਂ ਦੀ ਲੋੜ ਦਾ ਅਹਿਸਾਸ ਅਤੇ ਕਦਰ ਜ਼ਰੂਰ ਹੈ। ਸਾਨੂੰ ਬਹੁਤ ਲੋਕਾਂ ਨੇ ਇਸ ਸਮੇਂ ਦੌਰਾਨ ਹੌਸਲਾ ਅਤੇ ਉਤਸ਼ਾਹ ਦਿੱਤਾ। ਜਿਹਨਾਂ ਤੱਕ ਵੀ ਅਸੀਂ ਪਹੁੰਚ ਕੀਤੀ ਹੈ ਉਹਨਾਂ ਨੇ ਆਰਥਿਕ ਪੱਖੋਂ ਵੀ ਸਾਡੀ ਜਥਾਯੋਗ ਸਹਾਇਤਾ ਕੀਤੀ ਹੈ।

ਧਾਮੀ ਹੋਰਾਂ ਦੇ ਸੰਬੰਧ ਵਿਚ ਹੋਈਆਂ ਮੀਟਿੰਗਾਂ ਦੌਰਾਨ ਕੈਨੇਡਾ ਵਿਚ ਰਹਿ ਰਹੀਆਂ ਪੰਜਾਬੀਆਂ ਦੀਆਂ ਵੱਖ ਵੱਖ ਪੀੜ੍ਹੀਆਂ ਦਾ ਆਪਸੀ ਤਾਲਮੇਲ ਵਧਿਆ ਪੰਜਾਬੀ ਕਮਿਊਨਿਟੀ ਦੇ ਸਾਰੇ ਲੋਕ ਧਾਮੀ ਹੋਰਾਂ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਏ ਅਤੇ ਉਹਨਾਂ ਸਾਰਿਆਂ ਵਿਚ ਇਕ ਨਵੀਂ ਅਪਣੱਤ ਤੇ ਨਵੇਂ ਅਹਿਸਾਸ ਦਾ ਜਾਗਣਾ ਮਹਿਸੂਸ ਕੀਤ ਜਾ ਸਕਦਾ ਸੀ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਅਹਿਸਾਸ ਹੋਰ ਵਧੇ ਫੁੱਲੇ। ਧਾਮੀ ਹੋਰਾਂ ਦੇ ਨਾਵਲ ਲਿਖਣ ਦਾ ਅਤੇ ਉਹਨਾਂ ਦੇ ਕੈਨੇਡਾ ਫੇਰੀ ਦਾ ਇਹ ਹੀ ਅਸਲ ਫਾਇਦਾ ਹੋਵੇਗਾ।

ਅਖੀਰ ਵਿਚ ਵੈਨਕੂਵਰ ਸੱਥ ਅਦਾਰਾ ਕੈਨੇਡਾ ਦਰਪਣ, ਟੀ ਵੀ ਪ੍ਰਸਟ ਸੁਸ਼ਮਾ, ਸਮੇਂ ਦੀ ਆਵਾਜ਼, ਲਿੰਕ ਅਖਬਾਰ ਅਤੇ ਪੈਂਫਲਿਟ ਵਿਚ ਇਸ਼ਤਿਹਾਰ ਦੇਣ ਵਾਲੇ ਵਪਾਰੀ ਸਜਣਾਂ ਦਾ ਧੰਨਵਾਦ ਕਰਦੀ ਹੈ। ਇਸਦੇ ਨਾਲ ਹੀ ਉਹਨਾਂ ਸਾਰੇ ਦੋਸਤਾਂ ਦਾ ਧੰਨਵਾਦ ਕਰਨਾ ਚਾਹੁੰਦੀ ਹੈ ਜਿਹਨਾਂ ਨੇ ਇਸ ਪ੍ਰਾਜੈਕਟ ਲਈ ਉਤਸ਼ਾਹ ਦਿੱਤਾ, ਆਰਥਿਕ ਮੱਦਦ ਦਿੱਤੀ, ਮੀਟਿੰਗਾਂ ਵਿਚ ਆਏ ਅਤੇ ਸਾਡੀ ਕਮਿਊਨਿਟੀ ਦੇ ਬਜ਼ੁਰਗ ਮਹਿਮਾਨ ਨੂੰ ਇਨਾ ਪਿਆਰ ਤੇ ਸਤਿਕਾਰ ਦਿੱਤਾ। ਇਹਨਾਂ ਦੋਸਤਾਂ ਸੱਜਣਾਂ ਦੇ ਸਹਿਯੋਗ ਬਿਨਾਂ ਕਿਸੇ ਕਾਮਯਾਬੀ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ।

ਵੈਨਕੂਵਰ ਸੱਥ

7 ਤਾਮਿਲ ਅਤਿਵਾਦੀ ਹਲਾਕ, 5 ਗ੍ਰਿਫਤਾਰ

ਕੋਲੰਬੋ — ਉਤਰੀ ਸ੍ਰੀਲੰਕਾ ਵਿਚ ਭਾਰਤੀ ਸ਼ਾਂਤੀ ਸੈਨਾ ਦੇ ਅਪਰੇਸ਼ਨ ਦੌਰਾਨ ਤਾਮਿਲ ਈਲਮ ਲਿਬਰੇਸ਼ਨ ਟਾਈਗਰਜ਼ ਦੇ ਸੱਤ ਅਤਿਵਾਦੀ ਮਾਰੇ ਗਏ ਜਦ ਕਿ ਪੰਜ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਜਾਣਕਾਰੀ ਭਾਰਤੀ ਹਾਈ ਕਮਿਸ਼ਨ ਦੇ ਇਕ ਬੁਲਾਰੇ ਨੇ ਦਿੱਤੀ। ਬੁਲਾਰੇ ਅਨੁਸਾਰ ਛੇ ਅਤਿਵਾਦੀ ਜਾਫਨਾ ਟਾਪੂ ਵਿਚ ਸਕੰਦਪੁਰਾ ਵਿਖੇ ਮਾਰੇ ਗਏ ਜਦ ਕਿ ਇਕ ਜਾਫਨਾ ਸ਼ਹਿਰ ਵਿਚ ਮਾਰਿਆ ਗਿਆ। ਟਾਪੂ ਨੇੜਿਓਂ ਹੀ ਸ਼ਾਂਤੀ ਸੈਨਾ ਨੇ ਪੰਜ ਖਤਰਨਾਕ ਦਹਿਸ਼ਤਗਰਦਾਂ ਨੂੰ ਵੀ ਗ੍ਰਿਫਤਾਰ ਕੀਤਾ।


ਚਰਨਪਾਲ ਗਿੱਲ ਨੂੰ ਅਟਵਾ ਭੇਜਣ ਦਾ ਇਕ ਸੁਨਹਿਰੀ ਮੌਕਾ

ਫੈਡਰਲ ਚੋਣਾਂ 21 ਨਵੰਬਰ ਵਿਚਕਾਰ ਸਿਰਫ ਦੋ ਹਫਤੇ ਰਹਿ ਗਏ ਹਨ। ਹਰ ਇਕ ਨੇ ਆਪਣੀ ਵੋਟ ਧਿਆਨ ਨਾਲ ਪਾਉਣੀ। ਜੇਕਰ ਕਿਸੇ ਨੇ ਬਾਹਰ ਜਾਣਾ ਹੈ ਤਾਂ ਆਪ ਕਿਸੇ ਵੀ ਦਿਨ, ਆਪਦੇ ਹਲਕੇ ਦੇ ਹੈਡ ਆਫਿਸ ਵਿਚ ਜਾ ਕੇ ਵੋਟ ਪਾ ਸਕਦੇ ਹੋ। ਜੇ ਆਪਦੀ ਵੋਟ ਨਹੀਂ ਬਣੀ ਤਾਂ ਤੁਹਾਨੂੰ ਇਕ ਹੋਰ ਵਿਅਕਤੀ ਆਪਣੇ ਹਲਕੇ ਵਿਚੋਂ ਜੋ ਆਪ ਨੂੰ ਜਾਣਦਾ ਹੋਵੇ, ਤੇ ਉਸਦੀ ਵੋਟ ਬਣੀ ਹੋਵੇ ਨਾਲ ਲਿਜਾਣਾ ਪਵੇਗਾ। ਇਹ ਵੋਟਾਂ ਦਿਹਾਤੀ ਹਲਕੇ ਵਿਚ ਹੀ ਪੈ ਸਕਦੀਆਂ ਹਨ।

ਹੇਠ ਲਿਖੇ ਭੈਣ ਭਰਾਵਾਂ ਤੇ ਬਜ਼ੁਰਗਾਂ ਨੇ ਮਾਇਕ ਸਹਾਇਤਾ ਦਿੱਤੀ ਹੈ ਜਿਸ ਦੇ ਅਸੀਂ ਅਤੀ ਹੀ ਰਿਣੀ ਹਾਂ। ਜੇ ਸਾਡੀ ਕਮਿਊਨਿਟੀ ਦਾ ਹਰ ਵਿਅਕਤੀ ਪੰਜ ਵੋਟਾਂ ਭੁਗਤਾ ਦੇਵੇ, ਜਿਸ ਨੂੰ ਕਿ ਉਹ ਜਾਣਦਾ ਨਹੀਂ ਤਾਂ ਚਰਨ ਗਿੱਲ ਅਵੱਸ਼ ਜਿੱਤ ਸਕਦਾ ਹੈ, ਸਾਰਿਆਂ ਦੀ ਮੱਦਦ ਦੀ ਲੋੜ ਹੈ। ਆਉ ਹੰਭਲਾ ਮਾਰ ਕੇ ਆਪਣੀ ਕਮਿਉਨਿਟੀ ਦੀ ਆਵਾਜ਼ ਬੁਲੰਦ ਕਰਨ ਲਈ ਚਰਨ ਗਿੱਲ ਨੂੰ ਜਤਾਈਏ, ਤੇ ਉਸਨੂੰ ਜਿਤਾ ਕੇ ਪਾਰਲੀਮੈਂਟ ਵਿਚ ਅਟਵੇ ਪੁਚਾਈਏ।

ਇਕੱਤਰ ਹੋਇਆ ਫੰਡ :

ਆਰ. ਬਿੰਦ ਐਬਟਸਫੋਰਡ	100 ਡਾਲਰ
ਮੁਹਿੰਦਰ ਸਿੰਘ ਬਿੰਦ ਐਬਟਸਫੋਰਡ	100 ਡਾਲਰ
ਸੁਰਜੀਤ ਰਾਏ ਪੋਰਟ ਕੁਕਿਟਲਮ	100 ਡਾਲਰ
ਕਰਤਾਰ ਸਿੰਘ ਸੱਭਰਵਾਲ ਸਰੀ	500 ਡਾਲਰ
ਬੰਤਾ ਸਿੰਘ ਸੱਭਰਵਾਲ ਸਰੀ	100 ਡਾਲਰ
ਕਰਨੈਲ ਸਿੰਘ ਸਰਾਂ, ਸਰੀ	100 ਡਾਲਰ
ਕੁਲਵਿੰਦਰ ਸਿੰਘ ਅਟਵਾਲ ਡੇਲਟਾ	50 ਡਾਲਰ
ਐਚ ਐਸ ਝੱਜ	30 ਡਾਲਰ
ਬਲਬੀਰ ਸਿੰਘ ਸਿੱਧੂ	50 ਡਾਲਰ
ਜਾਗੀਰ ਸਿੰਘ ਦਾਖਾ	100 ਡਾਲਰ
ਸਰਬਜੀਤ ਸਿੰਘ ਗਿੱਲ	50 ਡਾਲਰ
ਚਮਕੌਰ ਸਿੰਘ ਸੇਖੋਂ	30 ਡਾਲਰ
ਗੁਰਬਖਸ਼ ਸਿੰਘ ਜੌਹਲ	40 ਡਾਲਰ
ਤੇਜਾ ਸਿੰਘ ਹੇਅਰ	25 ਡਾਲਰ
ਸੁਰਿੰਦਰ ਸਿੰਘ ਸਿੱਧੂ	130 ਡਾਲਰ
ਕਰਨੈਲ ਸਿੰਘ ਨਾਗਰਾ	100 ਡਾਲਰ
ਨਿਰਮਲ ਸਿੰਘ ਸੰਧੂ	40 ਡਾਲਰ
ਸੁਖਦੇਵ ਸਿੰਘ	50 ਡਾਲਰ
ਬੇਅੰਤ ਸਿੰਘ ਸੇਖੋਂ	50 ਡਾਲਰ
ਗੁਰਦੇਵ ਸਿੰਘ ਸਿੱਧੂ	100 ਡਾਲਰ
ਹਰਨੇਕ ਸਿੰਘ ਸਿੱਧੂ	50 ਡਾਲਰ
ਜੇ. ਐਸ. ਰੰਧਾਵਾ	200 ਡਾਲਰ
ਜਰਨੈਲ ਸਿੰਘ ਗਰੇਵਾਲ	50 ਡਾਲਰ
ਕੁਲ ਜੋੜ	2540 ਡਾਲਰ



For Charan Gill, quality in government means quality in life

THE NEW DEMOCRATS

To help elect Charan Gill please call 538-3227 in White Rock, 591-1221 in Newton or 533-6502 in Brookswood.

ਫੰਡ ਜੋ ਬਜ਼ੁਰਗਾਂ (ਸੱਨਸੈਟ ਕਮਿਊਨਿਟੀ ਸੈਂਟਰ) ਵਲੋਂ ਆਇਆ :

ਮੇਤਾ ਸਿੰਘ ਗਰੇਵਾਲ	100 ਡਾਲਰ
ਬਹਾਦਰ ਸਿੰਘ ਧਾਲੀਵਾਲ	50 ਡਾਲਰ
ਜਗਤਾਰ ਸਿੰਘ ਗਰੇਵਾਲ	100 ਡਾਲਰ
ਕੁਲਵੰਤ ਸਿੰਘ	50 ਡਾਲਰ
ਮੱਖਣ ਸਿੰਘ ਰਾਏ	25 ਡਾਲਰ
ਜਸਵੰਤ ਸਿੰਘ ਲਿੱਧੜ	100 ਡਾਲਰ
ਗੁਰਦੇਵ ਸਿੰਘ ਬੈਂਸ	25 ਡਾਲਰ
ਰਤਨ ਸਿੰਘ ਜੌਹਲ	20 ਡਾਲਰ
ਕੇਹਰ ਸਿੰਘ ਸੱਗੂ	10 ਡਾਲਰ
ਹਰਨੇਕ ਸਿੰਘ ਚਾਹਲ	10 ਡਾਲਰ
ਕੁਲਦੀਪ ਸਿੰਘ ਗਿੱਲ	50 ਡਾਲਰ
ਗੁਰਦਿਆਲ ਸਿੰਘ	10 ਡਾਲਰ
ਮੋਹਣ ਸਿੰਘ ਪੁਰੇਵਾਲ	25 ਡਾਲਰ
ਸੇਵਾ ਸਿੰਘ ਢੱਟ	20 ਡਾਲਰ
ਜੁਗਿੰਦਰ ਸਿੰਘ ਬਾਂਦੀ	20 ਡਾਲਰ
ਕਰਨੈਲ ਸਿੰਘ ਅਟਵਾਲ	10 ਡਾਲਰ
ਕੁਲ ਜੋੜ	625 ਡਾਲਰ

(ਬਾਕੀ ਅਗਲੇ ਅੰਕ ਵਿਚ)

ਉਘੇ ਪੰਜਾਬੀ ਫਿਲਮ ਅਤੇ ਡਰਾਮਾ ਕਲਾਕਾਰਾਂ ਦਾ ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਸੁਆਗਤ

22.10.88 ਨੂੰ ਤੀਜੇ ਪਹਿਰ ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਉਘੇ ਫਿਲਮ ਐਕਟਰ ਮੋਹਨ ਬੱਗਣ (ਚੰਨ ਪਰਦੇਸੀ) ਅਤੇ ਵਰਿਆਮ ਮਸਤ ਹੋਰਾਂ ਦਾ ਸੁਆਗਤ ਕਰਨ ਲਈ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ ਜੋ 1 ਵਜੇ ਤੋਂ 6 ਵਜੇ ਸ਼ਾਮ ਤੱਕ ਚਲਦੀ ਰਹੀ।

ਮੀਟਿੰਗ ਵਿਚ ਮੁਖ ਤੌਰ ਉਤੇ ਮਹਿਮਾਨ ਕਲਾਕਾਰਾਂ ਤੋਂ ਫਿਲਮ ਜਗਤ, ਟੀ. ਵੀ. ਡਰਾਮਾ ਕਲਾ ਦੇ ਵਿਕਾਸ ਅਤੇ ਪੰਜਾਬ-ਖਾਸ ਕਰ ਚੰਡੀਗੜ੍ਹ ਵਿਚ ਡਰਾਮਾ ਕਲਾ ਸੰਬੰਧੀ ਸਰਗਰਮੀਆਂ ਬਾਰੇ ਅਨੇਕਾਂ ਸਵਾਲ ਹਾਜ਼ਰ ਲੇਖਕਾਂ ਨੇ ਕੀਤੇ।

ਸ੍ਰੀ ਮੋਹਨ ਬੱਗਣ ਹੋਰਾਂ ਦੱਸਿਆ, "ਮੈਂ ਵੈਨਕੂਵਰ ਤੋਂ ਵਾਪਸ ਮੁੜਕੇ ਅਨੇਕਾਂ ਪੰਜਾਬੀ ਹਿੰਦੀ ਫਿਲਮਾਂ ਵਿਚ ਕੰਮ ਕੀਤਾ ਹੈ ਜਿਨ੍ਹਾਂ 'ਚੋਂ ਕਈ ਅਜੇ ਰੀਲੀਜ਼ ਨਹੀਂ ਹੋਈਆਂ। ਫਿਲਮ ਨੂੰ ਲੋਕਾਂ ਤੱਕ ਪਹੁੰਚਣ ਲਈ ਜਿਥੇ ਇਕ ਲੰਮਾ ਸਿਰਜਨਾਤਮਕ ਸੰਗਰਾਮ ਕਰਨਾ ਪੈਂਦਾ ਹੈ, ਓਥੇ ਇਸ ਨੂੰ ਦਫਤਰਸ਼ਾਹੀ ਦੀਆਂ . ਖੜ੍ਹੀਆਂ ਕੀਤੀਆਂ ਬੇਅੰਤ ਔਕੜਾਂ ਨਾਲ ਮੱਥਾ ਲਾਉਣਾ ਪੈਂਦਾ ਹੈ। ਪੰਜਾਬ ਵਿਚ ਅਸਥਿਰ ਹਾਲਤ ਨੇ ਕੁਦਰਤੀ ਤੌਰ ਉਤੇ ਇਸ ਖੇਤਰ ਉਤੇ ਵੀ ਬਹੁਤ ਮਾਰੂ ਅਸਰ ਪਾਇਆ ਹੈ। ਲੋਕ ਡਰਦੇ ਸਿਨਮੇ ਹੀ ਨਹੀਂ ਜਾਂਦੇ। ਦਿਨ ਵੇਲੇ ਹੀ ਦੋ ਸ਼ੋਅ ਹੁੰਦੇ ਹਨ। ਰਾਤ ਨੂੰ ਕੋਈ ਸ਼ੋਅ ਨਹੀਂ ਹੁੰਦਾ। ਇਸ ਨਾਲ ਖਾਸ ਕਰ ਪੰਜਾਬੀ ਫਿਲਮਾਂ ਉਤੇ ਬਹੁਤ ਮਾਰੂ ਅਸਰ ਪਿਆ ਹੈ। ਪੰਜਾਬੀ ਫਿਲਮ ਨੇ ਤਾਂ ਮੁਖ ਤੌਰ ਉਤੇ ਪੰਜਾਬ ਵਿਚ ਹੀ ਚਲਣਾ ਹੁੰਦਾ ਹੈ। ਇਸ ਤੋਂ ਛੁੱਟ ਵੀਡੀਓ ਫਿਲਮ ਨਕਲਬਾਜ਼ੀ ਨੇ ਬਹੁਤ ਹੀ ਨੁਕਸਾਨ ਕੀਤਾ ਹੈ। ਲੋਕ ਘਰਾਂ ਵਿਚ ਹੀ ਇਕੱਠੇ ਬੈਠੇ ਥੋੜ੍ਹੇ ਮੁੱਲ ਵਿਚ ਫਿਲਮ ਦੇਖ ਸਕਦੇ ਨੇ। ਸੋ ਉਹ ਸਿਨਮੇ ਕਿਉਂ ਜਾਣ? ਪਰ ਹੁਣ ਕੁਝ ਸਾਲਾਂ ਦੀ ਅੰਦਰ-ਵੜੂ ਰੁਚੀ ਦਾ ਪ੍ਰਤੀਕਰਮ ਵੀ ਹੋਇਆ ਹੈ। ਲੋਕ ਘਰਾਂ ਵਿਚ ਬੈਠੇ ਰਹਿਣ ਤੋਂ ਤੰਗ ਆ ਰਹੇ ਹਨ। ਉਹ ਬਾਹਰ ਨਿਕਲਣਾ ਚਾਹੁੰਦੇ ਹਨ। ਭਾਵੇਂ ਇਹ ਉਪਰਾਲਾ ਕੁਝ ਖਤਰਿਆਂ ਭਰਿਆ ਅਤੇ ਮਹਿੰਗਾ ਵੀ ਹੈ। ਫਿਰ ਵੀ ਲੋਕ ਹੁਣ ਮੁੜ ਸਿਨਮਾ ਦੇਖਣ ਜਾਣ ਲੱਗੇ ਹਨ। ਇਸ ਨਾਲ ਹਾਲਤ ਅਗੇ ਨਾਲੋਂ ਸੁਧਰੀ ਹੈ।"

ਜਿਸ ਸਭਿਆਚਾਰਕ ਗਰੁੱਪ ਨੂੰ ਮੋਹਣ ਬੱਗਣ ਹੋਰੀਂ ਲੈ ਕੇ ਆਏ ਹਨ ਉਸ ਵਿਚ ਸ਼ਾਮਿਲ ਤਿੰਨ ਹੋਰ ਕਲਾਕਾਰਾਂ ਸਰਵ ਸ੍ਰੀ ਵਰਿਆਮ ਮਸਤ, ਬਨਵਾਰੀ ਲਾਲ ਅਤੇ ਇੰਦਰਜੀਤ ਸਿੰਘ ਦਾ ਵੀ ਮੰਚ ਵਲੋਂ ਸੁਆਗਤ ਕੀਤਾ।

ਸ੍ਰੀ ਵਰਿਆਮ ਮਸਤ ਕਵੀ ਗਾਇਕ, ਐਕਟਰ ਤੇ ਡਰਾਮਾ ਡਾਇਰੈਕਟਰ ਹਨ। ਸ੍ਰੀ ਬਨਵਾਰੀ ਲਾਲ "ਇਸ਼ਾਰਿਆਂ ਨਾਲ ਹੀ ਨਾਟਕ ਕਰਨ" ਦੇ ਮਾਹਿਰ ਹਨ। ਸ੍ਰੀ ਇੰਦਰਜੀਤ ਸਿੰਘ ਸੰਗੀਤਕਾਰ ਹਨ। ਸ੍ਰੀ ਕੇਸਰ ਐਕਟਰ ਹਨ ਅਤੇ ਕਈ ਡਰਾਮਾ ਸੀਰੀਅਲਜ਼ ਦੇ ਪ੍ਰੋਡਿਊਸਰ ਹਨ।

ਸੁਆਗਤੀ ਮੀਟਿੰਗ ਵਿਚ ਸ਼ਾਮਲ ਹੋਣ ਵਾਲੇ ਲੇਖਕ ਹਨ : ਗੁਰਚਰਨ ਰਾਮਪੁਰੀ, ਅਜਮੇਰ ਰੋਡੇ, ਸੁਰਜੀਤ ਕਲਸੀ, ਅਮਰਜੀਤ ਚਾਹਲ, ਗੁਰਮੇਲ, ਸੁਖਵੰਤ ਹੁੰਦਲ, ਕਰਮਜੀਤ ਘੁਮਾਣ, ਜਗਮਿੰਦਰ ਮਾਂਗਟ, ਦਰਸ਼ਨ ਗਿਲ, ਅੰਦਰੇਸ਼, ਕਰਨੈਲ ਮਾਨ, ਦਰਸ਼ਨ ਮਾਨ, ਕਰਮਜੀਤ ਸਿੱਧੂ, ਜਗਦੀਸ਼, ਸਾਧੂ, ਨਰਿੰਦਰ ਬਾਹੀਆ, ਪ੍ਰਕਾਸ਼, ਬਲਦੇਵ ਦੂਹੜੇ, ਤਵਖੰਡਨ, ਅਮਨਪਾਲ ਸਾਰਾ।

ਸ੍ਰੀ ਵਰਿਆਮ ਮਸਤ ਨਾਲ ਗੱਲਬਾਤ

ਪੰਜਾਬੀ ਡਰਾਮਾ ਜਗਤ ਬਾਰੇ ਗੱਲਬਾਤ ਕਰਦਿਆਂ ਸ੍ਰੀ ਵਰਿਆਮ ਮਸਤ ਨੇ ਦੱਸਿਆ, "ਪੰਜਾਬੀ ਦੇ ਡਰਾਮਾ ਜਗਤ ਵਿਚ ਬਹੁਤ ਸਰਗਰਮੀ ਹੈ। ਇਕੱਲੇ ਚੰਡੀਗੜ੍ਹ ਸ਼ਹਿਰ ਵਿਚ ਹੀ ਲਗਪਗ 100 ਨਾਟਕ-ਟੋਲੀਆਂ ਹਨ ਜਿਨ੍ਹਾਂ ਵਿਚ ਲਗਪਗ 600 ਤੋਂ ਵੱਧ ਕਲਾਕਾਰ ਸ਼ਾਮਿਲ ਹਨ। ਕਈ ਵਾਰ ਇਕੋ ਕਲਾਕਾਰ ਇਕ ਤੋਂ ਵਧੇਰੇ ਟੋਲੀਆਂ ਨਾਲ ਰਲ ਕੇ ਕੰਮ ਕਰਦਾ ਹੈ। ਇਨ੍ਹਾਂ ਟੋਲੀਆਂ ਵਿਚ ਮੋਹ ਭਰਿਆ ਟਕਰਾਅ ਹੈ, ਮੁਕਾਬਲਾ ਹੈ ਜੋ ਬੜਾ ਰਚਨਾਤਮਕ ਹੈ। ਮਾਇਕ-ਪੱਖੋਂ ਇਨ੍ਹਾਂ ਦੀ ਹਾਲਤ ਵਿਚ ਬਹੁਤ ਤਿੱਖਾ ਫਰਕ ਹੈ। ਅਨੇਕਾਂ ਟੋਲੀਆਂ ਕੋਲ ਕੋਈ ਫੰਡ ਨਹੀਂ ਹਨ, ਉਨ੍ਹਾਂ ਵਿਰਲੇ ਕਲਾਕਾਰਾਂ ਨੂੰ ਜੀਵਨ-ਨਿਰਬਾਹ ਲਈ ਕੋਈ ਹੋਰ ਕਿੱਤਾ ਕਰਨਾ ਪੈਂਦਾ ਹੈ। ਪਰ ਕਈ ਟੋਲੀਆਂ ਕੋਲ ਚੰਗੇ ਚੋਖੇ ਫੰਡ ਹਨ।

ਜਦੋਂ ਉਪਰਲੇ ਮਾਇਕ ਭੰਡਾਰਾਂ ਦੇ ਫਰਕ ਦਾ ਕਾਰਨ ਪੁਛਿਆ ਗਿਆ ਤਾਂ 'ਮਸਤ' ਹੋਰੀਂ ਹੱਸ ਕੇ ਕਹਿਣ ਲੱਗੇ, "ਜੇ ਮੈਂ ਕੁੜੀ ਹੁੰਦਾ ਤਾਂ ਮੇਰੀ ਟੋਲੀ ਕੋਲ ਵੀ ਬਹੁਤ ਫੰਡ ਹੁੰਦੇ। ਡਰਾਮਾ ਪਰੋਗਰਾਮਾਂ ਦੀ ਕਾਮਯਾਬੀ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨੇ I.A.S ਅਫਸਰਾਂ ਦਾ ਦਬਾਅ ਵਰਤ ਕੇ ਵਪਾਰੀਆਂ ਤੋਂ ਬਰੋਸ਼ਰ ਲਈ ਮਹਿੰਗੇ ਇਸ਼ਤਿਹਾਰ ਲੈ ਸਕਦੇ ਹੋ। ਕਿੰਨੀ ਟਿਕਟ ਵੇਚ ਸਕਦੇ ਹੋ ਪਰ ਇਸ ਦੇ ਉਲਟ ਜਿੰਨਾਂ ਟੋਲੀਆਂ ਦੇ ਅਜੇਹੇ ਸੰਬੰਧ ਨਹੀਂ ਹੁੰਦੇ ਉਹ ਕਲਾਕਾਰ ਤਿੰਨ ਤਿੰਨ ਮਹੀਨੇ ਡਰਾਮੇ ਦੀ ਤਿਆਰੀ ਕਰਨ ਉਤੇ ਲਾ ਦਿੰਦੇ ਹਨ, ਪਰ ਉਸਦਾ ਇਕ ਤੋਂ ਵੱਧ ਸ਼ੋਅ ਹੀ ਨਹੀਂ ਹੋ ਸਕਦਾ ਕਿਉਂਕਿ ਲੋਕ ਹੀ ਬਹੁਤ ਥੋੜੇ ਆਉਂਦੇ ਹਨ। ਓਦੋਂ ਬੜੀ ਨਿਰਾਸ਼ਾ ਹੁੰਦੀ ਹੈ।" ਸਵਾਲ ਉਠਿਆ "ਪੰਜਾਬੀ ਦੇ ਨਾਂ ਉਤੇ ਏਨਾ ਸਿਆਸੀ ਰੌਲਾ ਪੈ ਰਿਹਾ ਹੈ ਕਿ ਸਾਰੇ ਪੰਜਾਬ ਨੂੰ ਗਧੀ-ਗੇੜ ਪਾਉਣ ਵਾਲੇ ਇਹ ਲੀਡਰ ਪੰਜਾਬੀ ਡਰਾਮੇ ਲਈ ਕੁਝ ਵੀ ਨਹੀਂ ਕਰਦੇ? 'ਮਸਤ' ਹੋਰੀਂ ਬੋਲੇ, "ਐਮਰਜੈਂਸੀ ਤੋਂ ਪਿਛੋਂ ਵਾਲੀ ਅਕਾਲੀ ਵਜ਼ਾਰਤ ਨੇ ਤਾਂ ਸਗੋਂ ਪੰਜਾਬ ਦਾ ਡਰਾਮਾ ਯੂਨਿਟ ਹੀ ਤੋੜ ਦਿਤਾ ਸੀ। ਪੰਜਾਬੀ ਦੇ ਨਾਂ ਉਤੇ ਰੌਲਾ ਪਾਉਣ ਵਾਲੇ ਕਈ ਮੋਹਰੀ ਜਥੇਦਾਰਾਂ ਤਾਂ ਕਦੇ ਪੰਜਾਬੀ ਡਰਾਮੇ ਦੀ ਕੋਈ ਕਿਤਾਬ ਵੀ ਕਦੇ ਨਹੀਂ ਪੜ੍ਹੀ ਹੋਣੀ। ਉਹ ਸਿਰਫ ਵਜ਼ੀਰੀਆਂ ਪਿਛੇ ਹੀ ਪੰਜਾਬੀ ਦਾ ਢੰਡੋਰਾ ਪਿੱਟਦੇ ਹਨ। ਜਿਹੜੇ ਪੜ੍ਹੇ ਲਿਖੇ ਲੀਡਰ ਹਨ ਉਹ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਉਂਦੇ ਹਨ। ਸੋ ਬੱਚੇ ਪੰਜਾਬੀ ਪੜ੍ਹ ਹੀ ਨਹੀਂ ਸਕਦੇ। ਪਰ ਫਿਰ ਵੀ ਪੰਜਾਬੀ ਡਰਾਮੇ ਦਾ ਭਵਿਖ ਰੌਸ਼ਨ ਹੈ। ਹੁਣ ਅਨੇਕਾਂ ਪੰਜਾਬੀ ਕਲਾਕਾਰ ਨਾਟਕ ਬਾਰੇ ਬਾਕਾਇਦਾ ਡਰਾਮਾ ਸਕੂਲਾਂ ਟਰੇਨਿੰਗ ਲੈ ਕੇ ਇਸ ਖੇਤਰ ਵਿਚ ਆਉਂਦੇ ਹਨ। ਸਾਡੇ ਕਈ ਨਾਟਕਕਾਰ ਸਟੇਜ-ਕਲਾ ਬਾਰੇ ਬਹੁਤ ਸੁਚੇਤ ਹਨ। ਉਹ ਆਪਣੇ ਨਾਟਕ ਛਾਪਣ ਤੋਂ ਵੀ ਪਹਿਲਾਂ ਕਈ ਵਾਰ ਸਟੇਜ ਕਰਦੇ ਹਨ ਫਿਰ ਆਪਣੀ ਲਿਖਤ ਵਿਚ ਲੋੜ ਅਨੁਸਾਰ ਸੋਧਾਂ ਕਰਦੇ ਹਨ। ਇਸ ਨਾਲ ਚੰਗੇਰੇ ਨਾਟਕ ਦੀ ਸਿਰਜਣਾ ਹੋ ਰਹੀ ਹੈ।'

'ਮਸਤ' ਹੋਰਾਂ ਡਰਾਮਾ ਕਲਾਕਾਰਾਂ ਦੀਆਂ ਹੋਰ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਕਿਹਾ, "ਲੇਖਕ ਨਾਟਕ ਦਾ ਸਿਰਜਨਹਾਰਾ ਹੁੰਦਾ ਹੈ। ਉਸਦਾ ਨਾਂ ਤਾਂ ਹਮੇਸ਼ਾਂ ਰਹਿਣਾ ਹੈ। ਐਕਟਰਾਂ ਦਾ ਨਾਂ ਵੀ ਲੋਕਾਂ ਸਾਹਮਣੇ ਆਉਂਦਾ ਹੈ। ਪਰ ਸਟੇਜ ਦੇ ਪਿਛੇ ਕੰਮ ਕਰਨ ਵਾਲੇ ਅਨੇਕਾਂ ਬਹੁਤ ਲੋੜੀਂਦੇ ਅਤੇ ਮਿਹਨਤੀ ਕਾਮਿਆਂ ਦਾ ਕੰਮ ਅਤੇ ਨਾਂ ਕਦੇ ਲੋਕਾਂ ਸਾਹਮਣੇ ਨਹੀਂ ਆਉਂਦਾ। ਉਨ੍ਹਾਂ ਦੇ ਕੰਮ ਨੂੰ ਲੋੜੀਂਦੀ ਮਾਨਤਾ ਨਹੀਂ ਮਿਲਦੀ। ਸਟੇਜ ਪਿਛੇ ਮੇਕ ਅਪ ਕਰਨ ਕਰਾਣ ਵਾਲੇ, ਰੋਸ਼ਨੀ ਵਾਲੇ, ਸੰਗੀਤਕਾਰ, ਪਰਦਿਆਂ ਵਾਲੇ, ਸਾਮਾਨ ਥਾਂ ਸਿਰ ਰੱਖਣ ਵਾਲੇ, ਸਾਊਂਡ ਸਿਸਟਮ ਵਾਲੇ ਅਤੇ ਅਨੇਕਾਂ ਹੋਰ ਲੋਕਾਂ ਦਾ ਕੰਮ ਵੀ ਓਨਾਂ ਹੀ ਜ਼ਰੂਰੀ ਹੈ ਜਿੰਨਾ ਹੀਰੋ ਦਾ। ਇਨ੍ਹਾਂ ਲੋਕਾਂ ਦੀ ਵੀ ਯੋਗ ਮਾਨਤਾ ਹੋਣੀ ਚਾਹੀਦੀ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕੁਝ ਲੇਖਕ ਤਾਂ ਆਪਣੀਆਂ ਪੁਸਤਕਾਂ ਵਿਚ ਇਨ੍ਹਾਂ ਲੋਕਾਂ ਬਾਰੇ ਯੋਗ ਜਾਣਕਾਰੀ ਸ਼ਾਮਿਲ ਕਰਨ ਲੱਗੇ ਹਨ। ਚੰਗਾ ਹੋਵੇ ਜੇ ਸਾਰੇ ਲੇਖਕ ਹੀ ਅਜੇਹਾ ਕਰਿਆ ਕਰਨ।

'ਮਸਤ' ਹੋਰਾਂ ਨੇ ਫਿਲਮ, ਟੀ ਵੀ ਸੀਰੀਅਲਾਂ ਦੀ ਨੁਮਾਇਸ਼ ਪ੍ਰਵਾਨਗੀ ਦੀਆਂ ਮੁਸ਼ਕਲਾਂ ਦਸਦਿਆਂ ਕਿਹਾ, "ਕਲਾ ਦੇ ਇਸ ਖੇਤਰ ਵਿਚ ਵੀ ਭਾਰਤ ਦੀ ਜ਼ਿੰਦਗੀ ਦੇ ਹੋਰ ਪੱਖਾਂ ਵਾਂਗ ਰਿਸ਼ਵਤ ਖੋਰੀ, ਲਿਹਾਜ਼, ਸਿਫਾਰਸ਼ ਸਭ ਕੁਝ ਚਲਦਾ ਹੈ।"

ਸ੍ਰੀ ਕੇਸਰ ਵਲੋਂ ਨਾਟਕ-ਲੜੀ

ਵਿਸ਼ੇਸ਼ ਮੀਟਿੰਗ ਵਿਚ "ਏਹੁ ਹਮਾਰਾ ਜੀਵਣਾ" ਟੀ. ਵੀ. ਨਾਟਕ-ਲੜੀ ਦੇ ਕੁਝ ਹਿੱਸੇ ਵਿਖਾਏ ਗਏ ਜੋ ਸਾਰੇ ਦਰਸ਼ਕਾਂ ਵਲੋਂ ਬੇਹੱਦ ਪਸੰਦ ਕੀਤੇ ਗਏ। 13 ਹਿੱਸਿਆਂ ਦੀ ਇਹ ਲੜੀ ਸ੍ਰੀ ਕੇਸਰ ਹੋਰਾਂ ਨੇ ਬਣਾਈ ਹੈ। ਲਗਪਗ ਛੇ ਘੰਟੇ ਲੰਮੀ ਇਹ ਲੜੀ ਵਧੇਰੇ ਕਰਕੇ ਪਟਿਆਲੇ ਦੇ ਨੇੜੇ ਦੇ ਪਿੰਡਾਂ ਵਿਚ ਫਿਲਮਾਈ ਗਈ। ਇਸ ਫਿਲਮ ਲੜੀ ਦੀ ਖੂਬੀ ਇਹ ਹੈ ਕਿ ਇਸ ਵਿਚ ਪੇਸ਼ ਕੀਤੇ ਗਏ ਦ੍ਰਿਸ਼, ਬੋਲੀ, ਕਹਾਣੀ ਲੋਕਾਂ ਦੇ ਅਜੋਕੇ ਜੀਵਨ ਦੇ ਬੇਹੱਦ ਨੇੜੇ ਹੈ।

ਸ੍ਰੀ ਕੇਸਰ ਹੋਰਾਂ ਦੱਸਿਆ ਕਿ ਇਹ ਟੀ. ਵੀ. ਸੀਰੀਅਲ ਛੇਤੀ ਹੀ ਭਾਰਤ ਵਿਚ ਦਿਖਾਇਆ ਜਾਵੇਗਾ। ਇਸ ਦੇ ਬਦੇਸ਼ੀ ਪ੍ਰਦਰਸ਼ਨ ਬਾਰੇ ਵੀ ਪ੍ਰਬੰਧ ਕੀਤਾ ਜਾਵੇਗਾ। ਸ੍ਰੀ ਕੇਸਰ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਦੇ ਬਣਾਏ ਇਕ ਟੀ ਵੀ ਸੀਰੀਅਲ ਨੂੰ ਲੰਮਾਂ ਸਮਾਂ ਪਰਵਾਨਗੀ ਨਾ ਮਿਲੀ ਕਿਉਂਕਿ ਉਹ ਰਿਸ਼ਵਤੀ ਸੌਦੇਬਾਜ਼ੀ ਕਰਨ ਨੂੰ ਤਿਆਰ ਨਹੀਂ ਸਨ। ਉਨ੍ਹਾਂ ਨੇ ਉਸਦੇ 20000 ਰੁਪਏ ਲੈਣੇ ਪ੍ਰਵਾਨ ਕਰ ਲਏ ਜਦੋਂ ਕਿ ਰਿਸ਼ਵਤੀ-ਪ੍ਰਬੰਧ ਅਨੁਸਾਰ ਸਰਕਾਰੀ ਕਰਿੰਦੇ ਉਨ੍ਹਾਂ ਨੂੰ 80000 ਰੁਪਏ ਦੇਣ ਨੂੰ ਤਿਆਰ ਸਨ। ਪਰ ਮੈਂ ਜ਼ਮੀਰ-ਮਾਰ ਰਿਸ਼ਵਤੀ ਸੌਦੇਬਾਜ਼ੀ ਕਰਨ ਨਾਲੋਂ ਘਾਟਾ ਖਾਣਾ ਠੀਕ ਸਮਝਿਆ। ਸ੍ਰੀ ਕੇਸਰ ਚਮਕੌਰ ਸਾਹਿਬ ਦੇ ਨੇੜੇ ਦੇ ਜੰਮਪਲ ਹਨ। ਉਹ ਪ੍ਰੋਡਿਊਸਰ ਹੋਣ ਦੇ ਨਾਲ ਨਾਲ ਆਪ ਇਕ ਨਿਪੁੰਨ ਐਕਟਰ ਹਨ।

——→

ਆਓ ਕੁਝ ਸਾਂਝਾਂ ਦੇ ਦੀਵੇ ਬਾਲੀਏ !



ਨੇਰ੍ਹ ਨਫਰਤ ਦਾ ਮਨਾਂ 'ਚੋਂ ਦੂਰ ਹੋਵੇ,
ਆਓ ਕੁਝ ਸਾਂਝਾਂ ਦੇ ਦੀਵੇ ਬਾਲੀਏ

ਦੀਵਾਲੀ ਦੇ ਜਗਦੇ-ਬੁਝਦੇ ਦੀਵੇ

ਸੂਫੀ ਅਮਰਜੀਤ

ਦੀਵਾਲੀ ਭਾਰਤੀਆਂ ਦਾ ਸਦੀਆਂ ਪੁਰਾਣਾ ਤਿਉਹਾਰ ਹੈ । ਇਸ ਨਾਲ ਸੰਬੰਧਿਤ ਕਹਾਣੀਆਂ ਧਾਰਮਿਕ ਹੋਣ ਦੇ ਬਾਵਜੂਦ, ਇਸ ਨੂੰ ਸਾਰੇ ਭਾਰਤੀ ਇਕ ਤਿਉਹਾਰ ਵਜੋਂ ਮਨਾਉਂਦੇ ਹਨ । ਬੱਚੇ, ਜਿੰਨਾਂ ਨੂੰ ਇਹ ਤਿਉਹਾਰ ਖੁਸ਼ੀ ਦਿੰਦਾ ਹੈ, ਕਿਸੇ ਧਾਰਮਿਕ ਪੱਖ ਨੂੰ ਚਿਤਵ ਵੀ ਨਹੀਂ ਸਕਦੇ ।

ਇਹ ਤਿਉਹਾਰ ਵਿਛੜਿਆਂ ਦੇ ਮਿਲਣ ਦਾ, ਪਰਦੇਸ ਗਿਆਂ ਦੇ ਘਰ ਪਰਤਣ ਦਾ, ਸੰਸਾਰ ਤੋਂ ਸਦਾ ਲਈ ਚਲੇ ਗਿਆਂ ਦੀ ਯਾਦ ਦਾ, ਬੰਧਨਾਂ ਤੋਂ ਮੁਕਤੀ ਦਾ, ਜੇਲ੍ਹ ਖਾਨਿਆਂ ਤੋਂ ਬੰਦੀਛੋੜ ਆਦਿ ਜੀਵਨ ਚਿੰਨਾਂ ਦਾ ਪਰਤੀਕ ਹੈ ।

ਇਸ ਵਾਰ ਦੀਵਾਲੀ ਦਾ ਤਿਉਹਾਰ ਸ਼ਾਇਦ ਹੀ ਉਨ੍ਹਾਂ ਲੋਕਾਂ ਨੂੰ ਖੁਸ਼ੀ ਦੇ ਸਕੇ ਜਿੰਨ੍ਹਾਂ ਉਪਰ ਸਤੰਬਰ ਦੀਆਂ ਭਾਰੀ ਬਾਰਸ਼ਾਂ ਅਤੇ ਦਰਿਆਵਾਂ ਦੇ ਕੰਢਿਆਂ ਤੋਂ ਬਾਹਰ ਵਗ ਕੇ ਸਭ ਕੁਝ ਹੂੰਝ ਲੈ ਜਾਣ ਨਾਲ ਭਾਰੀ ਆਫਤਾਂ ਆ ਪਈਆਂ ਹਨ

ਸਮੁੱਚਾ ਪੰਜਾਬ, ਹਰਿਆਣੇ ਦੇ ਘੱਗਰ ਲਾਗੇ ਦਾ ਇਲਾਕਾ, ਜੰਮੂ ਅਤੇ ਹਿਮਾਚਲ ਦੇ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਦੇ ਲੋਕਾਂ ਲਈ ਦੀਵਾਲੀ ਸ਼ਾਇਦ ਹੀ ਖੁਸ਼ੀ ਦਾ ਕੋਈ ਜਜ਼ਬਾ ਪੈਦਾ ਕਰ ਸਕੇ । ਸਭ ਤੋਂ ਵੱਧ ਤਬਾਹੀ ਪੰਜਾਬ ਦੀ ਹੋਈ ਹੈ । ਜਿਥੇ 12000 ਪਿੰਡਾਂ ਵਿਚੋਂ 10500 ਤੋਂ ਵੱਧ ਪਿੰਡ ਹੜ੍ਹਾਂ ਦੇ ਕਹਿਰ ਦਾ ਸ਼ਿਕਾਰ ਹੋਏ ਹਨ । 1600 ਪਿੰਡਾਂ ਦਾ ਉਕਾ ਹੀ ਸਫਾਇਆ ਹੋ ਗਿਆ ਹੈ । ਇਨ੍ਹਾਂ 1600 ਪਿੰਡਾਂ ਵਿਚ ਦੀਵਾ ਦੀਵਾਲੀ ਤੋਂ ਡੇਢ ਮਹੀਨਾ ਪਹਿਲਾਂ ਹੀ ਹਮੇਸ਼ਾ ਲਈ ਬੁਝ ਗਿਆ । ਹਜ਼ਾਰਾਂ ਦੇ ਘਰਾਂ ਦੇ ਬੂਹਿਆਂ ਦੇ ਆਲੇ ਨਹੀਂ ਰਹੇ ਜਿਥੇ ਕੋਈ ਦੀਵਾ ਟਿਕਾਇਆ ਜਾ ਸਕੇ ।

ਪੰਜਾਬ ਵਿਚ ਇਸ ਦੀਵਾਲੀ ਤੋਂ ਪਹਿਲਾਂ ਹੜ੍ਹਾਂ ਦੀ ਤਬਾਹੀ ਉਸ ਸਮੇਂ ਆਈ ਜਦੋਂ ਪੰਜਾਬ ਦੇ ਮਿਹਨਤੀ ਲੋਕਾਂ ਦੇ, ਪਿਛਲੇ ਸੱਤ ਸਾਲਾਂ ਵਿਚ, ਹਜ਼ਾਰਾਂ ਘਰਾਂ ਵਿਚ ਅਤਿਵਾਦੀਆਂ ਨੇ ਸੋਗ ਪਾ ਦਿੱਤਾ ਹੋਇਆ ਹੈ । ਜਿੰਨ੍ਹਾਂ ਦੇ ਟੱਬਰਾਂ ਦੇ ਟੱਬਰ ਮੌਤ ਦੇ ਘਾਟ ਉਤਾਰ ਦਿੱਤੇ ਗਏ । ਅਨੇਕਾਂ ਅਤਿਵਾਦੀਆਂ ਦੇ ਪੁਲਸ ਮੁਕਾਬਲਿਆਂ ਵਿਚ ਜਾਂ ਆਪਸੀ ਧੜੇਬੰਦੀ ਵਿਚ ਮਾਰੇ ਜਾਣ ਨਾਲ ਉਨ੍ਹਾਂ ਦੇ ਮਾਪਿਆਂ ਨੂੰ ਜਿਉਂਦਿਆਂ ਹੀ ਭੁੰਨ ਦਿੱਤਾ ਹੈ । ਬਦੇਸ਼ੀਆਂ ਦੀ ਸਿਖਿਆ ਨਾਲ ਜੋ ਸਾਹਮਣੇ ਆਇਆ ਉਸੇ ਨੂੰ ਹੀ ਸਦਾ ਦੀ ਨੀਂਦ ਸੁਲਾ ਦਿੱਤਾ ਹੈ ।

ਕੀ ਕੋਈ ਇਸ ਵਾਰ ਦੀ ਦੀਵਾਲੀ ਦੀ ਅੰਮ੍ਰਿਤਸਰ ਵਿਚ ਅੱਠ ਸਾਲਾਂ ਪਹਿਲਾਂ ਦੀ ਦੀਵਾਲੀ ਨਾਲ ਤੁਲਨਾ ਕਰ ਸਕਦਾ ਹੈ ? ਅੱਜ ਦੀਵਾਲੀ ਹੀ ਨਹੀਂ ਹਰ ਰੋਜ਼ ਹਰਿਮੰਦਰ ਸਾਹਿਬ ਵਿਚ, ਔਰੰਗਜ਼ੇਬੀ ਭੈ, ਬਦਲਾਂ ਵਾਂਗ ਛਾਇਆ ਹੋਇਆ ਹੈ । ਸਾਰਾ ਪੰਜਾਬ ਭੈ ਦੇ ਹੇਠ ਹੈ ।

ਅਤਿਵਾਦੀਆਂ ਦੇ ਗਰੁੱਪਾਂ ਦੀਆਂ ਸਾਂਝੀਆਂ ਮੀਟਿੰਗਾਂ ਦੀਆਂ ਖਬਰਾਂ, ਦੀਵਾਲੀ ਤੋਂ ਪਹਿਲਾਂ ਪਤਾ ਨਹੀਂ ਕਿੰਨੇ ਬੇਗੁਨਾਹਾਂ ਨੂੰ ਦੀਵਾਲੀ ਦਾ ਉਦਾਸ ਦਿਨ ਦੇਖਣ ਲਈ ਵੀ ਜ਼ਿਉਂਦੇ ਨਹੀਂ ਰਹਿਣ ਦੇਣਗੀਆਂ ।

ਜਿਥੇ ਪੰਜਾਬ ਅਤਿਵਾਦੀਆਂ, ਹੜ੍ਹਾਂ ਅਤੇ ਕੇਂਦਰੀ ਸਰਕਾਰ ਦੀਆਂ ਗਲਤ ਨੀਤੀਆਂ ਦਾ ਸ਼ਿਕਾਰ ਹੈ ਓਥੇ ਬਾਕੀ ਭਾਰਤ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀਂ ਹੈ । ਪੰਜਾਬ ਤੋਂ ਬਾਹਰ ਵਸਦੇ 60 ਲੱਖ ਪੰਜਾਬੀ ਲੋਕ ਹਮੇਸ਼ਾਂ ਹੀ 1984 ਦੇ ਦਿੱਲੀ ਦੇ ਦੰਗਿਆਂ ਦੇ ਭੈ ਦੀ ਛਾਇਆ ਹੇਠ ਹਾਲੇ ਤੱਕ ਜੀ ਰਹੇ ਹਨ ।

ਰਾਮ ਜਨਮ ਭੂਮੀ/ਬਾਬਰੀ ਮਸਜਦ ਦੇ ਝਗੜੇ, ਬਿਦਰ ਦੀ ਦੁਖਦਾਈ ਘਟਨਾ, ਹਰੀਜਨਾਂ ਉਪਰ ਜ਼ੁਲਮ, ਹਰ ਪ੍ਰਕਾਰ ਦੇ ਫਿਰਕੂ ਜਨੂੰਨੀਆਂ ਵਲੋਂ ਮਿਹਨਤੀ ਲੋਕਾਂ ਉਪਰ ਮਾਰੂ ਹਮਲੇ, ਕੇਂਦਰੀ ਸਰਕਾਰ ਦੀ ਕਿਸੇ ਵੀ ਮਸਲੇ ਨੂੰ ਹੱਲ ਕਰਨ ਵਿਚ ਅਸਫਲਤਾ, ਮਹਿਗਾਈ, ਰਿਸ਼ਵਤ, ਕੁਨਬਾਪਰਵਰੀ, ਧੱਕੇਸ਼ਾਹੀ, ਗਰੀਬਾਂ ਦਾ ਹੋਰ ਗਰੀਬ ਹੋਣਾ, ਕਿਸਾਨਾਂ ਨੂੰ ਲੋੜੀਂਦੀਆਂ ਖੇਤੀ ਵਸਤਾਂ ਦੇ ਮਹਿੰਗੇ ਮੁੱਲ, ਉਨ੍ਹਾਂ ਦੀਆਂ ਜਿਣਸਾਂ ਦੇ ਘੱਟ ਭਾਅ ਆਦਿ ਮਸਲੇ ਹਨ ਜਿਨ੍ਹਾਂ ਦੇ ਕਾਰਨ ਸਾਰਾ ਭਾਰਤ ਹੀ ਦੀਵਾਲੀ ਦੀ ਉਸ ਖੁਸ਼ੀ ਤੋਂ ਬਾਂਝਿਆ ਹੋਇਆ ਹੈ ਜਿਸ ਖੁਸ਼ੀ ਨੂੰ ਲੋਕ ਪਹਿਲਾਂ ਰਵਾਇਤੀ ਤੌਰ ਉਪਰ ਪ੍ਰਾਪਤ ਕਰਦੇ ਸਨ ਦੀਵਾਲੀ ਦੇ ਦਿਨ ਚੰਗੇ ਭਵਿਖ ਦੀ ਆਸ ਕਰਨ ਲਈ ਵੀ ਕਿਸੇ ਨੂੰ ਹਿੰਮਤ ਨਹੀਂ ਹੈ ਜਦੋਂ ਕਿ ਉਹ ਲਗਾਤਾਰ ਏ ਕੇ-47 ਦੀਆਂ ਗੋਲੀਆਂ ਦੀ ਤਾੜ ਤਾੜ ਸੁਣਨ ਪਿਛੋਂ, ਵੈਣ, ਚੀਕਾਂ ਤੇ ਕੀਰਨੇ ਸੁਣ ਰਹੇ ਹਨ । ਜਦੋਂ ਉਹ ਫੁੱਟਪਾਥਾਂ ਉਪਰ ਨੀਲੇ ਅੰਬਰ ਹੇਠ ਪੈਂਦੇ ਹਨ । ਜਦੋਂ ਕਰੋੜਾਂ ਭਾਰਤੀ ਰੋਟੀ, ਦਵਾਈ, ਅਤੇ ਕੱਪੜੇ ਦੀ ਥੁੜ ਕਾਰਨ ਕੁੱਤਿਆਂ ਬਿੱਲਿਆਂ ਚੂਹਿਆਂ ਵਾਂਗ ਹੀ ਜੰਮ ਕੇ ਮਰ ਜਾਂਦੇ ਹਨ ।

ਜਿਹੜੇ ਲੋਕਾਂ ਦਾ ਹਾਕਮ ਜਮਾਤਾਂ ਨਾਲ ਜ਼ਰਾ ਵੀ ਨੇੜਲਾ ਸੰਬੰਧ ਹੈ, ਉਨ੍ਹਾਂ ਦੇ ਦੀਵਾਲੀ ਦੇ ਦਿਨ ਹੀ ਨਹੀਂ ਸਦਾ ਹੀ ਦੀਵਾ ਜਗਦਾ ਹੈ, ਜਿੰਨ੍ਹਾਂ ਦਾ ਮਿਹਨਤੀ-ਕਿਸਾਨਾਂ ਦੇ ਤਬਕਿਆਂ ਨਾਲ ਸੰਬੰਧ ਹੈ, ਉਨ੍ਹਾਂ ਦੇ ਘਰ ਜਾਂ ਤਾਂ ਦੀਵਾ ਕਦੀ ਜਗਦਾ ਹੀ ਨਹੀਂ ਜਾਂ ਫਿਰ ਜਗਦਾ-ਬੁਝਦਾ ਰਹਿੰਦਾ ਹੈ ।

ਭਾਰਤੀਆਂ ਦੀ ਇਸ ਮੰਦੀ ਦਸ਼ਾ ਲਈ ਭਾਰਤ ਦੀ ਸਰਕਾਰ ਜ਼ਿੰਮੇਂਵਾਰ ਹੈ, ਜੋ ਆਮ ਲੋਕਾਂ ਦੇ ਹਿੱਤਾਂ ਲਈ ਨਹੀਂ, ਪੂੰਜੀਪਤੀਆਂ-ਜਾਗੀਰਦਾਰ ਰਜਵਾੜਿਆਂ ਦੇ ਹਿਤਾਂ ਲਈ ਲਗਾਤਾਰ ਚਾਲੀ ਸਾਲਾਂ ਤੋਂ ਨੀਤੀਆਂ ਘੜਦੀਆਂ ਰਹੀ ਹੈ । ਜੋ ਲਗਾਤਾਰ ਰਾਜ ਸੱਤਾ ਵਿਚ ਰਹਿਣ ਲਈ ਲੋਕਾਂ ਨੂੰ ਆਪਸ ਵਿਚ ਲੜਾਉਂਦੀ ਆ ਰਹੀ ਹੈ । ਲੋਕਾਂ ਵਿਚ ਇਹ ਲੜਾਈ ਧਰਮ, ਬੋਲੀ, ਇਲਾਕੇ ਆਦਿ ਦੇ ਨਾਂ ਉਤੇ ਪਵਾਉਂਦੀ ਰਹੀ ਹੈ । ਤਾਂ ਜੋ ਲੋਕਾਂ ਨੂੰ ਏਕਤਾ ਕਰਨ ਤੋਂ ਰੋਕਿਆ ਜਾ ਸਕੇ ਅਤੇ ਰਾਜਸੱਤਾ ਉਪਰ ਪੱਕੇ ਤੌਰ ਉਪਰ ਕਬਜ਼ਾ ਕਰੀ ਰੱਖਣ

ਪੰਜਾਬ ਵਿਚ ਦੀ ਖਾਲਿਸਤਾਨੀ ਲਹਿਰ ਦੀ ਵਿਉਂਤ ਵੀ ਕਾਂਗਰਸ ਪਾਰਟੀ ਦੇ ਲੀਡਰਾਂ ਨੇ ਹੀ ਬਣਾਈ, ਅਰੰਭੀ, ਹੱਲਾਸ਼ੇਰੀ ਦਿੱਤੀ । ਇਸ ਦੀ ਲੀਡਰਸ਼ਿਪ ਨੂੰ ਸਥਾਪਤ ਕਰਨ ਵਿਚ ਹਰ ਸਰਕਾਰੀ-ਗੈਰਸਰਕਾਰੀ, ਕਾਨੂੰਨੀ-ਗੈਰ ਕਾਨੂੰਨੀ ਸਹਾਇਤਾ ਦਿੱਤੀ । ਫਿਰ ਇਸ ਨੂੰ ਕੁਝ ਸਮੇਂ ਤੋਂ ਪਿਛੋਂ, ਅਮਰੀਕਨ ਸਾਮਰਾਜੀਆਂ ਅਤੇ ਪਾਕਿਸਤਾਨ ਦੇ ਡਿਕਟੇਟਰੀ ਰਾਜ ਦੀ ਸਹਾਇਤਾ ਨਾਲ ਅੱਜ ਦੇ ਰੂਪ ਵਿਚ ਆ ਗਈ ਹੈ ।

ਹੁਣ ਦੀਵਾਲੀ ਹਾਕਮਾਂ ਲਈ ਵੀ ਬਹੁਤੀ ਆਸਬੰਦੀ ਨਹੀਂ ਜਾਪਦੀ । ਹਾਕਮਾਂ ਦੇ ਹਕੂਮਤੀ ਦੀਵੇ ਨੂੰ ਲੋਕਾਂ ਦੇ ਸੰਘਰਸ਼ਾਂ ਦੇ ਝੱਖੜਾਂ ਦੇ ਪਹਿਲੇ ਬੁਲਿਆਂ ਡੁਲਾਉਣਾ ਅਰੰਭ ਦਿੱਤਾ ਹੈ । ਦਿੱਲੀ ਵਿਚ ਅਕਤੂਬਰ ਦੇ ਪਿਛਲੇ ਹਫਤੇ

→

ਦੀਵਾਲੀ ਮੁਬਾਰਕ!

TRU FOODS

ਟਰੂ ਫੂਡਜ਼

ਸੇਲ!

SALE!

10053 - 136A St. Surrey, B.C.

Ph. (604) 584-7011

Anniversary Sale

Sale Start From Oct. 18 - Nov. 18, 1988

Or Till Quantities Last

Manh Whole ਮਾਂਹ ਸਾਬਤ **55¢** lb.	**Moongi Whole** ਸਾਬਤ ਮੂੰਗੀ **55¢** lb.	**Basmati Rice** ਬਾਸਮਤੀ ਚਾਵਲ **$\$42^{99}$** 55 lb. bag	**Chick Peas or Black Chana** **55¢** lb.
7up-Pepsi 2 for **99¢** 750 + Deposit	**Pure Haldi** ਹਲਦੀ **99¢** lb.	**Chilli Powder** ਪੀਸੀਆਂ ਲਾਲ ਮਿਰਚਾਂ **99¢** lb.	**Papad** ਪਾਪੜ **99¢** each
Agarbati ਅਗਰਬੱਤੀ 2 for **99¢**	**Lazeez Tea** ਲਜ਼ੀਜ਼ ਚਾਹ **$\$1^{99}$** pkt.	**Fresh Chicken Legs** ਤਾਜ਼ੀਆਂ ਚਿਕਨ ਲਿਗਜ਼ **95¢** lb.	**Fresh Bread** ਤਾਜ਼ੀ ਬਰੈੱਡ **75¢** 683 grm Loaf
Vegetabl Oil ਵੈਜੀਟੇਬਲ ਤੇਲ **On Special**	**Pachranga Pickle** ਪਚਰੰਗਾ ਆਚਾਰ **$\$1^{99}$** tin.	**Punjabi Tinda** ਪੰਜਾਬੀ ਟੀਂਡੇ **99¢** tin.	**Red Lentils** ਲਾਲ ਮਸਰ **55¢**
Whole Green Lentils ਹਰੇ ਮਸਰ **49¢** lb.	**10% Off On All** **Heavy Bottom Patele** ਭਾਰੇ ਥੱਲੇ ਵਾਲੇ ਪਤੀਲਿਆਂ ਤੇ		**7up or Pepsi** **$\$1^{49}$** 2 Lit. + Deposit

ਸਟੋਰ ਵਿਚ ਆ ਕੇ ਦੇਖੋ ਹੋਰ ਵੀ ਬਹੁਤ ਸਾਰੀਆਂ ਆਈਟਮਾਂ 'ਤੇ ਸੇਲ ਹੈ

ਵੈਨਕੂਵਰ ਵਿਚ ਫੈਮਿਲੀ ਸੂਈਟਾਂ ਕਾਨੂੰਨੀ ਹੋ ਗਈਆਂ

ਗੁਰਨਾਮ ਸਿੰਘ ਸੰਘੇੜਾ



20 ਅਕਤੂਬਰ 1988 ਨੂੰ ਵੈਨਕੂਵਰ ਦੀ ਸਿਟੀ ਕੌਂਸਲ ਨੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੇ ਲਗਾਤਾਰ ਦਬਾਅ, ਪਬਲਿਕ ਮੀਟਿੰਗਾਂ ਅਤੇ ਸਰਗਰਮੀਆਂ ਦੇ ਅਸਰ ਅਧੀਨ ਫੈਮਿਲੀ ਸੁਈਟਾਂ ਕਾਨੂੰਨੀ ਕਰ ਦਿੱਤੀਆਂ ਹਨ। ਇਹ ਘੋਲ ਪਿਛਲੇ ਡੇਢ ਸਾਲ ਤੋਂ ਚਲ ਰਿਹਾ ਸੀ। ਪਹਿਲਾਂ ਤਾਂ ਅਜ ਦੀ ਸਿਟੀ ਕੌਂਸਲ ਨੇ 22 ਅਕਤੂਬਰ 1986 ਨੂੰ ਉਸ ਦਿਨ ਤੋਂ ਪਿਛੋਂ ਬਣਨ ਵਾਲੇ ਨਵੇਂ ਘਰਾਂ ਵਿਚ ਦੂਜੀ ਕਿਚਨ ਬਣਾਉਣ ਤੇ ਪਾਬੰਦੀ ਲਾ ਦਿੱਤੀ। ਫਿਰ ਬਿਲਡਿੰਗ ਕੋਡ ਹੋਰ ਸਖਤ ਕਰ ਦਿੱਤਾ। ਫਿਰ ਕੌਂਸਲ ਦੇ ਇਕ ਮੈਂਬਰ ਵਲੋਂ ਸੁਈਟਾਂ ਬੰਦ ਕਰਨ ਕਰਾਉਣ ਦੇ ਮਸਲੇ ਤੇ ਅੱਠ ਨੁਕਾਤੀ ਹਿੱਟ ਲਿਸਟ ਲਿਆਂਦੀ ਪਰ ਲੋਕਾਂ ਦੇ ਰੋਹ ਦੇ ਅੱਗੇ ਉਹ ਉਹ ਲਿਸਟ ਖੜ ਨਾ ਸਕੀ। ਫਿਰ ਕਿਰਾਏ ਵਾਲੀਆਂ ਤੇ ਹੋਰ ਫੈਮਿਲੀ ਸੁਈਟਾਂ ਨੂੰ ਬੰਦ ਕਰਨ ਲਈ ਤਜਵੀਜ਼ਾਂ ਪੇਸ਼ ਹੋ ਗਈਆਂ। ਸਿਟੀ ਕੌਂਸਲ ਤਾਂ ਉਸ ਸਮੇਂ ਕੁਝ ਸੁਣਨ ਨੂੰ ਤਿਆਰ ਨਹੀਂ ਸੀ। ਹੋਰ ਲੋਕ ਭੀ ਕਿਰਾਏ ਵਾਲੀਆਂ ਤੇ ਫੈਮਿਲੀ ਸੁਈਟਾਂ ਨੂੰ ਰਲਗੱਡ ਕਰਦੇ ਸਨ ਜਾਂ ਇਸ ਮਸਲੇ ਤੇ ਪਰਿਵਾਰ ਮੈਂਬਰਾਂ ਲਈ ਸੁਈਟਾਂ ਦੀ ਅਹਿਮੀਅਤ ਨੂੰ ਸਮਝਣ ਤੋਂ ਅਸਮਰਥ ਸਨ। ਕਿਉਂਕਿ ਸਭਿਆਚਾਰਕ ਵਖਰੇਵਾਂ ਭੀ ਕਾਰਨ ਹੈ। ਕਿਰਾਏਦਾਰ ਤੇ ਪਰਿਵਾਰਕ ਮੈਂਬਰਾਂ ਵਿਚਕਾਰ ਫਰਕ ਤਾਂ ਹੈ ਹੀ। ਖੈਰ ਕੌਂਸਲ ਕੁਝ ਭੀ ਸੁਣਨ ਨੂੰ ਤਿਆਰ ਨਹੀਂ ਸੀ। ਆਖਰ ਮਜਬੂਰ ਹੋ ਕੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੂੰ ਅੱਗੇ ਹੋ ਕੇ ਘੋਲ ਕਰਨਾ ਪਿਆ। ਅਸੀਂ ਬਹੁਤ ਸਾਰੇ ਹੋਰ ਲੋਕਾਂ, ਬਿਲਡਰਾਂ, ਰੀਅਲ ਅਸਟੇਟ ਏਜੰਟਾਂ ਅਤੇ ਜਥੇਬੰਦੀਆਂ ਨੂੰ ਭੀ ਅੱਗੇ ਜਾਂ ਨਾਲ ਆਉਣ ਲਈ ਆਖਿਆ। ਪਰ ਆਖਰ ਸਾਰਾ ਕੰਮ ਭਾਰਤੀ ਮਜ਼ਦੂਰ ਸਭਾ ਤੇ ਹੀ ਰਹਿ ਗਿਆ। ਫਿਰ ਸਮੇਂ ਸਮੇਂ ਅਸੀਂ ਲਿਖ ਕੇ ਭੀ ਸੂਚਿਤ ਕਰਦੇ ਰਹੇ ਹਾਂ ਕਿ ਅਜੇ ਭੀ ਸਮਾਂ ਹੈ ਕਿ ਜੇ ਕੋਈ ਤਰੁੱਟੀ, ਕਮੀ ਜਾਂ ਘਾਟ ਹੈ ਤਾਂ ਦਰੁਸਤ ਕਰਾਉਣ ਲਈ ਹਿਸਾ ਪਾਉ। ਪਰ ਇਉਂ ਲਗਦਾ ਹੈ ਕਿ ਜਾਂ ਤਾਂ ਲੀਡਰਸ਼ਿਪ ਹੀ ਭਾਲਦੇ ਹਨ ਜਾਂ ਫਿਰ ਆਮ ਲੋਕ ਆਖ ਦਿੰਦੇ ਹਨ ਕਿ "ਕੁਝ ਨਹੀਂ ਹੋਣ ਲੱਗਾ ਜਾਂ ਆਪੇ ਹੀ ਹੋ ਜਾਊ" ਆਦਿ। ਇਹ ਕੋਈ ਸਿਹਤਮੰਦ ਗੱਲ ਨਹੀਂ। ਇਸ ਵਿਚ ਸੱਨ ਸੈਟ ਕਮਿਊਨਿਟੀ ਸੈਂਟਰ ਦੇ ਬਜ਼ੁਰਗਾਂ ਤੇ ਉਹਨਾਂ ਦੀ ਕਮੇਟੀ ਨੇ ਆਖਰੀ ਮੰਜ਼ਲ ਤਕ ਪੂਰਾ ਸਾਥ ਦਿੱਤਾ ਹੈ।

ਅੱਗੇ ਜਾਣ ਤੋਂ ਪਹਿਲਾਂ ਪਿਛੋਕੜ ਦੇਣਾ ਜ਼ਰੂਰੀ ਹੈ। ਸੈਕੰਡਰੀ (ਜਾਂ ਕਿਰਾਏ ਲਈ) ਅਤੇ ਫੈਮਿਲੀ ਸੁਈਟਾਂ ਵੱਖੋ ਵੱਖਰੀ ਗੱਲ ਹੈ। ਸ਼ਹਿਰ ਦੀ ਜ਼ੋਨਿੰਗ ਸਿੰਗਲ ਪਰਿਵਾਰ ਦੀ ਵਿਆਖਿਆ ਤੇ ਆਧਾਰਤ ਹੈ ਜਿਸ ਅਧੀਨ ਇਕ, ਦੋ ਜਾਂ ਬਹੁ ਪਰਿਵਾਰ ਜ਼ੋਨ ਅਤੇ ਦਸਤਕਾਰੀ ਤੇ ਵਪਾਰ ਜ਼ੋਨ ਹਨ। ਇਸ ਹੀ ਤਰ੍ਹਾਂ ਕਿਰਾਏ ਲਈ ਤੇ ਅਪਾਰਟਮੈਂਟ ਜ਼ੋਨ ਵੱਖਰੇ ਹਨ। ਪਰ ਰਿਹਾਇਸ਼ ਦੇ ਪੱਖ ਤੋਂ ਮੁੱਖ ਤੇ ਬੁਨਿਆਦੀ ਆਧਾਰ ਪਰਿਵਾਰ ਹੀ ਹੈ। ਸੋ ਪਰਿਵਾਰ ਜ਼ੋਨ ਕਿਰਾਏ ਦੇ ਜ਼ੋਨ ਤੋਂ ਵੱਖਰਾ ਹੈ। ਇਕ ਪਰਿਵਾਰ ਜ਼ੋਨ ਵਿਚ ਸਿਰਫ ਇਕ ਪਰਿਵਾਰ ਹੀ ਰਹਿ ਸਕਦਾ ਹੈ ਜਿਸ ਦੀ ਹੁਣ ਤੱਕ ਵਿਆਖਿਆ ਵਿਚ ਸਿਰਫ ਪਤੀ, ਪਤਨੀ ਅਤੇ ਨਾ-ਬਾਲਗ ਬੱਚੇ ਸਨ। ਫਿਰ ਉਸ ਇਕ ਪਰਿਵਾਰ ਵਿਚ ਦੇ ਜ਼ੋਨ ਵਿਚ ਦੂਜੀ ਕਿਚਨ ਬਣਾ ਕੇ ਜੁਦਾ ਯੂਨਿਟ (ਪਰਿਵਾਰ ਲਈ ਭੀ) ਬਣਾਉਣਾ ਗੈਰ ਕਾਨੂੰਨੀ ਹੈ। ਵੈਨਕੂਵਰ ਦਾ 70 ਫੀਸਦੀ ਏਰੀਆ (8800 ਏਕੜ) ਸਿੰਗਲ ਪਰਿਵਾਰ ਜ਼ੋਨ ਹੈ। ਤੇ ਇਸ ਜ਼ੋਨ ਨੂੰ ਬਦਲ ਕੇ ਕਿਰਾਏ ਲਈ ਭੀ ਖੁੱਲ ਚਾਹੀਦੀ ਹੈ ਕਿਉਂਕਿ ਆਬਾਦੀ ਤੇ ਹੋਰ ਹਾਲਾਤ ਬਦਲ ਰਹੇ ਹਨ। ਸਾਰੇ ਸਿੰਗਲ ਪਰਿਵਾਰ ਜ਼ੋਨ ਵਿਚ ਹਰ ਘਰ ਵਿਚ ਕਿਰਾਏ ਲਈ ਸੁਈਟ ਬਣਾਉਣ ਦੀ ਤਾਂ ਕੋਈ ਭੀ ਪਾਰਟੀ ਖੁੱਲ੍ਹ ਨਹੀਂ ਦੇਵੇਗੀ ਅਤੇ ਨਾ ਹੀ ਲੋਕ ਕਰਨ ਦੇਣਗੇ।

ਵੈਨਕੂਵਰ ਨੇ 1956 ਵਿਚ ਘਰਾਂ ਦੇ ਸੁਈਟ ਬੰਦ ਕਰਨ ਦਾ ਫੈਸਲਾ ਕੀਤਾ। (ਪਰ ਬਣੀਆਂ ਹੋਈਆਂ ਸੁਈਟਾਂ ਨੂੰ ਇਜ਼ਾਜਤ ਦੇ ਦਿੱਤੀ)। 1959 ਵਿਚ ਘਰਾਂ ਵਿਚ ਬਣੀਆਂ ਸੁਈਟਾਂ ਨੂੰ ਬੰਦ ਕਰਨ ਦਾ ਹੁਕਮ ਦਿੱਤਾ। ਪਰ 1961 ਵਿਚ ਦਾਦਾ ਦਾਦੀ (ਨਾਨਾ ਨਾਨੀ) ਤੋਂ ਪੋਤੇ ਪੋਤੀਆਂ ਤੱਕ ਸੁਈਟਾਂ ਵਿਚ ਰਹਿਣ ਵਾਲਿਆਂ ਵਿਰੁੱਧ ਨਿਯਮ ਲਾਗੂ ਕਰਨ ਤੋਂ ਰੋਕ ਦਿੱਤਾ ਪਰ ਕਾਨੂੰਨੀ ਨਾ ਕੀਤੀਆਂ। 1964 ਵਿਚ "ਹਾਰਡਸ਼ਿਪ ਕਮੇਟੀ" ਬਣਾਈ ਅਤੇ 1977 ਵਿਚ ਇਸ ਸੰਬੰਧੀ ਹਦਾਇਤਾਂ ਤੇ ਗਾਈਡ ਲਾਈਨਾਂ ਬਣਾਈਆਂ। 1975 ਵਿਚ ਲੋਕ ਰਾਇ ਰਾਹੀਂ ਕੁਝ ਜ਼ੋਨ ਬਦਲੀ ਕੀਤੀ। 1980 ਵਿਚ ਸਪੈਸ਼ਲ ਕਮੇਟੀ ਨੇ ਸੈਕੰਡਰੀ ਸੁਈਟਾਂ ਦੀ ਖੁੱਲ੍ਹ ਦੀ ਸਿਫਾਰਸ਼ ਕੀਤੀ ਪਰ ਅਮਲ ਨਾ ਹੋਇਆ।

22 ਅਕਤੂਬਰ 1986 ਤੋਂ ਰਿਹਾਇਸ਼ੀ ਘਰਾਂ (ਇਕ ਪਰਿਵਾਰ ਜ਼ੋਨ) ਵਿਚ ਦੂਜੀ ਕਿਚਨ ਬੰਦ ਕਰਨ ਤੋਂ ਪਿਛੋਂ ਵੈਨਕੂਵਰ ਦੇ ਆਖੇ ਜਾਂਦੇ 26000 ਸੈਕੰਡਰੀ (ਕਿਰਾਏ ਲਈ) ਤੇ ਪਰਿਵਾਰ ਲਈ ਸੁਈਟਾਂ ਨੂੰ ਬੰਦ ਕਰਨ ਦੀ ਗੱਲ ਛੇੜੀ ਗਈ। ਕੌਂਸਲ ਸੋਚਦੀ ਸੀ ਸ਼ਾਇਦ ਬਹੁ ਗਿਣਤੀ ਇਉਂ ਚਾਹੁੰਦੀ ਹੈ। ਪਰ ਜਦੋਂ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਚੀਨੀ ਤੇ ਇਟਾਲੀਅਨ ਕਮਿਊਨਿਟੀਆਂ, ਵਿਦਿਆਰਥੀਆਂ, ਕਿਰਾਏਦਾਰਾਂ ਅਤੇ ਘੱਟ ਆਮਦਨ ਵਾਲੇ ਲੋਕਾਂ ਅਤੇ ਸਿੰਗਲ ਮਾਵਾਂ ਨੂੰ ਪਹੁੰਚ ਕਰਕੇ ਕਿਲਾਰਨੀ ਹਾਲ ਵਿਚ ਮੀਟਿੰਗ ਤੋਂ ਪਿਛੋਂ ਜੌਹਨ ਔਲੀਵਰ ਸਕੂਲ ਵਿਚ ਹਜ਼ਾਰਾਂ ਲੋਕਾਂ ਨਾਲ ਹਾਲ ਭਰ ਕੇ ਕੌਂਸਲ ਨੂੰ ਵਿਖਾ ਦਿੱਤਾ ਕਿ ਲੋਕ ਵਿਰੁੱਧ ਹਨ ਤਾਂ ਫਿਰ ਸਾਰੀ ਕੌਂਸਲ ਨੂੰ ਪਤਾ ਲੱਗ ਗਿਆ ਹੈ ਕਿ ਹੁਣ ਲੋਕਾਂ ਨੂੰ ਬੇਸਮੈਂਟਾਂ ਤੇ ਫੈਮਿਲੀ ਵਿਚੋਂ ਕੱਢ ਕੇ ਕਿਤੇ ਰੱਖਣ ਲਈ ਘਰ ਨਹੀਂ ਹਨ। ਲੋਕਾਂ ਦੀ ਪਹੁੰਚ ਵਾਲੇ ਸਸਤੇ ਕਿਰਾਏ ਵਾਲੇ ਅਪਾਰਟਮੈਂਟ ਨਹੀਂ ਹਨ।

ਗੈਰ ਮਨਜ਼ੂਰ ਸ਼ੁਦਾ 26000 ਸੁਈਟਾਂ ਵਿਚੋਂ ਦਸ ਤੋਂ ਪੰਦਰਾਂ ਫੀ ਸਦੀ ਸੁਈਟ ਪਰਿਵਾਰਕ ਸੁਈਟ ਹਨ। ਪਰ ਪਰਿਵਾਰਕ ਸੁਈਟ ਭੀ ਕਾਨੂੰਨੀ ਨਹੀਂ। ਜੇ ਕਰ ਕਿਰਾਏ ਤੇ ਦੇਣ ਲਈ ਘਰ ਵਿਚ ਸੁਈਟ ਦੀ ਇਜ਼ਾਜਤ ਮਿਲ ਜਾਏ ਤਾਂ ਫਿਰ ਫੈਮਿਲੀ ਸੁਈਟ ਦੀ ਮਨਜ਼ੂਰੀ ਆਪਣੇ ਆਪ ਮਿਲ ਜਾਂਦੀ ਹੈ। ਪਰ ਸਾਰੇ ਸ਼ਹਿਰ ਦੇ ਸਾਰੇ ਹੀ ਘਰਾਂ ਵਿਚ ਕਿਰਾਏ ਲਈ ਸੁਈਟ ਦੀ ਇਜ਼ਾਜਤ ਤਾਂ ਕਿਸੇ ਨੇ ਨਹੀਂ ਦੇਣੀ। ਜਿਥੇ ਕਿਰਾਏ ਲਈ ਸੁਈਟ ਦੀ ਖੁੱਲ੍ਹ ਨਹੀਂ ਤਾਂ ਉਥੇ ਕਿਸੇ ਭੀ ਦੂਜੀ ਕਿਚਨ ਤੇ ਫੈਮਿਲੀ ਸੁਈਟ ਦੀ ਇਜ਼ਾਜਤ ਨਹੀਂ। ਸੋ ਜੇ ਪਰਿਵਾਰ ਭੀ ਦੂਜੀ ਕਿਚਨ ਬਣਾ ਕੇ ਰਹਿੰਦਾ ਹੈ ਤਾਂ ਉਹ ਭੀ ਗੈਰ ਕਾਨੂੰਨੀ ਹੈ। ਸੋ ਇਸ ਲਈ ਜਿਥੇ ਘਰਾਂ ਵਿਚ ਕਿਰਾਏ ਲਈ ਤਾਂ ਇਜ਼ਾਜਤ ਨਹੀਂ ਉਥੇ ਪਰਿਵਾਰ ਲਈ ਭੀ ਸੁਈਟ ਦੀ ਇਜ਼ਾਜਤ ਨਹੀਂ ਸੀ। ਇਸ ਕਰਕੇ ਉਹਨਾਂ ਇਲਾਕਿਆਂ ਤੇ ਘਰਾਂ ਵਿਚ ਫੈਮਿਲੀ ਸੁਈਟ ਤੇ ਦੂਜੀ ਕਿਚਨ ਲਈ ਕੌਂਸਲ ਤੋਂ ਕਾਨੂੰਨੀ ਇਜ਼ਾਜਤ ਲੈਣ ਦੀ ਜਦੋ ਜਹਿਦ ਸੀ। ਕਿਰਾਏ ਲਈ ਸੁਈਟ ਦਾ ਮਸਲਾ ਜੁਦਾ ਹੈ। ਸਿਟੀ ਕੌਂਸਲ ਨੇ ਸਿਟੀ ਚਾਰਟਰ ਵਿਚ ਬੀ ਸੀ ਸਰਕਾਰ ਤੋਂ ਬਦਲੀ ਕਰਾ ਕੇ ਫੈਮਿਲੀ ਸੁਈਟਾਂ ਨੂੰ ਕਾਨੂੰਨੀ ਕਰਨ ਦੀ ਇਜ਼ਾਜਤ ਲਈ। ਅਸੀਂ ਲਗਾਤਾਰ ਲੌਬੀ ਕਰਦੇ ਰਹੇ ਅਤੇ ਮੀਟਿੰਗਾਂ ਤੇ ਅਖਬਾਰਾਂ, ਰਸਾਲਿਆਂ ('ਲੋਕਤਾ' ਮਾਸਿਕ ਤੇ 'ਕੈਨੇਡਾ ਦਰਪਣ' ਵੀਕਲੀ) ਰਾਹੀਂ ਹਰ ਮੋੜ ਤੇ ਅਮਲ ਬਾਰੇ ਦੱਸਦੇ ਰਹੇ। ਪਰਿਵਾਰ ਬਾਰੇ ਬਣ ਰਹੀ ਵਿਆਖਿਆ ਬਾਰੇ ਕੋਈ ਅੱਠ ਨੌ ਮਹੀਨੇ ਤੋਂ ਆਖਦੇ ਰਹੇ ਹਾਂ ਕਿ ਜੇ ਕਰ ਸਿਟੀ ਵਲੋਂ ਪੇਸ਼ ਕੀਤੀ ਜਾ ਰਹੀ ਵਿਆਖਿਆ ਜਾਂ ਸੰਕਲਪ ਪਸੰਦ ਨਹੀਂ ਤਾਂ ਸੋਧ ਲਈ ਸਿਟੀ ਕੌਂਸਲ ਨੂੰ ਪਹੁੰਚ ਕਰੋ। ਪਰ 20 ਅਕਤੂਬਰ 1988 ਤੱਕ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਤੋਂ ਬਿਨਾਂ ਕਿਸੇ ਨੇ ਕੋਈ ਸੁਝਾਅ ਨਹੀਂ ਦਿੱਤਾ ਤੇ ਨਾ ਹੀ ਪਹੁੰਚ ਕੀਤੀ। ਸੋ ਜਾਂ ਤਾਂ ਲੋਕ ਸਹਿਮਤ ਹਨ ਜਾਂ ਉਹ ਖੇਚਲ ਨਹੀਂ ਕਰਨਾ ਚਾਹੁੰਦੇ। ਅਸੀਂ ਆਪਣੀ ਹਿੰਮਤ ਅਨੁਸਾਰ ਪੂਰਾ ਤਾਣ ਲਾਇਆ।

ਵਿਆਖਿਆ ਹੈ ਕਿ ਘਰ ਦੇ ਮਾਲਕ ਪਤੀ ਪਤਨੀ ਜਾਂ ਪਤੀ ਜਾਂ ਪਤਨੀ ਦੇ ਦਾਦਾ ਦਾਦੀ (ਨਾਨਾ ਨਾਨੀ) ਤੋਂ ਲੈ ਕੇ ਪੋਤੇ ਪੋਤੀਆਂ ਤੱਕ ਪਰਿਵਾਰ ਦੇ ਮੈਂਬਰ ਉਸ ਘਰ ਵਿਚ ਦੂਜੀ ਕਿਚਨ ਬਣਾ ਕੇ ਫੈਮਿਲੀ ਸੁਈਟ ਵਿਚ ਰਹਿ ਸਕਦੇ ਹਨ। ਹਾਂ ਅਸੀਂ ਚਾਹੁੰਦੇ ਸੀ ਕਿ ਘਰ ਵਿਚ ਦੂਜੀ ਕਿਚਨ ਤੇ ਸੁਈਟ ਦੀ ਚਾਚੇ ਤਾਏ, ਫੁਫੜ ਭੂਆ ਆਦਿ ਲਈ ਭੀ ਸੁਈਟ ਦੀ ਇਜ਼ਾਜਤ ਹੋਵੇ। ਪਰ ਕਿੰਨੇ ਕੁ ਲੋਕ ਇਸ ਤਰ੍ਹਾਂ ਇਕ ਘਰ ਵਿਚ ਰਹਿ ਸਕਦੇ ਹਨ। ਸਿਹਤ ਅਤੇ ਸੁਰੱਖਿਆ ਦੇ ਕਾਨੂੰਨ ਹਨ ਦੂਜੇ ਇਕ ਛੱਤ ਥੱਲੇ ਘਰ ਵਿਚ ਪਰ ਦੂਜੀ ਕਿਚਨ ਤੋਂ ਬਿਨਾਂ ਕੋਈ ਭੀ ਰਿਸ਼ਤੇਦਾਰ ਤੁਹਾਡੇ ਨਾਲ ਰਹਿ ਸਕਦਾ ਹੈ। ਪਰਿਵਾਰ ਦੀ ਵਿਆਖਿਆ ਵਿਚ ਦਾਦਾ ਦਾਦੀ (ਨਾਨਾ ਨਾਨੀ) ਤੋਂ ਪੋਤੇ ਪੋਤੀਆਂ ਦੇ ਨਾਲ ਨਾਲ ਉਹ ਭੀ ਮੈਂਬਰ ਪਰਿਵਾਰ ਦੀ ਵਿਆਖਿਆ ਵਿਚ ਹਨ ਜੋ ਇਮੀਗਰੇਸ਼ਨ ਐਕਟ ਤੇ ਕੈਨੇਡਾ ਟੈਕਸ ਕਾਨੂੰਨ ਅਧੀਨ ਆਉਂਦੇ ਹਨ। ਸੋ ਅਣਵਿਆਹੇ ਭੈਣ ਭਰਾ ਭੀ ਜੁਦੀ ਕਿਚਨ ਬਣਾ ਕੇ ਫੈਮਿਲੀ ਸੁਈਟ ਵਿਚ ਰਹਿ ਸਕਦੇ ਹਨ। ਫਿਰ ਫੈਮਿਲੀ ਸੁਈਟ ਲਈ ਪੰਜ ਹਜ਼ਾਰ ਡਾਲਰ ਦੀ ਜ਼ਮਾਨਤ ਦੀ ਸ਼ਰਤ ਭੀ ਸੀ ਪਰ ਅਸੀਂ ਜ਼ੋਰ ਪਾ ਕੇ ਉਹ ਸ਼ਰਤ ਭੀ ਖਤਮ ਕਰਵਾ ਦਿੱਤੀ ਤੇ ਹੁਣ ਕਿਸੇ ਭੀ ਜ਼ਮਾਨਤ ਦੀ ਲੋੜ ਨਹੀਂ। ਪਰ ਫੈਮਿਲੀ ਸੁਈਟ ਦੀ ਮਨਜ਼ੂਰੀ ਲਈ ਇਨਸਪੈਕਸ਼ਨ (ਪੜਤਾਲ), ਲਾਸੰਸ ਤੇ ਪਰਮਿਟ ਆਦਿ ਦੀ ਫੀਸ ਨੀਯਤ ਹੈ। ਬਿਜਲੀ ਆਦਿ ਦੀ ਸੁਰੱਖਿਆ ਜ਼ਰੂਰੀ ਹੈ। ਕਿਚਨ ਦੀ ਛੱਤ ਦੀ ਉਚਾਈ ਜ਼ਰੂਰ ਛੇ ਫੁੱਟ ਅੱਠ ਇੰਚ ਹੋਵੇ। ਬਿਲਡਿੰਗ ਕੋਡ ਕਾਫੀ ਸਖਤ ਹੈ। ਉਸ ਵਿਚ ਨਰਮਾਈ ਕਰਾਉਣ ਦੀ ਲੋੜ ਹੈ। ਪਰਮਿਟ ਹਰ ਦੋ ਸਾਲ ਤੋਂ ਪਿਛੋਂ ਲੈਣਾ ਪਿਆ ਕਰੇਗਾ।

ਸੋ ਉਪਰ ਦੱਸੀ ਪਰਿਵਾਰਕ ਵਿਆਖਿਆ ਦੇ ਅਨੁਸਾਰ ਉਹਨਾਂ ਮੈਂਬਰਾਂ ਲਈ ਜੁਦਾ ਫੈਮਿਲੀ ਸੁਈਟ (ਦੂਜੀ ਕਿਚਨ ਆਦਿ) ਬਣਾਉਣ ਦੀ ਸਾਰੇ ਹੀ ਸ਼ਹਿਰ ਵਿਚ ਕਾਨੂੰਨੀ ਇਜ਼ਾਜਤ ਮਿਲ ਗਈ ਹੈ। ਪਰ ਉਹ ਪਰਿਵਾਰ ਸੁਈਟ ਸ਼ਹਿਰ ਦੇ ਬਿਲਡਿੰਗ ਕੋਡ ਦੇ ਅਨੁਸਾਰ ਹੋਵੇ। ਸੋ ਇਹ ਸਾਰੀ ਗੱਲ ਘੱਟੋ ਘੱਟ ਠੀਕ ਸੇਧ ਵਿਚ ਹੈ ਅਤੇ ਇਸ ਲਈ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਬਹੁਤ ਕੰਮ ਕੀਤਾ ਅਤੇ ਸੰਨਸੈਟ ਕਮਿਊਨਿਟੀ ਸੈਂਟਰ ਦੇ ਬਜ਼ੁਰਗਾਂ ਨੇ ਜੋ ਸਾਥ ਦਿੱਤਾ ਉਹ ਸ਼ਲਾਘਾ ਯੋਗ ਹੈ। ਇਕੋ ਵਾਰੀ ਵਿਚ ਮੂੰਹ ਮੰਗੀ ਤਾਂ ਹਰ ਗੱਲ ਪੂਰੀ ਨਹੀਂ ਹੁੰਦੀ। ਸੋ ਫੈਮਿਲੀ ਸੁਈਟਾਂ ਨੂੰ ਕਾਨੂੰਨੀ ਕਰਾਉਣ ਲਈ ਤੁਰੇ ਸੀ, ਉਹ ਪ੍ਰਾਪਤ ਕਰ ਲਿਆ ਅਤੇ ਕਿਰਾਏ ਤੇ ਦੇਣ ਲਈ ਇਜ਼ਾਜਤ, ਬਿਲਡਿੰਗ ਕੋਡ ਵਿਚ ਸੋਧ ਆਦਿ ਬਾਕੀ ਹਨ। ਪਰ ਇਹਨਾਂ ਲਈ ਇਜ਼ਾਜਤ ਤੇ ਬਿਲਡਿੰਗ ਕੋਡ ਵਿਚ ਨਰਮਾਈ ਤੇ ਵਿਆਖਿਆ ਵੱਡੀ ਕਰਨ ਲਈ ਪਹਿਲੇ ਘੋਲ ਤੋਂ ਕਿਤੇ ਵੱਡੇ ਘੋਲ ਦੀ ਲੋੜ ਹੈ। ਉਸ ਘੋਲ ਵਿਚ ਐਥਨਿਕ ਕਮਿਊਨਿਟੀਆਂ, ਵਿਦਿਆਰਥੀਆਂ, ਕਿਰਾਏਦਾਰਾਂ ਤੇ ਹੋਰ ਜਥੇਬੰਦੀਆਂ ਦਾ ਸ਼ਾਮਲ ਹੋਣਾ ਜ਼ਰੂਰੀ ਹੈ। ਹੋਰ ਸਾਰੇ ਭਾਰਤੀਆਂ ਨੂੰ ਭੀ ਸਰਗਰਮ ਹੋਣਾ ਚਾਹੀਦਾ ਹੈ। ਇਸ ਕਿਰਾਏ ਤੇ ਦੇਣ ਲਈ ਤੇ ਕੋਡ ਤੇ ਵਿਆਖਿਆ ਵਿਚ ਸੋਧਾਂ ਲਈ ਹੋਰ ਜਥੇਬੰਦੀਆਂ ਭੀ ਸਾਡੇ ਨਾਲ ਅੱਗੇ ਆਉਣ। ਪਰ ਸਾਰੇ ਕੰਮ ਬੜੇ ਜ਼ਰੂਰੀ ਹਨ ਅਤੇ ਅਸੀਂ ਉਹ ਭੀ ਹੱਲ ਹੋਇਆ ਚਾਹੁੰਦੇ ਹਾਂ। ਕਿਰਾਏ ਤੇ ਦੇਣ ਬਾਰੇ ਸ਼ਹਿਰ ਦੀਆਂ ਚੋਣਾਂ ਦੇ ਨਾਲ ਲੋਕ ਰਾਏ ਲਈ ਸਵਾਲ ਆ ਰਿਹਾ। ਉਸ ਸੰਬੰਧ ਵਿਚ ਜਾਣਕਾਰੀ ਮੀਟਿੰਗਾਂ ਹੋ ਰਹੀਆਂ ਹਨ ਜਿਵੇਂ ਪਹਿਲੀ ਨਵੰਬਰ ਸ਼ਾਮ ਦੇ ਸਾਢੇ ਸੱਤ ਵਜੇ ਜੌਹਨ ਔਲੀਵਰ ਸਕੂਲ ਵਿਚ ਅਤੇ 7 ਨਵੰਬਰ ਸ਼ਾਮ ਦੇ ਸਾਢੇ ਸੱਤ ਵਜੇ ਸੱਨ ਸੈਟ ਕਮਿਊਨਿਟੀ ਸੈਂਟਰ ਵਿਚ ਕਿਰਾਏ ਲਈ ਸੁਈਟਾਂ ਬਾਰੇ ਲੋਕ ਰਾਏ ਵਿਚ ਜਾਣਕਾਰੀ ਮੀਟਿੰਗਾਂ ਹੋਣਗੀਆਂ। ਵੈਸੇ ਇਸ ਲੋਕ ਰਾਏ ਦੀ ਥਾਂ ਹਰ ਹਲਕੇ ਵਿਚ ਜੁਦੀ ਜੁਦੀ ਹੋਵੇ। ਪਰ ਕਿਉਂਕਿ ਇਹ ਸਵਾਲ ਸ਼ਹਿਰ ਦੀ ਚੋਣ ਨਾਲ ਆਉਣਾ ਹੀ ਹੈ ਸੋ ਪਹਿਲੇ ਤੇ ਦੂਜੇ ਸਵਾਲ ਦਾ ਜਵਾਬ "ਹਾਂ" ਵਿਚ ਦਿਉ। ਇਹ ਕਿਰਾਏ ਤੇ ਸੁਈਟਾਂ ਬਾਰੇ ਰੀਵੀਊ ਕਰਨ ਬਾਰੇ ਹੈ। ਫਿਰ ਹਰ ਜੁਦੇ ਜੁਦੇ ਹਲਕੇ ਵਿਚ ਜੁਆਇਸ ਹਲਕੇ ਵਾਂਗ ਲੋਕਲ ਕਮੇਟੀਆਂ, ਬਹਿਸਾਂ ਤੇ ਫਿਰ ਰਾਏ ਲਈ ਜਾਵੇਗੀ। ਆਖਰ ਵਿਚ ਲੋਕਲ ਹਲਕੇ ਦੀ ਸੁਣਵਾਈ ਤੇ ਜੇ ਉਸ ਵਿਚ ਬਹੁ ਗਿਣਤੀ ਕਿਰਾਏ ਲਈ ਹਾਂ ਕਰੇ ਤਾਂ ਕਿਤੇ ਜਾ ਕੇ ਕਿਰਾਏ ਲਈ ਖੁੱਲ ਹੋ ਸਕੇਗੀ। ਹਰ ਲੋਕਲ ਏਰੀਆ ਕਿਰਾਏ ਤੇ ਦੇਣ ਲਈ ਸੁਈਟਾਂ ਬਣਾਉਣ ਬਾਰੇ ਬਹੁ-ਗਿਣਤੀ ਲੋਕਾਂ ਦੇ ਦਸਤਖਤ ਕਰਵਾ ਕੇ ਕਿਸੇ ਸਮੇਂ ਭੀ ਰੀਵੀਊ ਕਰਵਾ ਸਕਦੇ ਹਨ।

ਸੋ ਹੁਣ ਸਾਰੇ ਸ਼ਹਿਰ ਵਿਚ ਪਰਿਵਾਰ ਲਈ ਸੁਈਟਾਂ ਕਾਨੂੰਨੀ ਹੋ ਗਈਆਂ ਹਨ (ਪਰ ਉਹ ਬਿਲਡਿੰਗ ਕੋਡ ਅਨੁਸਾਰ ਪਾਸ ਕਰਾਉਣੀਆਂ ਜ਼ਰੂਰੀ ਹਨ) ਤੇ ਅੱਗੋ ਨੂੰ ਕਿਸੇ ਨੂੰ ਭੀ ਕਿਰਾਏ ਤੇ ਦੇਣ ਆਦਿ ਲਈ ਸਰਗਰਮ ਹੋਵੋ।



ਪੋਲੀਓ ਦਾ ਸ਼ਿਕਾਰ ਇਕ ਬੱਚਾ

ਬੱਤੀ ਬੁਝਾਓ

ਚੁੱਪ, ਥਕਾਵਟ
ਜਾਂ ਖਿਚਾਅ
ਹੋਣਾ ਚਾਹੀਦਾ ਸੀ
ਮਹਿਮਾਨਾਂ ਦੇ ਟੁਰ ਜਾਣ ਬਾਅਦ ਤਾਂ।

ਪਰ ਇਹ ਤਾਂ ਗੁਣਗੁਣਾ ਰਹੀ ਹੈ
ਕੁਝ
ਕੋਈ ਗੀਤ
ਜਿਸ ਦੀ ਤਰਜ਼ ਸਮਝ ਪੈਂਦੀ ਹੈ
ਬੋਲ ਨਹੀਂ
ਮਹਿਮਾਨਾਂ ਦੇ ਟੁਰ ਜਾਣ ਬਾਅਦ
ਮੇਰੀ ਬੀਵੀ।

ਮੈਂ ਤਾਂ
ਏਨੇ ਖਲੂਸ, ਖ਼ੁਸ਼ੀ ਨਾਲ
ਨਹੀਂ ਮਿਲਿਆ
ਨਹੀਂ ਉਡੀਕਿਆ ਮਹਿਮਾਨਾਂ ਨੂੰ।

ਉਹਨਾਂ ਦੇ ਆਉਣ ਤੋਂ ਪਹਿਲਾਂ
ਮੈਂ ਤਾਂ ਉਲਝ ਗਿਆ ਸਾਂ
ਡਰ ਨਾਲ
ਕਿ ਕਿੰਨੀ ਰਾਤ ਤੱਕ
ਕਰਦੀ ਰਹੇਗੀ ਕੰਮ
ਬੀਵੀ।


: ਜਸਵੰਤ ਦੀਦ

SAMRA BROS. ROOFING & INSULATION LTD.

ਛੱਤਾਂ ਦੀ ਸਭ ਤੋਂ ਪੁਰਾਣੀ ਤੇ ਭਰੋਸੇਯੋਗ ਕੰਪਨੀ

ਸਾਮਰਾ ਬ੍ਰਦਰਜ਼ ਨੂੰ

ਮਿਹਨਤੀ ਕਾਮਿਆਂ ਦੀ ਲੋੜ ਹੈ !



- ਸ਼ੇਕ ਰੂਫਰ ਤੇ ਕੰਕਰੀਟ ਟਾਇਲ ਰੂਫਰਾਂ ਦੀ ਲੋੜ ਹੈ
- ਮਿਹਨਤੀ ਨੌਜਵਾਨ ਤਜਰਬੇਕਾਰ ਜਾਂ ਬਿਨਾਂ ਤਜਰਬੇਕਾਰ ਕੰਮ ਕਰ ਸਕਦੇ ਹਨ
- ਤਨਖਾਹ ਯੋਗਤਾ ਅਨੁਸਾਰ ਦਿੱਤੀ ਜਾਵੇਗੀ।

ਹੋਰ ਜਾਣਕਾਰੀ ਲਈ ਅੱਜ ਹੀ ਫ਼ੋਨ ਕਰੋ :

ਫ਼ੋਨ : 946-4333 ਜਾਂ 273-4473



ਦੀਵਾਲੀ ਦੇ ਮੌਕੇ ਤੇ ਸ਼ੁਭ ਕਾਮਨਾਵਾਂ



"IF IT'S ROOFING, WE DO IT!"

RESIDENTIAL - COMMERCIAL
INDUSTRIAL - APARTMENTS

NEW OR RE-ROOFING

SHAKES • SHINGLES
DUROID • 1 OR 2 PLY SYSTEM

SPECIALISTS IN SHAKE RE-ROOFING



WE WILL MEET OR BEAT ANY COMPETITIVE BID FOR ROOFING



FOR FREE ESTIMATES CALL :

AVTAR SAMRA **946-4333**

OR **273-4473** OR **261-2263**

ਕਹਾਣੀ

ਸੱਖਣੀ ਝੋਲ

ਵਾਸ ਦੇਵ ਸ਼ਰਮਾ



ਹਰ ਰੋਜ਼ ਸ਼ਾਮ ਨੂੰ ਬਸ਼ੇਸ਼ਰ ਆਪਣੀ ਦੁਕਾਨ ਬੰਦ ਕਰ ਕੇ ਸ਼ਹਿਰ ਦੇ ਹਸਪਤਾਲ ਪਹੁੰਚ ਜਾਂਦਾ। ਉਥੇ ਉਹ ਲੇਬਰ ਰੂਮ ਦੇ ਅੱਗੇ ਬਰਾਮਦੇ 'ਚ ਪਏ ਬੈਂਚ ਉਪਰ ਬੈਠ ਜਾਂਦਾ। ਕਿੰਨਾ ਕਿੰਨਾ ਚਿਰ ਉਹ ਬੈਠਾ ਰਹਿੰਦਾ।

ਉਥੇ ਹੋਰ ਲੋਕ ਵੀ ਬੈਠੇ ਹੁੰਦੇ। ਉਹ ਲੋਕ ਜਿਨ੍ਹਾਂ 'ਚੋਂ ਕਿਸੇ ਦੀ ਧੀ, ਭੈਣ ਜਾਂ ਪਤਨੀ ਲੇਬਰ ਰੂਮ ਅੰਦਰ ਬੱਚਾ ਜਣਨ ਦੀਆਂ ਪੀੜਾਂ ਦਾ ਦੁੱਖ ਸਹਾਰ ਰਹੀ ਹੁੰਦੀ। ਉਹ ਬਾਹਰ ਬੈਠੇ ਜੱਚਾ ਬੱਚਾ ਦੀ ਤੰਦਰੁਸਤੀ ਲਈ ਮਨ ਹੀ ਮਨ ਪ੍ਰਮਾਤਮਾ ਅੱਗੇ ਅਰਦਾਸਾਂ ਕਰ ਰਹੇ ਹੁੰਦੇ। ਉਹ ਕਿਸੇ ਚੰਗੀ ਘੜੀ ਦੀ ਉਡੀਕ ਵਿਚ ਵਕਤ ਲੰਘਾਉਣ ਦੀ ਖ਼ਾਤਰ ਆਪਸ ਵਿਚ ਗੱਲਾਂ ਵੀ ਕਰੀ ਜਾਂਦੇ।

... ਮੇਰੀ ਪਤਨੀ ਦਾ ਤਾਂ ਦੂਜਾ ਬੱਚਾ ਐ ... ਪਹਿਲਾਂ ਕੁੜੀ ਐ ਸਾਡੇ ... ਭਾਵੇਂ ਕੁੜੀ ਹੋਵੇ ਜਾਂ ਮੁੰਡਾ ਪਰ ਰੱਬ ਸੁਖ ਸਾਂਦ ਰੱਖੇ।

.. ਵੇ ਵੀਰਾ, ਮੇਰੀ ਧੀ ਦਾ ਤਾਂ ਪਹਿਲਾ ਜਣੇਪਾ ... ਡਰ ਲਗਦਾ ... ਬੜੀ ਕਮਜ਼ੋਰ ਐ ਬਿਚਾਰੀ ... ਜਲ ਮਰੇ ਸਹੁਰਿਆਂ ਨੇ ਖੁਆਇਆ ਈ ਕੁਛ ਨੀ ... ਹੇ ਰੱਬਾ ਤੇਰਾ ਈ ਆਸਰਾ।

... ਮੇਰੀ ਤਾਂ ਨੂੰਹ ਦਾਖਲ ਐ... ਮਾੜੀ ਤਕਦੀਰ ... ਅਜੇ ਸਤਮਾਂ ਮਹੀਨਾ ਈ ਲੱਗਾ ... ਤਿੰਨ ਕੁੜੀਆਂ ਪਹਿਲਾਂ ... ਹੁਣ ਸੁੱਖ ਨਾਲ ਮੁੰਡੇ ਦੀ ਆਸ ਸੀ ... ਪਰ ਦਾਤੇ ਨੂੰ ਪਤਾ ਨਹੀਂ ਕੀ ਮਨਜ਼ੂਰ ਐ ... ਮੈਂ ਤਾਂ ਰੱਬ ਅੱਗੇ ਹੱਥ ਜੋੜਦੀਆਂ ਬਈ ਉਹ ਸਭ ਦੀਆਂ ਮੁਰਾਦਾਂ ਪੂਰੀਆਂ ਕਰੇ।

ਬਸ਼ੇਸ਼ਰ ਉਨ੍ਹਾਂ ਦੀਆਂ ਗੱਲਾਂ ਚੁੱਪ-ਚਾਪ ਬੈਠਾ ਬੜੇ ਹੀ ਧਿਆਨ ਨਾਲ ਸੁਣਦਾ। ਜਦ ਉਹਨੂੰ ਕੋਈ ਪੁੱਛਦਾ, 'ਭਰਾ ਜੀ ... ਭਾਈ ਸਾਹਿਬ, 'ਤੁਹਾਡਾ ਕੌਣ ਦਾਖਲ ਐ ... ਨੂੰਹ ਜਾਂ ਧੀ ...? ਕਿੰਨਮਾਂ ਜਣੇਪਾ ...? ਕਦੋਂ ਦਾਖਲ ਹੋਈ ਸੀ?' ਤਾਂ ਉਸ ਦਾ ਚਿਹਰਾ ਉਤਰ ਜਾਂਦਾ। ਉਹਦਾ ਸਿਰ ਝੁਕ ਜਾਂਦਾ। ਬਿਨਾਂ ਕਿਸੇ ਦੀ ਗੱਲ ਦਾ ਉਤਰ ਦਿੱਤੇ ਇਕ ਲੰਮਾ ਸਾਰਾ ਹਉਕਾ ਭਰ ਕੇ ਉਹ ਉਥੋਂ ਉਠ ਕੇ ਘਰ ਨੂੰ ਤੁਰ ਪੈਂਦਾ। ਬਹੁਤ ਹੀ ਉਦਾਸ ਹੋ ਜਾਂਦਾ ਉਹ।

ਅਗਲੇ ਦਿਨ ਉਹ ਫਿਰ ਜਾਂਦਾ। ਉਸ ਨੂੰ ਉਥੇ ਕਦੀ ਕੋਈ ਪੁਰਾਣਾ ਚਿਹਰਾ ਦਿਸ ਪੈਂਦਾ ਨਹੀਂ ਤਾਂ ਸਾਰੇ ਨਵੇਂ ਚਿਹਰੇ ਹੁੰਦੇ। ਓਹੋ ਜਿਹੀਆਂ ਗੱਲਾਂ, ਓਹੋ ਜਿਹੇ ਸਵਾਲ, ਓਹੋ ਜਿਹੀ ਉਹਦੀ ਉਦਾਸੀ ਤੇ ਉਸੇ ਤਰ੍ਹਾਂ ਉਹਦਾ ਉਥੋਂ ਉਠ ਕੇ ਘਰ ਨੂੰ ਤੁਰ ਪੈਣਾ। ਕੋਈ ਪਿਛਲੇ ਵੀਹ ਕੁ ਦਿਨਾਂ ਤੋਂ ਇਹ ਸਿਲਸਿਲਾ ਲਗਾਤਾਰ ਜਾਰੀ ਸੀ।

ਪਹਿਲਾਂ ਬਸ਼ੇਸ਼ਰ ਦੁਕਾਨ ਵਕਤ ਸਿਰ ਬੰਦ ਕਰਕੇ ਘਰ ਪਹੁੰਚ ਜਾਂਦਾ ਸੀ। ਹੁਣ ਉਹ ਦੇਰ ਨਾਲ ਘਰ ਪਹੁੰਚਦਾ। ਜੇਕਰ ਆਦਮੀ ਇਕ ਤਾਂ ਘਰ ਦੇਰ ਨਾਲ ਆਏ ਤੇ ਦੂਜਾ ਘਰ ਆ ਕੇ ਆਪਣੀ ਪਤਨੀ ਨਾਲ ਸਿੱਧੇ ਮੂੰਹ ਗੱਲ ਵੀ ਨਾ ਕਰੇ ਤਾਂ ਪਤਨੀ ਦੇ ਮਨ ਵਿਚ ਚਿੰਤਾ, ਡਰ ਜਾਂ ਸ਼ੱਕ ਦਾ ਘਰ ਕਰ ਜਾਣਾ ਇਕ ਸੁਭਾਵਿਕ ਜਿਹੀ ਗੱਲ ਹੈ। ਰੇਸ਼ਮਾਂ ਵੀ ਤਾਂ ਆਮ ਔਰਤਾਂ ਵਰਗੀ ਇਕ ਔਰਤ ਸੀ ਉਹ ਵੀ ਇਸ ਪ੍ਰਭਾਵ ਤੋਂ ਬਚ ਨਾ ਸਕੀ। ਇਕ ਦਿਨ ਦੇਖ - ਦੋ ਦਿਨ ਦੇਖ, ਪੂਰਾ ਹਫਤਾ ਲੰਘ ਗਿਆ। ਫਿਰ ਉਸ ਕੋਲੋਂ ਰਿਹਾ ਨਾ ਗਿਆ। ਬਸ਼ੇਸ਼ਰ ਦੇ ਘਰ ਪਹੁੰਚਦਿਆਂ ਹੀ ਉਹਨੇ ਉਹਦੇ ਉਤੇ ਸੁਆਲਾਂ ਦੀ ਝੜੀ ਲਾ ਦਿੱਤੀ।

"ਅੱਜ ਕੱਲ੍ਹ ਤੁਹਾਨੂੰ ਕੀ ਹੋ ਗਿਆ ... ਘਰ ਦੇਰ ਨਾਲ ਪਹੁੰਚਦੇ ਓ ...? ਚਿਹਰਾ ਵੀ ਤੁਹਾਡਾ ਉਤਰਿਆ ਰਹਿੰਦਾ ਹੈ ... ਘਰ ਆਉਂਦੇ ਈ ਮੰਜੇ ਤੇ ਢੇਰੀ ਢੇਰੇ ਹੋ ਜਾਂਦੇ ਓ... ਨਾ ਢੰਗ ਨਾਲ ਖਾਂਦੇ ਪੀਂਦੇ ਓ... ਨਾ ਹੀ ਤੁਹਾਨੂੰ ਪਹਿਨਣ ਦਾ ਕੋਈ ਖਿਆਲ ਐ... ਕੱਪੜੇ ਮੈਲੇ ਐ ਤਾਂ ਮੈਲੇ ਈ ਸਹੀ... ਮੇਰੇ ਨਾਲ ਵੀ ਪਹਿਲਾਂ ਦੀ ਤਰ੍ਹਾਂ ਖੁੱਲ੍ਹ ਕੇ ਗੱਲ ਨਹੀਂ ਕਰਦੇ... ਘੁੱਟੇ ਘੁੱਟੇ ਰਹਿੰਦੇ ਓ... ਕੀ ਬਿਜਨਸ 'ਚ ਘਾਟਾ ਪੈ ਗਿਆ ... ਕੀ ਤੁਹਾਡੀ ਸਿਹਤ ਠੀਕ ਨਹੀਂ ਰਹਿੰਦੀ ... ਮੈਂ ਤੁਹਾਡੀ ਪਤਨੀ ਹਾਂ ... ਮੈਨੂੰ ਕੁਝ ਦੱਸਦੇ ਕਿਉਂ ਨਹੀਂ ... ਮੇਰੇ ਕੋਲੋਂ ਕੀ ਲੁਕਾਉਂਦੇ ਓ ...

ਤੇ ਬੋਲਦੀ ਬੋਲਦੀ ਦਾ ਉਹਦਾ ਗੱਚ ਭਰ ਆਇਆ।

ਬਸ਼ੇਸ਼ਰ ਦਾ ਬੱਸ ਦੋ ਹਰਫਾ ਉਤਰ ਸੀ 'ਕੁਝ ਨਹੀਂ।'

ਇਹਦੇ ਨਾਲ ਰੇਸ਼ਮਾ ਦੀ ਤਸੱਲੀ ਨਾ ਹੋਈ। ਉਸ ਸੋਚਿਆ ਪਹਿਲਾਂ ਤਾਂ ਬਸ਼ੇਸ਼ਰ ਨੇ ਉਹਦੇ ਕੋਲੋਂ ਕਦੇ ਵੀ ਕੋਈ ਗੱਲ ਨਹੀਂ ਲੁਕਾਈ। ਪਰ ਹੁਣ ਉਹਨੂੰ ਡਰ ਜਿਹਾ ਲੱਗਿਆ। ਉਹਨੂੰ ਆਪਣਾ ਆਪ ਡੁੱਬਦਾ ਜਾਪਿਆ। ਉਹ ਭਰੇ ਗਲੇ ਨਾਲ ਬੋਲੀ :

"ਤਾਂ ਫਿਰ ਮੇਰੇ ਕੋਲੋਂ ਈ ਤੁਹਾਡਾ ਜੀ ਉਪਰਾਮ ਹੋ ਗਿਐ ... ਇਹਦੇ 'ਚ ਭਲਾ ਮੇਰਾ ਕੀ ਦੋਸ਼ ਐ ? ਮੈਂ ਤਾਂ ਪਹਿਲਾਂ ਹੀ ਤੁਹਾਡੀਆਂ ਮਿੰਨਤਾਂ ਤਰਲੇ ਕਰ ਚੁੱਕੀ ਸੀ ਕਿ ਤੁਸੀਂ ਦੂਜੀ ਸ਼ਾ...।"

ਰੇਸ਼ਮਾ ਆਪਣੀ ਗੱਲ ਪੂਰੀ ਕਰਦੀ, ਬਸ਼ੇਸ਼ਰ ਨੇ ਉਹਦੇ ਮੋਢੇ ਨੂੰ ਘੁੱਟਦੇ ਹੋਏ ਉਹਨੂੰ ਟੋਕਿਆ ਤੇ ਬੋਲਿਆ :

"ਨਾ ਰੇਸ਼ਮਾ...ਨਾ। ਦੂਜੀ ਸ਼ਾਦੀ ਦੀ ਗੱਲ ਨਾ ਆਖ। ਭਲਾ ਤੇਰੇ ਨਾਲੋਂ ਮੈਨੂੰ ਕੌਣ ਚੰਗਾ ? ਕੌਣ ਐ ਤੇਰੇ ਬਿਨਾਂ ਮੇਰਾ ਇਸ ਦੁਨੀਆਂ 'ਚ। ਬਸ ਉਈਂ ਦਿਲ ਓਦਰਿਆ ਓਦਰਿਆ ਰਹਿੰਦਾ। ਤੂੰ ਦਿਲ ਛੋਟਾ ਨਾ ਕਰ।"

ਬਸ਼ੇਸ਼ਰ ਦੀ ਗੱਲ ਸੁਣ ਕੇ ਰੇਸ਼ਮਾਂ ਨੂੰ ਕੁਝ ਹੌਂਸਲਾ ਹੋ ਗਿਆ। ਪਰ ਉਹਦੇ ਮਨ ਵਿਚ ਚਿੰਤਾ ਬਣੀ ਰਹੀ। ਬਸ਼ੇਸ਼ਰ ਦਾ ਦੁੱਖ ਉਹਦਾ ਆਪਣਾ ਦੁੱਖ ਸੀ। ਉਹਦਾ ਦਿਲ ਭਰ ਆਇਆ। ਉਹਦਾ ਸਿਰ ਆਪ ਮੁਹਾਰੇ ਬਸ਼ੇਸ਼ਰ ਦੀ ਹਿੱਕ ਨਾਲ ਜਾ ਲੱਗਾ। ਉਹ ਆਪਣੇ ਆਪ ਨੂੰ ਸੰਭਾਲ ਨਾ ਸਕੀ। ਉਹ ਸਿਸਕੀਆਂ ਭਰਨ ਲੱਗ ਪਈ। ਸ਼ਾਇਦ ਆਪਣੇ ਦਿਲ ਦਾ ਭਾਰ ਹੌਲਾ ਕਰਨ ਲਈ। ਬਸ਼ੇਸ਼ਰ ਰੇਸ਼ਮਾ ਦੇ ਸਿਰ ਨੂੰ ਪਲੋਸਦਾ ਰਿਹਾ ਤੇ ਉਹ ਵੀ ਆਪਣੀਆਂ ਅੱਖਾਂ 'ਚੋਂ ਬਹਿਣ ਵਾਲੀ ਹੰਝੂਆਂ ਦੀ ਖਾਰੀ ਧਾਰਾ ਨੂੰ ਰੋਕ ਨਾ ਸਕਿਆ।

***

ਵੀਹ ਕੁ ਸਾਲਾਂ ਪਹਿਲਾਂ ਬਸ਼ੇਸ਼ਰ ਤੇ ਰੇਸ਼ਮਾ ਸ਼ਾਦੀ ਦੇ ਪਵਿੱਤਰ ਬੰਧਨ ਵਿਚ ਬੱਝੇ ਸਨ। ਉਸ ਵੇਲੇ ਬਾਈ ਸਾਲਾਂ ਦਾ ਬਸ਼ੇਸ਼ਰ ਸੀ ਤੇ ਅਠਾਰਾਂ ਦੀ ਰੇਸ਼ਮਾ। ਬਸ਼ੇਸ਼ਰ ਬੀ. ਏ. ਪਾਸ ਤੇ ਰੇਸ਼ਮਾ ਦਸਵੀਂ ਪਾਸ। ਦੋਵੇਂ ਹੀ ਭਰ ਜੁਆਨ ਤੇ ਸੁਹਣੇ-ਸੁਨੱਖੇ ਸਨ ਕੋਈ ਨੌਕਰੀ ਨਾ ਮਿਲਣ ਕਰ ਕੇ ਬਸ਼ੇਸ਼ਰ ਨੇ ਸ਼ਹਿਰ 'ਚ ਮੁਨਿਆਰੀ ਦੀ ਦੁਕਾਨ ਖੋਲ੍ਹ ਲਈ ਸੀ। ਦੁਕਾਨ ਖੂਬ ਚਲ ਨਿਕਲੀ। ਦੋ ਨੌਕਰ ਵੀ ਰੱਖ ਲਏ। ਧੰਨ ਲਕਸ਼ਮੀ ਦੀ ਮੇਹਰ ਹੋ ਗਈ ਤੇ ਉਹ ਲੱਖਾਂ 'ਚ ਖੇਲਣ ਲਗ ਪਏ। ਪਰ ਮੰਦੇ ਭਾਗਾਂ ਨੂੰ ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ ਹੋਈ।

ਸ਼ਾਦੀ ਦੇ ਸ਼ੁਰੂ ਦੇ ਦੋ-ਤਿੰਨ ਸਾਲ ਉਨ੍ਹਾਂ ਨੂੰ ਪਤਾ ਹੀ ਨਾ ਲੱਗਾ ਕਿ ਕਿਹੜੇ ਵੇਲੇ ਹੱਸਦਿਆਂ ਖੇਲਦਿਆਂ ਲੰਘ ਗਏ। ਫਿਰ ਆਂਢ-ਗੁਆਂਢ ਨੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ।

"... ਨੀ ਕੁੜੇ ਖਾਲੀਓ ਰਹਿਣਾ... ਕੋਈ ਜੁਆਕ-ਜਲੇ ਦਾ ਮੂੰਹ ਵੀ ਦਿਖਾ ਛੱਡ ... ਯਾਰ ਐਨਾ ਚਿਰ... ਮਰਦ ਐਂ... ਹੁਣ ਨੂੰ ਤਾਂ ...।"

ਪਰ ਦੋਨਾਂ ਦੀ ਜ਼ੁਬਾਨ ਤੇ ਬਸ ਇਹੋ ਜਵਾਬ ਹੁੰਦਾ, "ਕੀ ਕਾਹਲੀ ਐ... ਅਜੇ ਤਾਂ ਅਸੀਂ ਆਪ ਬੱਚੇ ਹਾਂ।"

ਪੰਜ ਸਾਲ ਲੰਘ ਗਏ ਪਰ ਰੇਸ਼ਮਾਂ ਦੀ ਕੁੱਖ ਹਰੀ ਨਾ ਹੋਈ। ਉਹ ਸੋਚੀਂ ਪੈ ਗਏ। ਉਨ੍ਹਾਂ ਨੂੰ ਚਿੰਤਾ ਲਗ ਗਈ। ਉਹ ਆਪਣੇ ਆਪ ਉਤੇ ਸਵਾਲ ਕਰਨ ਲੱਗ ਪਏ, "ਆਖਿਰ ਗੱਲ ਕੀ ਐ ?" ਸਾਡੇ ਨਾਲ ਦੇ ਵਿਆਹੇ ਤਾਂ ਦੋ ਦੋ ਬੱਚਿਆਂ ਦੇ ਮਾਂ-ਬਾਪ ਬਣੇ ਬੈਠੇ ਐ।" ਉਨ੍ਹਾਂ ਦੋਨਾਂ ਦੇ ਮਨਾਂ 'ਚ ਵਿਚਾਰ ਉਠਦਾ, 'ਕਿਤੇ ਉਹਦੇ 'ਚ ਕੋਈ ਨੁਕਸ ਤਾਂ ਨਹੀਂ ?" ਤੇ ਉਹ ਸਮੁੰਦਰ 'ਚੋਂ ਉਭਰੀ ਹਲਕੀ ਲਹਿਰ ਦੀ ਤਰ੍ਹਾਂ ਤੁਰਤ ਮਿਟ ਜਾਂਦਾ।

ਬਸ਼ੇਸ਼ਰ ਘਰੋਂ ਬਾਹਰ ਨਿਕਲਦਾ ਤਾਂ ਉਸ ਨੂੰ ਲੱਗਦਾ ਜਿਵੇਂ ਸਾਰਾ ਜੱਗ ਉਹਦੇ ਮੁਰਦਊਪੁਣੇ ਨੂੰ ਚੁਣੌਤੀ ਦੇ ਰਿਹਾ ਹੋਵੇ। ਘਰ ਰੇਸ਼ਮਾਂ ਨੂੰ ਉਹਦੀ ਸੱਸ ਤੇ ਹੋਰ ਆਂਢਣਾਂ ਗੁਆਂਢਣਾਂ ਕੋਸਦੀਆਂ ਰਹਿੰਦੀਆਂ।

"ਨੀਂ ਨਰੈਣੀਏ। ਕਿੱਥੋਂ ਬਾਂਝ ਫੜ ਲਿਆਂਦੀ ਐ ਤੂੰ... ਅਜੇ ਵੀ ਵੇਲਾ ਈ... ਪੁੱਤ ਜੁਆਨ ਐ ... ਕੋਈ ਹੋਰ ਹੀਲਾ ਕਰ ਪੁੱਤ ਦਾ ... ਚੰਗਾ ਕਾਰੋਬਾਰ ਐ... ਬਥੇਰੇ ਮਿਲ ਜਾਣਗੇ ... ਕੁੱਲ ਤਾਂ ਚਲਦੀ ਰਹੂ।"

ਪਰ ਨਰੈਣੀ ਬਸ਼ੇਸ਼ਰ ਕੋਲੋਂ ਡਰਦੀ ਉਹਦੇ ਅੱਗੇ ਇੰਨੀ ਗੱਲ ਆਖਣ ਦੀ ਹਿੰਮਤ ਨਾ ਕਰਦੀ।

ਰੇਸ਼ਮਾਂ ਕੋਲੋਂ ਇਹੋ ਜਿਹੀਆਂ ਦਿਲ ਨੂੰ ਲੂਹਣ ਵਾਲੀਆਂ ਗੱਲਾਂ ਸੁਣੀਆਂ ਨਾ ਜਾਂਦੀਆਂ। ਉਹ ਸਭ ਕੁਝ ਮਨ ਹੀ ਮਨ ਵਿਚ ਸਾਂਭ ਰੱਖਦੀ। ਗ਼ਮ ਦੇ ਦਰਿਆ ਵਿਚ ਡੁੱਬੀ ਰਹਿੰਦੀ ਪਰ ਬਸ਼ੇਸ਼ਰ ਅੱਗੇ ਉਹਨੇ ਕਦੇ ਵੀ ਸੀ ਤਕ ਨਾ ਕੀਤੀ।

ਇਕ ਦਿਨ ਜਦੋਂ ਉਨ੍ਹਾਂ ਦੋਨਾਂ ਦੀ ਜਾਂਚ ਕਰਨ ਉਪਰੰਤ ਡਾਕਟਰ ਨੇ ਦੱਸਿਆ ਕਿ ਉਹ ਦੋਵੇਂ ਠੀਕ ਹਨ... ਉਨ੍ਹਾਂ 'ਚ ਕੋਈ ਵੀ ਨੁਕਸ ਨਹੀਂ ਤੇ ਬੱਚਾ ਜਣਨ ਦੇ ਉਹ ਪੂਰੀ ਤਰ੍ਹਾਂ ਕਾਬਲ ਹਨ ਤਾਂ ਉਨ੍ਹਾਂ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਉਹ ਆਸ਼ਾਵਾਦੀ ਹੋ ਗਏ। ਲੋਕੀਂ ਵੀ ਬੋਲੀਆਂ ਮਾਰਨ ਤੋਂ ਹਟ ਗਏ। ਸਾਰੀ ਗੱਲ ਰੱਬ ਦੀ ਮਿਹਰ 'ਤੇ ਛੱਡ ਦਿੱਤੀ।

ਨਰੈਣੀ ਨੇ ਨੂੰਹ-ਪੁੱਤ ਕੋਲੋਂ ਦਾਨ-ਪੁੰਨ ਕਰਾਉਣਾ ਸ਼ੁਰੂ ਕਰ ਦਿੱਤਾ। ਰੇਸ਼ਮਾ ਨੇ ਵਰਤ ਰੱਖੇ ਤੇ ਪਾਠ ਕੀਤੇ ਪਰ ਉਨ੍ਹਾਂ ਦੇ ਘਰ ਰੱਬ ਦੀ ਮਿਹਰ ਫਿਰ ਵੀ ਨਾ ਹੋਈ। ਉਨ੍ਹਾਂ ਨੇ ਰੱਬ ਦੀ ਕਰਨੀ ਤੇ ਕਰਮਾਂ ਦੀ ਖੇਡ ਅੱਗੇ ਆਪਣਾ ਸਿਰ ਝੁਕਾ ਦਿੱਤਾ।

ਉਹ ਦੋਵੇਂ ਬੱਚੇ ਖੁਣੋਂ ਨਿਰਾਸ਼ ਜ਼ਰੂਰ ਹੋ ਗਏ ਪਰ ਉਨ੍ਹਾਂ ਦੇ ਆਪਸੀ ਪ੍ਰੇਮ 'ਚ ਕੋਈ ਫਰਕ ਨਹੀਂ ਸੀ ਪਿਆ। ਪਰ ਹਾਂ... ਹਾਸਿਆਂ ਠੱਠਿਆਂ ਦੀ ਥਾਂ ਗੰਭੀਰਤਾ ਦਾ ਮਾਹੌਲ ਘਰ 'ਚ ਜ਼ਰੂਰ ਬਣ ਗਿਆ ਸੀ।

ਬਸ਼ੇਸ਼ਰ ਆਪਣੇ ਕੰਮ 'ਤੇ ਚਲੇ ਜਾਂਦਾ। ਉਹਦੇ ਪਿੱਛੋਂ ਰੇਸ਼ਮਾ ਨੂੰ ਘਰ ਵੱਢ ਖਾਣ ਨੂੰ ਪੈਂਦਾ। ਉਹ ਸੋਚਦੀ, 'ਭਲਾ ਬੱਚੇ ਬਿਨਾਂ ਘਰ ਕਾਹਦਾ।' ਇਕ ਵਾਰੀ ਕਈ ਦਿਨ ਉਹਦੇ ਮਨ ਅੰਦਰ ਇਕ ਵਿਚਾਰ ਨੂੰ ਲੈ ਕੇ ਉਥਲ-ਪੁਥਲ ਹੁੰਦੀ ਰਹੀ। ਆਖਿਰ ਜੀ ਕਰੜਾ ਕਰ ਕੇ ਇਕ ਦਿਨ ਉਹ ਆਪਣੇ ਪਤੀ ਨੂੰ ਬੋਲੀ :

"ਜੀ... ਇਕ ਗੱਲ ਆਖਾਂ ?"

"ਹੂੰ... ਦੱਸ।"

"ਮੈਂ ਕਹਿਨੀ ਆਂ...।"

"ਦੱਸ ਵੀ ਰੇਸ਼ਮਾ ... ਬੁਝਾਰਤਾਂ ਕਿਉਂ ਪਾਉਨੀ ਐਂ ?"

"ਜੀ ਤੁਸੀਂ।"

"ਕੀ ਤੁਸੀਂ। ਕੁਝ ਦੱਸ ਵੀ ?"

"ਜੀ ਤੁਸੀਂ... ਦੂਜੀ ਸ਼ਾਦੀ ਕਰ ਲਉ।"

ਬਸ਼ੇਸ਼ਰ ਨੂੰ ਲੱਗਿਆ ਜਿਵੇਂ ਰੇਸ਼ਮਾ ਨੇ ਇਕ ਮਘਦਾ ਕੋਲਾ ਉਹਦੀ ਹਥੇਲੀ ਤੇ ਰੱਖ ਦਿੱਤਾ ਹੋਵੇ। ਉਹ ਬੋਲਿਆ :

"ਰੇਸ਼ਮਾ ਤੂੰ ਪਾਗਲ ਹੋ ਗਈ ਐਂ। ਤੇਰੇ ਹੁੰਦਿਆਂ ਦੂਜੀ ਸ਼ਾਦੀ ! ਤੂੰ ਭੁੱਲ ਜਾ ਇਹ ਗੱਲ। ਕਮਲੀਏ ਸ਼ਾਦੀ ਕੋਈ ਹਾਸੇ-ਮਜ਼ਾਕ ਵਾਲੀ ਗੱਲ ਐ। ਇਹ ਤਾਂ ਇਕ ਅਜਿਹਾ ਪਵਿੱਤਰ ਬੰਧਨ ਐ ਜਿਹੜਾ ਧੁਰ ਦੁਰਗਾਹੋਂ ਲਿਖਿਆ ਹੁੰਦਾ। ਕੀ ਇਹ ਪਵਿੱਤਰ ਬੰਧਨ ਇੰਨੀ ਛੇਤੀ ਟੁੱਟ ਸਕਦਾ ਹੈ...ਉਹ ਵੀ ਇਕ ਬੱਚੇ ਪਿੱਛੇ ? ਨਹੀਂ ... ਰੇਸ਼ਮਾ ਨਹੀਂ। ਸ਼ਾਦੀ ਦਾ ਮਕਸਦ ਕੇਵਲ ਬੱਚਾ ਪੈਦਾ ਕਰਨਾ ਹੀ ਨਹੀਂ ਹੁੰਦਾ। ਰੱਬ ਨੂੰ ਨਹੀਂ ਮਨਜ਼ੂਰ... ਨਹੀਂ ਸਾਡੇ ਭਾਗਾਂ 'ਚ। ਪਤਾ ਨਹੀਂ ਕਿੰਨੇ ਜਨਮਾਂ ਦੇ ਵਿਛੜੇ ਇਸ ਜਨਮ 'ਚ ਮਿਲੇ ਆਂ। ਮੋਇਆਂ ਤਾਂ ਆਪਾਂ ਵੱਖ ਹੋਣਾ ਈ ਐ। ਪਰ ਤੂੰ ਤਾਂ ਜਿਉਂਦਿਆਂ ਜੀ ਹੀ... ਨਾ ਮੇਰੀ ਰਾਣੀ ... ਨਾ ਰੇਸ਼ਮਾ ... ਅਜਿਹੀ ਗੱਲ ਕਹਿਣੀ ਤਾਂ ਇਕ ਪਾਸੇ ਰਹੀ ਤੂੰ ਕਦੀਂ ਸੋਚੀਂ ਵੀ ਨਾ।" ਤੇ ਬੋਲਦਾ ਬੋਲਦਾ ਬਸ਼ੇਸ਼ਰ ਇੰਨਾ ਮੁਗਧ ਹੋ ਗਿਆ ਕਿ ਕਿੰਨਾ ਚਿਰ ਉਹਨੇ ਰੇਸ਼ਮਾ ਨੂੰ ਆਪਣੀਆਂ ਬਾਹਵਾਂ 'ਚ ਘੁੱਟੀ ਰੱਖਿਆ।

***

ਬੜੀ ਖੁਸ਼ ਨਜ਼ਰ ਆਉਂਦੀ ਐ ਰੇਸ਼ਮਾਂ, ਇਕ ਦਿਨ ਦੁਕਾਨ ਤੋਂ ਘਰ ਆਉਂਦਿਆਂ ਹੀ ਬਸ਼ੇਸ਼ਰ ਬੋਲਿਆ।

"ਗੱਲ ਈ ਖੁਸ਼ੀ ਦੀ ਐ। ਸੁਣੋਗੇ ਤਾਂ ਗਦਗਦ ਹੋ ਜਾਉਗੇ।"

ਰੇਸ਼ਮਾ ਦੀ ਗੱਲ ਸੁਣ ਕੇ ਬਸ਼ੇਸ਼ਰ ਦਾ ਮੱਥਾ ਠਣਕਿਆ, 'ਸ਼ਾਇਦ ਰੱਬ ਮਿਹਰਵਾਨ ਹੋ ਗਿਆ। ਰੇਸ਼ਮਾ ... ਮੇਰੀ ਪਿਆਰੀ ਰੇਸ਼ਮਾ ਮਾਂ ਬਣਨ ਵਾਲੀ ਐ ਤੇ ਉਹ ਬਾਪ' ਉਸ ਮਨ ਹੀ ਮਨ ਸੋਚਿਆ। ਉਤਾਵਲਾ ਜੇਹਾ ਹੁੰਦਾ ਹੋਇਆ ਉਹ ਬੋਲਿਆ:

"ਰੇਸ਼ਮਾ। ਕੋਈ ਖੁਸ਼ਖਬਰੀ।"

"ਹਾਂ... ਹਾਂ। ਖੁਸ਼ਖਬਰੀ ਈ ਐ।"

"ਛੇਤੀ ਦੱਸ ਫੇਰ ਦੇਰ ਨਾ ਲਾ।"

"ਬਿਮਲਾ ਐ ਨਾ ਮੇਰੀ ਸਹੇਲੀ। ਉਸ ਨੇ ਆਪਣੇ ਬਿੱਟੂ ਨੂੰ ਮੈਨੂੰ ਗੋਦ ਵਿਚ ਦੇਣਾ ਮੰਨ ਲਿਆ। ਬੜਾ ਪਿਆਰਾ ਬੱਚਾ। ਮਸਾਂ ਅੱਠ ਕੁ ਸਾਲਾਂ ਦਾ। ਹੁਣ ਮੈਂ ਮਾਂ ਬਣ ਜਾਂਗੀ ਤੇ ਤੁਸੀਂ ਬਾਪ। ਹੈ ਨਾ ਖੁਸ਼ੀ ਦੀ ਗੱਲ" ਟਹਿਕਦੀ ਹੋਈ ਰੇਸ਼ਮਾ ਬੋਲੀ।

ਰੇਸ਼ਮਾ ਦੀ ਗੱਲ ਸੁਣ ਕੇ ਬਸ਼ੇਸ਼ਰ ਦਾ ਦਿਲ ਟੁੱਟ ਗਿਆ। ਅਸਮਾਨੀ ਬਿਜਲੀ ਦੀ ਲਰਜ਼ਦੀ ਚਮਕੀਲੀ ਤਾਰ ਦੀ ਤਰ੍ਹਾਂ ਉਹਦੇ ਮਨ 'ਚ ਉਠੀ ਖੁਸ਼ੀ ਦੀ ਲਹਿਰ ਮਿਟ ਗਈ। ਉਹ ਚੁੱਪ-ਚਪੀਤਾ ਅੰਦਰ ਜਾ ਕੇ ਮੰਜੇ 'ਤੇ ਜਾ ਪਿਆ ਤੇ ਡੂੰਘੀ ਸੋਚ ਵਿਚ ਡੁੱਬ ਗਿਆ।

"ਲਗਦਾ ਤੁਹਾਨੂੰ ਖੁਸ਼ੀ ਨਹੀਂ ਹੋਈ ?" ਉਦਾਸ ਜੇਹੀ ਹੁੰਦੀ ਹੋਈ ਰੇਸ਼ਮਾ ਬੋਲੀ।

ਆਪਣੇ ਆਪ ਨੂੰ ਸੰਭਾਲਦਾ ਹੋਇਆ ਬਸ਼ੇਸ਼ਰ ਬੋਲਿਆ :

"ਰੇਸ਼ਮਾ ਤੂੰ ਤਾਂ ਬੜੀ ਝੱਲੀ ਐਂ। ਐਡਾ ਵੱਡਾ ਬੱਚਾ ਐ। ਉਹ ਆਪਣੇ ਮਾਂ-ਬਾਪ ਦੀ ਗੋਦੀ 'ਚ ਪਲਿਆ ਤੇ ਬਾਹਵਾਂ 'ਚ ਖੇਡਿਆ। ਭਲਾ ਉਹ ਉਨ੍ਹਾਂ ਨੂੰ ਕਿਵੇਂ ਭੁਲੂ, ਭਾਵੇਂ ਸੌ ਲਾਡ-ਪਿਆਰ ਪਿਆ ਕਰੇ ਉਹਦੇ ਨਾਲ। ਉਹ ਸਾਡਾ ਹੋ ਕੇ ਕਿਵੇਂ ਰਹੂ ? ਹੁਣ ਦੀ ਤਰ੍ਹਾਂ ਤੈਨੂੰ ਤੇ ਮੈਨੂੰ 'ਅੰਟੀ' ਤੇ 'ਅੰਕਲ' ਹੀ ਆਖੂ... ਮੰਮੀ ਡੈਡੀ ਨਹੀਂ।"

ਹੁਣੇ ਹੁਣੇ ਰੇਸ਼ਮਾ ਨੇ ਮਨ ਹੀ ਮਨ ਜਿਹੜਾ ਖੁਸ਼ੀ ਦਾ ਮਹਿਲ ਉਸਾਰਿਆ ਸੀ ਜਿਸ ਵਿਚ ਉਹ ਸੀ, ਬਸ਼ੇਸ਼ਰ ਸੀ, ਨੂੰਹ-ਪੁੱਤ ਸੀ, ਪੋਤੇ ਪੋਤਰੀਆਂ ਸਨ, ਬਸ਼ੇਸ਼ਰ ਦੀ ਗੱਲ ਸੁਣ ਕੇ ਰੇਤ ਦੀ ਦੀਵਾਰ ਦੀ ਤਰ੍ਹਾਂ ਢਹਿ ਢੇਰੀ ਹੋ ਗਿਆ। ਉਹ ਗੰਭੀਰ ਮੁਦਰਾ 'ਚ ਬੋਲੀ :

"ਗੱਲ ਤਾਂ ਤੁਹਾਡੀ ਠੀਕ ਐ ਪਰ ਹੋਰ ਕੋਈ ਚਾਰਾ ਵੀ ਤਾਂ ਨਹੀਂ ਸਾਡੇ ਕੋਲ। ਬੁੱਢੇ ਵਾਰੇ ਕੋਈ ਸਹਾਰਾ ਵੀ ਤਾਂ ਚਾਹੀਦਾ। ਹੁਣ ਤਾਂ ਚਲਦੀਆਂ... ਜੇ ਰਹਿ ਗਈਆਂ ਤਾਂ ਫੇਰ ਕੌਣ ਪੁੱਛੂ ਸਾਨੂੰ। ਅੰਗ-ਸਾਕ ਵੀ ਤਾਂ ਸਭ ਚਲਦੀਆਂ ਦੇ ਈ ਐ। ਕੋਈ ਆਪਣਾ ਵੀ ਤਾਂ ਹੋਣਾ ਚਾਹੀਦਾ। ਇੰਨੀ ਵੱਡੀ ਜਾਇਦਾਦ ਐ ... ਕੋਈ ਵਾਰਸ ਵੀ ਤਾਂ ਚਾਹੀਦਾ" ਤੇ ਬੋਲਦੀ ਦਾ ਉਹਦਾ ਗੱਚ ਭਰ ਆਇਆ।

"ਮੈਂ ਇਹ ਨਹੀਂ ਕਹਿੰਦਾ ਕਿ ਤੂੰ ਬੱਚਾ ਗੋਦ ਨਾ ਲੈ। ਤੂੰ ਕੋਈ ਜੰਮਦਾ ਬੱਚਾ ਗੋਦ ਕਿਉਂ ਨਹੀਂ ਲੈ ਲੈਂਦੀ ਜਿਹੜਾ ਪਲੇ ਈ ਤੇਰੀ ਗੋਦ 'ਚ।"

→

ROYAL FURNITURE LTD.

2607 Main St., VANCOUVER, B.C. (Main & 10th Ave.)

BLOW OUT SALE

AT

YOUR NEIGHBORHOOD FURNITURE BARGAIN STORE

BLOW OUT SALE ਲੱਗ ਗਈ ਤੁਹਾਡੀ ਕਮਿਊਨਿਟੀ ਦੇ ਮਸ਼ਹੂਰ ਫਰਨੀਚਰ BARGAIN STORE ਰੋਇਲ ਫਰਨੀਚਰ 'ਤੇ

Below Wholesale Price



COLONIAL LIVING ROOM SUITE

All 3 Pieces

100% Nylon Fabric, Lifetime Warranty on frame construction

YOU GET ■ Sofa ■ Loveseat ■ Chair

$695

Visit Our Showroom

Lowest Prices in Town



Matches Your Waterbed

PINE BEDROOM SUITE

4 Pieces

YOU GET : ■ Headboard ■ Dresser ■ Hutch ■ 1 Night Stand ■ Chest available

■ Footboard & Rails available

■ Similar to illustration

$374

WE HAVE GOT :

- Wide variety in Dining room suites and Dinnets.
- Bedroom suites in PINE and SOLID OAK at factory wholesale prices.
- Best selection in SOFA SETS, CHESTER FIELD and HID-A-BED.
- All type of Mattresses by Brand Name — SEALY, GRANGE, RESTONIC, SIMMONS and POSTURE BEAUTY.
- YOU NAME IT AND WE GOT IT.


7 Pc.

$429.98



7 Pc. Solid Bedroom Suite

From **$595**



3 Pc. Pillow Back, Comfortable, Lifetime Warranty on frame construction

YOU GET: ■ Sofa ■ Chair ■ Love Seat

$999



SAVE UP TO 50% ON MATTRESS SETS!

	39" Twin Set	54" Double Set	60" Queen Set
POSTURE BEAUTY	$139 Both Pcs.	$169 Both Pcs.	$239 Both Pcs.
SEALY	$229 Both Pcs.	$289 Both Pcs.	$329 Both Pcs.
RESTONIC	$199 Both Pcs.	$279 Both Pcs.	$299 Both Pcs.



9 Pc. TRADITIONAL DINING ROOM SUITE

YOU GET : ■ Hutch ■ Buffet ■ Table with Leaf ■ 4 Side Chairs ■ 2 Arm Chairs

$1988

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5% ਨਾਲ ਬੀਟ ਕਰਾਂਗੇ!

LOWEST PRICES GUARANTEED

ROYAL FURNITURE LTD.

2607 MAIN STREET (at 10th. AVE.), VANCOUVER, B.C.

VISA

TEL. 874-9525

MasterCard

MASTER CARD VISA ACCEPTED

ਪੰਜਾਬ ਦੀ ਅਜੋਕੀ ਸਥਿਤੀ ਅਤੇ ਸਾਹਿਤ

ਸੁਰਜੀਤ ਸਿੰਘ ਭੱਟੀ



ਸੁੱਕ ਜਾਂਦੇ ਨੇ ਜਦੋਂ ਵੀ ਕਟੀ-ਵਢੀਂਦੇ ਜੰਡ
ਤੂੰ ਵੀ ਜਾਹ ਪਰਦੇਸਣੇ ਜਾਹ ਘੜੀਆਂ ਨੂੰ ਵੰਡ

ਵਕਤੋਂ ਨਿਖੜੇ ਪੀਰ ਅਤੇ, ਨਦੀਉਂ ਨਿਖੜੇ ਨੀਰ
ਪਿਛਲੇ ਪਹਿਰ ਦਰੋਪਦੀ, ਪਹਿਲੇ ਪਹਿਰ ਕਬੀਰ

ਪੰਜਾਬ ਦੀ ਅਜੋਕੀ ਸਥਿਤੀ ਕਿਸੇ ਇਕ ਵਿਅਕਤੀ, ਰਾਜਨੀਤਕ ਪਾਰਟੀ, ਧਰਮ, ਭਾਸ਼ਾ ਜਾਂ ਫਿਰਕੇ ਵਲੋਂ ਪੈਦਾ ਕੀਤੀ ਗਈ ਦੁਖਾਂਤਕ ਸਥਿਤੀ ਨਹੀਂ ਹੈ। ਕੁਝ ਇਕ ਵਿਅਕਤੀਆਂ ਦੇ ਮਨਾਂ ਵਿਚ ਕੁਝ ਇਸ ਤਰ੍ਹਾਂ ਦੇ ਵਿਚਾਰ ਅਕਸਰ ਪੈਦਾ ਹੁੰਦੇ ਰਹੇ ਹਨ ਤੇ ਅਜੇ ਵੀ ਹੋ ਸਕਦੇ ਹਨ ਕਿ ਪੰਜਾਬ ਦੀ ਸਮੁੱਚੀ ਖੌਫਨਾਕ ਸਥਿਤੀ ਕੁਝ ਵਿਅਕਤੀਆਂ ਦੀ ਨਿਰੋਲ ਨਿੱਜੀ ਅਤੇ ਸੌੜੀ ਰਾਜਨੀਤਕ ਧਾਰਮਿਕ ਜਾਂ ਆਰਥਿਕ ਨੀਤੀ ਦਾ ਸਿੱਟਾ ਹੈ। ਸਾਡੇ ਵਿਚਾਰ ਵਿਚ ਪੰਜਾਬ ਦੀ ਅਜੋਕੀ ਸਥਿਤੀ ਦੇ ਵਿਸ਼ਲੇਸ਼ਣ ਲਈ ਆਪਣੇ ਇਤਿਹਾਸ, ਰਾਜਨੀਤੀ, ਧਰਮ, ਭਾਸ਼ਾ, ਸੰਸਕ੍ਰਿਤੀ ਅਤੇ ਆਰਥਿਕਤਾ ਸੰਬੰਧੀ ਕੋਈ ਤੱਤ ਫੱਟ ਰਾਇ ਬਣਾਉਣ ਦੀ ਥਾਂ ਇਸ ਅਤਿ ਗੁੰਝਲਦਾਰ ਸਮੱਸਿਆ ਨੂੰ ਇਸ ਦੀ ਸੰਪੂਰਨਤਾ ਵਿਚ ਸਾਡੇ ਦੇਸ਼ ਦੇ ਸਮੁੱਚੇ ਸਮਾਜਕ, ਆਰਥਿਕ, ਰਾਜਨੀਤਕ ਢਾਂਚੇ ਦੇ ਪ੍ਰਸੰਗ ਵਿਚ, ਇਤਿਹਾਸਕ ਦ੍ਰਿਸ਼ਟੀ ਤੋਂ ਰੱਖ ਕੇ ਵਿਚਾਰਨ ਦੇ ਨਾਲ ਨਾਲ ਇਸ ਨੂੰ ਅੰਤਰਰਾਸ਼ਟਰੀ ਸਥਿਤੀ ਦੇ ਪਰਿਪੇਖ ਵਿਚ ਰੱਖ ਕੇ ਹੀ ਕੋਈ ਵਿਗਿਆਨਕ, ਬਾਹਰਮੁਖੀ, ਬੇਲਾਗ ਅਤੇ ਹਰ ਪ੍ਰਕਾਰ ਦੇ ਨਿੱਜੀ ਝੁਕਾਵਾਂ ਜਾਂ ਜਜ਼ਬਾਤਾਂ ਤੋਂ ਮੁਕਤ ਹੋ ਕੇ ਹੀ ਇਸ ਜਟਿਲ ਸਮੱਸਿਆ ਦੀ ਤਹਿ ਤੀਕ ਪਹੁੰਚਿਆ ਜਾ ਸਕਦਾ ਹੈ।

ਇਸ ਸੰਬੰਧ ਵਿਚ ਸਭ ਤੋਂ ਪਹਿਲੀ ਗਲਤੀ ਜੋ ਸਾਡੇ ਦੇਸੀ ਹਾਕਮਾਂ/ਰਾਜਨੀਤੀਵਾਨਾਂ ਨੇ ਕੀਤੀ ਉਹ ਇਹ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਾਮਰਾਜੀ ਨੀਤੀਆਂ ਨੂੰ ਖਤਮ ਕਰਨ ਅਤੇ ਰਾਜਨੀਤਕ ਪ੍ਰਬੰਧ ਵਿਚ ਲੋੜੀਂਦੀਆਂ ਮਹੱਤਵਪੂਰਨ ਤਬਦੀਲੀਆਂ ਲਿਆਉਣ ਦੀ ਥਾਂ ਸਾਡੇ ਦੇਸੀ ਸਿਆਸਤਦਾਨਾਂ ਨੇ ਸਾਮਰਾਜ ਦੀ 'ਪਾੜੋ ਅਤੇ ਰਾਜ ਕਰੋ' ਦੀ ਸ਼ਰਮਨਾਕ ਨੀਤੀ ਨੂੰ ਖਤਮ ਕਰਨ ਦੀ ਥਾਂ ਇਸ ਨੂੰ ਹੋਰ ਹੱਲਾਸ਼ੇਰੀ ਦਿੱਤੀ ਹੈ। ਸਾਡੇ ਰਾਜਨੀਤਕ ਆਗੂਆਂ ਨੇ ਇਸ ਨੂੰ ਰਾਜਨੀਤਕ ਸ਼ਕਤੀ ਹਥਿਆਉਣ ਲਈ ਅੰਗਰੇਜ਼ੀ ਨਾਲੋਂ ਵੀ ਵੱਧ ਕਾਰਗਰ ਢੰਗ ਨਾਲ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਵਰਤਿਆ। ਇਸੇ ਪ੍ਰਸੰਗ ਵਿਚ ਹੀ ਭਾਸ਼ਾ, ਧਰਮ, ਇਲਾਕੇ ਅਤੇ ਪਾਣੀ ਦੀ ਵੰਡ ਦੇ ਸਵਾਲ ਨੂੰ ਲੈ ਕੇ 1947 ਤੋਂ ਬਾਅਦ ਭਾਰਤ ਵਿਚ ਅਨੇਕਾਂ ਵਾਰ ਝਗੜੇ ਹਿੰਸਾਤਮਕ ਰੂਪ ਧਾਰਨ ਕਰਦੇ ਰਹੇ ਜਿਨ੍ਹਾਂ ਕਾਰਨ ਹਜ਼ਾਰਾਂ ਮਨੁੱਖੀ ਜਾਨਾਂ ਦਾ ਨੁਕਸਾਨ ਹੋਇਆ

ਭਾਸ਼ਾ ਨੀਤੀ

ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਦੀ ਭਾਸ਼ਾ ਨੀਤੀ ਵੀ ਕਿਸੇ ਵਿਗਿਆਨਕ ਦ੍ਰਿਸ਼ਟੀਕੋਣ ਉਤੇ ਆਧਾਰਤ ਹੋਣ ਦੀ ਥਾਂ ਨਿਰੋਲ ਸੌੜੇ ਸਿਆਸੀ ਹਿੱਤਾਂ ਨੂੰ ਤਰਜੀਹ ਦਿੱਤੇ ਜਾਣ ਦੀ ਘਟੀਆ ਨੀਤੀ ਦੀ ਹੀ ਪੁਸ਼ਟੀ ਕਰਦੀ ਹੈ। ਕੇਵਲ ਪੰਜਾਬ ਨੂੰ ਹੀ ਭਾਸ਼ਾ ਦੇ ਆਧਾਰ ਉਤੇ ਭਾਸ਼ਾਈ ਰਾਜ ਦੀ ਮਾਨਤਾ ਪ੍ਰਦਾਨ ਨਾ ਕਰਨਾ ਜਾਂ ਇਹ ਮਾਨਤਾ ਵੱਡੀ ਪੱਧਰ ਉਤੇ ਪੰਜਾਬੀ ਸੂਬੇ ਦੇ ਅੰਦੋਲਨ ਤੋਂ ਬਾਅਦ ਪ੍ਰਦਾਨ ਕਰਨੀ ਇਸ ਦੀ ਇਕ ਹੋਰ ਉਦਾਹਰਣ ਹੈ, ਜੋ ਬੀਜ ਰੂਪ ਵਿਚ ਕੇਂਦਰੀ ਸਰਕਾਰ ਦੇ ਭਾਸ਼ਾ ਸੰਬੰਧੀ ਰਵੱਈਏ ਤੋਂ ਵੀ ਪ੍ਰਤੱਖ ਹੁੰਦੀ ਹੈ। ਅਤੇ ਇਸ ਦੀ ਇਕ ਹੋਰ ਉਦਾਹਰਣ ਇਸ ਤੱਥ ਵਿਚ ਵੇਖੀ ਜਾ ਸਕਦੀ ਹੈ ਕਿ ਹਰਿਆਣੇ ਵਿਚ ਦੂਸਰੀ ਭਾਸ਼ਾ ਤੇਲਗੂ ਅਤੇ ਹਿਮਾਚਲ ਵਿਚ ਉਰਦੂ ਹੈ। ਇਹ ਤੱਥ ਸਾਡੇ ਸਿਆਸਤਦਾਨਾਂ ਦੇ ਕੌਮੀ ਅਖੰਡਤਾ, ਕੌਮੀ ਭਾਈਚਾਰੇ ਅਤੇ ਧਰਮ ਨਿਰਪੇਖ ਹੋਣ ਦੇ ਦਾਅਵੇ ਦਾ ਅਸਲ ਚਿਹਰਾ-ਮੁਹਰਾ ਨੰਗਾ ਕਰਦਾ ਹੈ। ਕੌਮੀ ਪੱਧਰ ਉਤੇ ਸੋਚੀ ਸਮਝੀ ਸ਼ਰਾਰਤ ਅਧੀਨ ਪੰਜਾਬੀ ਨੂੰ ਨਿਰੋਲ ਸਿੱਖਾਂ ਦੀ ਭਾਸ਼ਾ ਬਣਾਉਣਾ ਜਾਂ ਇਸ ਨੂੰ ਧਰਮ ਨਾਲ ਜੋੜਨਾ ਵੀ ਸਾਡੀ ਰਾਜਨੀਤੀ, ਧਰਮ, ਭਾਸ਼ਾ ਅਤੇ ਜੀਵਨ ਦੇ ਆਪਸੀ ਸੰਬੰਧਾਂ ਨੂੰ ਗਲਤ ਦ੍ਰਿਸ਼ਟੀ ਤੋਂ ਪੇਸ਼ ਕਰਨ ਦੀ ਸੋਚੀ ਸਮਝੀ ਸਾਜ਼ਿਸ਼ ਦਾ ਸਿੱਟਾ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਵੇਖਿਆਂ ਪੂੰਜੀਵਾਦ ਦੇ ਵਿਕਾਸ ਨਾਲ ਧਰਮ ਵਿਚ ਲੋਕਾਂ ਦਾ ਵਿਸ਼ਵਾਸ ਘਟਣਾ ਚਾਹੀਦਾ ਸੀ, ਪ੍ਰੰਤੂ ਪੰਜਾਬ ਦੀਆਂ ਅਤੇ ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਦੀਆਂ ਵਿਸ਼ੇਸ਼ ਸਾਂਸਕ੍ਰਿਤਕ ਅਤੇ ਇਤਿਹਾਸਕ ਪਰੰਪਰਾਵਾਂ ਕਾਰਨ ਇਹ ਅਜੋਕੇ ਦੌਰ ਵਿਚ ਵੀ ਲੋਕਾਂ ਨੂੰ ਨਾ ਕੇਵਲ, ਪ੍ਰਭਾਵਿਤ ਹੀ ਕਰ ਰਿਹਾ ਹੈ ਸਗੋਂ ਪਹਿਲਾਂ ਨਾਲੋਂ ਵੀ ਜ਼ਿਆਦਾ ਪ੍ਰਚੰਡ ਰੂਪ ਗ੍ਰਹਿਣ ਕਰ ਰਿਹਾ ਹੈ, ਜਦੋਂ ਕਿ ਰਾਸ਼ਟਰੀ ਪੱਧਰ ਉਤੇ ਪੂੰਜੀਪਤੀ ਅਤੇ ਮਜ਼ਦੂਰ ਜਮਾਤ ਦਾ ਵਿਰੋਧ ਵਧੇਰੇ ਜਮਾਤੀ ਅਤੇ ਧਰਮ ਨਿਰਪੇਖ ਰੂਪ ਵਿਚ ਪ੍ਰਗਟ ਹੋ ਰਿਹਾ ਹੈ।

ਕੇਵਲ ਪੰਜਾਬ ਵਿਚ ਹੀ ਕਿਰਸਾਨੀ ਦਾ ਵਿਰੋਧ ਇਕ ਧਾਰਮਿਕ ਮੁਹਾਂਦਰੇ ਦਾ ਸਹਾਰਾ ਲੈਂਦਿਆਂ ਪੂੰਜੀਵਾਦ ਜਾਂ ਕੇਂਦਰੀ ਸਰਮਾਏਦਾਰੀ ਵਿਰੁਧ ਆਪਣੀ ਲੜਾਈ ਲੜ ਰਿਹਾ ਹੈ। ਇਸ ਲੜਾਈ ਦਾ ਅਸਲ ਆਧਾਰ ਪੰਜਾਬ ਦੀ ਧਨੀ ਕਿਸਾਨੀ ਅਤੇ ਪੇਂਡੂ ਬੇਰੁਜ਼ਗਾਰ ਨੌਜਵਾਨ ਹੈ, ਜਿਸ ਨੂੰ ਸਭ ਤੋਂ ਵੱਧ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਆਰਥਿਕ ਸਮੱਸਿਆ ਨੂੰ ਹੱਲ ਕਰਨ ਦੀ ਥਾਂ 'ਅਤਿਵਾਦ' ਨੂੰ ਗਾਲ੍ਹਾਂ ਕੱਢਣੀਆਂ ਜਾਂ ਇਸ ਨੂੰ ਨਿਰੋਲ ਅਮਨ ਕਾਨੂੰਨ ਦੀ ਸਮੱਸਿਆ ਕਹਿਣਾ ਜਾਂ ਫੌਜ ਅਤੇ ਨੀਮ ਫੌਜੀ ਦਲਾਂ ਦੀ ਸਹਾਇਤਾ ਨਾਲ ਇਸ ਦਾ ਦਮਨ ਕਰਨਾ, ਸਮੱਸਿਆ ਨੂੰ ਸੁਲਝਾਉਣ ਦੀ ਥਾਂ ਹੋਰ ਉਲਝਾਉਂਦਾ ਹੈ। ਬੀਮਾਰੀ ਦਾ ਹੱਲ ਕਰਨ ਦੀ ਥਾਂ ਬੀਮਾਰ ਨੂੰ ਮਾਰਨ ਵਾਲਾ ਇਲਾਜ ਹੈ।

ਸਮੱਸਿਆ

ਸਮੁੱਚੀ ਸਮੱਸਿਆ ਦੇ ਕਾਰਨ ਸਮੁੱਚੇ ਸਮਾਜਕ, ਆਰਥਕ ਪ੍ਰਬੰਧ ਵਿਚ ਵਿਦਮਾਨ ਹਨ। ਜੇ ਅਜਿਹਾ ਨਾ ਹੁੰਦਾ ਤਾਂ ਪੰਜਾਬ ਵਿਚ ਫੌਜੀ ਕਾਰਵਾਈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ ਇਹ ਸਮੱਸਿਆ ਹੱਲ ਹੋ ਜਾਣੀ ਚਾਹੀਦੀ ਸੀ। ਪੰਜਾਬ ਦੀ ਧਨੀ ਕਿਸਾਨੀ ਦਾ ਮੁੱਖ ਵਿਰੋਧ ਕੇਂਦਰੀ ਸਰਮਾਏਦਾਰੀ ਨਾਲ ਹੈ। ਜਿੰਨਾ ਚਿਰ ਤੀਕ ਇਸ ਵਿਰੋਧ ਦਾ ਕੋਈ ਹੱਲ ਨਹੀਂ ਹੁੰਦਾ, ਓਨਾ ਚਿਰ ਪੰਜਾਬ ਵਿਚ ਕਿਸੇ ਸਥਾਈ ਅਮਨ ਦੀ ਇੱਛਾ ਕਰਨਾ 'ਦਿਲ ਕੇ ਬਹਿਲਾਨੇ ਕੋ ਗਾਲਿਬ ਯਹ ਖਿਆਲ ਅੱਛਾ ਹੈ' ਵਾਲੀ ਗੱਲ ਹੀ ਹੋਵੇਗੀ। ਕੇਂਦਰ ਅਤੇ ਰਾਜਾਂ ਦੇ ਸੰਬੰਧਾਂ ਦੀ ਜਾਂ ਰਾਜਾਂ ਨੂੰ ਵਧੇਰੇ ਅਧਿਕਾਰਾਂ ਦੀ ਸਮੱਸਿਆ ਕੇਵਲ ਉਪਰੋਕਤ 'ਸ਼ਕਤੀ ਦੀ ਵੰਡ' ਦਾ ਹੀ ਪ੍ਰਗਟਾਵਾ ਹੈ।

ਇਸ ਮਸਲੇ ਦੇ ਦੂਸਰੇ ਪੱਖ, ਸਾਹਿਤ ਨਾਲ ਇਸ ਸਮੱਸਿਆ ਦੇ ਸੰਬੰਧਾਂ ਬਾਰੇ ਵਿਚਾਰ ਕਰਨੀ ਵੀ ਜ਼ਰੂਰੀ ਹੈ। ਇਸ ਸਬੰਧ ਵਿਚ ਅਜੋਕੀ ਸਥਿਤੀ ਦੇ ਦੁਖਾਂਤ ਦੇ ਪ੍ਰਤੀਕਰਮ ਵਜੋਂ ਪ੍ਰਮੁੱਖ ਰੂਪ ਵਿਚ ਪੰਜਾਬੀ ਕਵਿਤਾ, ਨਿੱਕੀ ਕਹਾਣੀ ਅਤੇ ਨਾਟਕ/ਇਕਾਂਗੀ ਆਦਿ ਰਚੀਆਂ ਗਈਆਂ ਰਚਨਾਵਾਂ ਵਿਚੋਂ ਸਾਨੂੰ ਸਾਹਿਤਕਾਰਾਂ ਦੇ ਇਸ ਸਮੱਸਿਆ ਸੰਬੰਧੀ ਨਜ਼ਰੀਏ/ਪ੍ਰਤੀਕਰਮ ਦਾ ਗਿਆਨ ਹੁੰਦਾ ਹੈ। ਪ੍ਰਾਪਤ ਰਚਨਾਵਾਂ ਦੇ ਅਧਿਐਨ ਤੋਂ ਬਾਅਦ ਅਸੀਂ ਸਾਹਿਤਕਾਰਾਂ ਦੇ ਪ੍ਰਤੀਕਰਮਾਂ ਨੂੰ ਤਿੰਨ ਸਿਰਲੇਖਾਂ ਹੇਠ ਵਾਚ ਸਕਦੇ ਹਾਂ : ਨਿਰੋਲ ਭਾਵੁਕ ਪ੍ਰਤੀਕਰਮ (ਜੋ ਕਿਸੇ ਇਕ ਫਿਰਕੇ ਜਾਂ ਮਨੁੱਖਾਂ ਦੇ ਵਹਿਸ਼ੀਆਨਾ ਕਤਲ ਕਾਰਨ ਪੈਦਾ ਹੋਇਆ ਹੋਵੇ)। ਸਾਹਿਤਕਾਰ ਜੋ ਇਸ ਸਮੱਸਿਆ ਨੂੰ ਸੌੜੀ ਰਾਜਨੀਤੀ ਦਾ ਫਲ ਸਮਝਦੇ ਹਨ। ਉਹ ਸਾਹਿਤਕਾਰ ਜੋ ਪ੍ਰਤੀਬੱਧਤਾ ਵਿਚ ਯਕੀਨ ਕਰਦੇ ਹਨ ਅਤੇ ਮਨੁੱਖਤਾ ਦੇ ਦੋਖੀਆਂ ਤੋਂ ਬਚਣ ਦੇ ਨਾਲ ਨਾਲ ਕੇਵਲ ਫਿਰਕੂ ਸਦਭਾਵਨਾ ਬਣਾਉਣ ਉਤੇ ਹੀ ਬਲ ਨਹੀਂ ਦਿੰਦੇ ਸਗੋਂ ਸਾਂਝੇ ਦੁਸ਼ਮਣ ਨੂੰ ਪਛਾਣਨ ਉਤੇ ਵੀ ਬਲ ਦਿੰਦੇ ਹਨ।

ਯੋਗਦਾਨ

ਇਹ ਤੱਥ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ਕਿ ਕਿਸੇ ਗੁੰਝਲਦਾਰ ਸਮਾਜਕ ਸਥਿਤੀ ਦੇ ਹੱਲ ਵਿਚ ਸਾਹਿਤ ਦਾ ਯੋਗਦਾਨ ਕਿੰਨਾ ਕੁ ਹੋ ਸਕਦਾ ਹੈ? ਇਸ ਬਾਰੇ ਵੀ ਸਾਡੇ ਲੇਖਕਾਂ ਨੂੰ ਇਕ ਸੰਤੁਲਤ ਅਤੇ ਬਾਹਰਮੁਖੀ ਰਾਇ ਨੂੰ ਉਸਾਰਨ ਦੀ ਲੋੜ ਹੈ। ਸਾਹਿਤ/ਕਲਾ ਕਿਸੇ ਸਮੱਸਿਆ ਦੇ ਹੱਲ ਵਿਚ ਇਕ ਸਹਾਇਕ ਸਾਧਨ ਦਾ ਰੋਲ ਤਾਂ ਅਵੱਸ਼ ਹੀ ਅਦਾ ਕਰਦੇ ਹਨ। ਪ੍ਰੰਤੂ ਇਹ ਸਮੁੱਚੇ ਰਾਜਨੀਤਕ ਪ੍ਰਬੰਧ ਨੂੰ ਬਦਲਣ ਵਿਚ ਇਕ ਆਗੂ ਦਾ ਰੋਲ ਅਦਾ ਨਹੀਂ ਕਰ ਸਕਦੇ। ਇਉਂ ਸਾਹਿਤ ਦੀ ਜ਼ਿੰਮੇਵਾਰੀ ਨੂੰ ਨਾ ਤਾਂ ਬੇਲੋੜੇ ਢੰਗ ਨਾਲ ਵਧਾ ਕੇ ਵੇਖਿਆ ਜਾਣਾ ਚਾਹੀਦਾ ਹੈ ਅਤੇ ਨਾ ਹੀ ਅੰਤਰਮੁਖਤਾ ਦਾ ਸ਼ਿਕਾਰ ਹੋ ਕੇ ਇਹ ਸਿੱਟਾ ਕੱਢਣ ਦੀ ਜ਼ਰੂਰਤ ਹੈ ਕਿ ਅਸੀਂ ਇਹ ਮਹਿਸੂਸ ਕਰਨ ਲੱਗ ਜਾਈਏ ਕਿ ਸਾਹਿਤ/ਸਾਹਿਤਕਾਰ ਦਾ ਰੋਲ ਇਸ ਸਮੱਸਿਆ ਵਿਚ ਕੋਈ ਵੀ ਨਿੱਗਰ

→

"ਤੁਸੀਂ ਤਾਂ ਐਂ ਕਹਿੰਦੇ ਓ ਜਿਵੇਂ ਜੰਮਦਿਆਂ ਬੱਚਿਆਂ ਦਾ ਕੋਈ ਬੈਂਕ ਖੁੱਲ੍ਹਿਆ ਹੋਇਆ... ਜਾਵਾਂ ਤੇ ਚੈਕ ਭੁਨਾਣ ਦੀ ਤਰ੍ਹਾਂ ਬੱਚਾ ਲੈ ਆਵਾਂ। ਸਾਡੀ ਕਿਸਮਤ" ਤੇ ਮੱਥੇ 'ਤੇ ਹੱਥ ਧਰ ਕੇ ਉਹ ਸੋਚਾਂ 'ਚ ਡੁੱਬ ਗਈ।

ਬਸ਼ੇਸ਼ਰ ਸਾਰੀ ਰਾਤ ਸੌਂ ਨਾ ਸਕਿਆ। ਰੇਸ਼ਮਾ ਦੀ ਗੱਲ 'ਜੰਮਦਿਆਂ ਬੱਚਿਆਂ ਦਾ ਕੋਈ ਬੈਂਕ ਖੁੱਲ੍ਹਿਆ ਹੋਇਆ' ਸਾਰੀ ਰਾਤ ਉਹਦੇ ਦਿਮਾਗ 'ਚ ਗੂੰਜਦੀ ਰਹੀ ਤੇ ਉਹ ਤਰਲੋ-ਮੱਛੀ ਹੁੰਦਾ ਰਿਹਾ।

ਬਸ਼ੇਸ਼ਰ ਨੂੰ ਜੰਮਦੇ ਬੱਚਿਆਂ ਦਾ ਬੈਂਕ ਤਾਂ ਕਿਧਰੇ ਨਜ਼ਰ ਨਾ ਆਇਆ ਪਰ ਅਗਲੇ ਦਿਨ ਸ਼ਾਮ ਨੂੰ ਦੁਕਾਨ ਬੰਦ ਕਰਕੇ ਘਰ ਆਉਣ ਦੀ ਥਾਂ, ਬਿਨਾਂ ਕਿਸੇ ਮਕਸਦ ਦੇ... ਇਰਾਦੇ ਦੇ ਉਹਦੇ ਪੈਰ ਆਪ ਮੁਹਾਰੇ ਹਸਪਤਾਲ ਦੇ ਰਾਹ ਜ਼ਰੂਰ ਪੈ ਗਏ ਸਨ।

***

ਹਰ ਰੋਜ਼ ਦੀ ਤਰ੍ਹਾਂ ਬਸ਼ੇਸ਼ਰ ਅੱਜ ਜਦ ਲੇਬਰ ਰੂਮ ਦੇ ਅੱਗੇ ਪੁੱਜਾ ਤਾਂ ਹੋਰ ਦਿਨਾਂ ਦੇ ਉਲਟ ਉਥੇ ਕੇਵਲ ਇਕ ਮਾੜਕੂ ਜਿਹਾ... ਨਿਘਰੇ ਹੋਏ ਸਰੀਰ ਵਾਲਾ ਬੰਦਾ, ਮੈਲੇ ਕੁਚੈਲੇ ਤੇ ਫਟੇ ਪੁਰਾਣੇ ਕੱਪੜਿਆਂ 'ਚ ਬੈਠਾ ਸੀ। ਬਸ਼ੇਸ਼ਰ ਵੀ ਉਹਦੇ ਕੋਲ ਜਾ ਬੈਠਾ। ਉਹ ਬੰਦਾ ਆਪਣੇ ਖਿਆਲਾਂ 'ਚ ਇਨਾਂ ਗੁਆਚਿਆ ਹੋਇਆ ਸੀ ਕਿ ਉਹਨੂੰ ਉਥੇ ਬਸ਼ੇਸ਼ਰ ਦੀ ਮੌਜੂਦਗੀ ਦਾ ਉਕਾ ਹੀ ਪਤਾ ਨਾ ਲੱਗਾ। ਬਸ਼ੇਸ਼ਰ ਨੂੰ ਉਸ ਬੰਦੇ ਦੀ ਹਾਲਤ ਦੇਖ ਕੇ ਬੜਾ ਹੀ ਤਰਸ ਆਇਆ। ਉਹਦੇ ਨਾਲ ਗੱਲ ਕਰਨ ਲਈ ਬਸ਼ੇਸ਼ਰ ਦਾ ਜੀ ਕਰ ਆਇਆ ਤੇ ਬੋਲਿਆ, "ਭਾਈ ਸਾਹਿਬ।"

ਉਥੇ ਬੈਠਾ ਆਦਮੀ ਇਕ ਲਾਲਾ ਟਾਈਪ ਬੰਦੇ ਕੋਲੋਂ ਆਪਣੇ ਆਪ ਨੂੰ 'ਭਾਈ ਸਾਹਿਬ' ਸੁਣ ਕੇ ਭੜਕ ਪਿਆ। ਹੈਰਾਨ ਜੇਹਾ ਹੁੰਦਾ ਹੋਇਆ ਉਹ ਬੋਲਿਆ

"ਤੁਸੀਂ ਮੈਨੂੰ ਬੁਲਾਇਆ ਬਾਬੂ ਜੀ?"

"ਹਾਂ ਬਈ ਹਾਂ। ਤੈਨੂੰ ਈ ਬੁਲਾਇਆ ਮੈਂ। ਕੀ ਨਾਂ ਏ ਤੇਰਾ?"

"ਜੀ ਦੀਨੂ।"

"ਅੱਛਾ। ਕੋਈ ਮਰੀਜ਼ ਇਥੇ ਤੇਰਾ ਦਾਖਲ?"

"ਹਾਂ ਬਾਬੂ ਜੀ। ਮੇਰੀ ਪਤਨੀ ਦਾਖਲ ਐ। ਬੱਚਾ ਹੋਣਾ ਉਹਨੂੰ।"

"ਕਿੰਨਵਾਂ?"

"ਜੀ ਪੰਜਮਾਂ।"

"ਫਿਰ ਤਾਂ ਬੜੀ ਬੜੀ ਖੁਸ਼ੀ ਦੀ ਗੱਲ ਐ।"

"ਖੁਸ਼ੀ ਦੀ ਕਿ ਰੋਣ ਦੀ। ਅੱਗੇ ਥੋੜੇ ਐ— ਪੂਰੇ ਚਾਰ। ਪਹਿਲਿਆਂ ਦਾ ਢਿੱਡ ਨਹੀਂ ਭਰਦਾ, ਉਪਰੋਂ ਇਹ ਆਫਤ। ਕਿੱਥੋਂ ਖੁਆਵਾਂਗੇ। ਮਜ਼ੂਰੀ ਕਰਦਾਂ। ਦਿਹਾੜੀ ਲੱਗ ਜਾਂਦੀ ਐ ਤਾਂ ਉਸ ਦਿਨ ਢਿੱਡਾਂ ਨੂੰ ਝੁਲਕਾ ਲੱਗ ਜਾਂਦਾ। ਜਿੱਦਣ ਕੰਮ ਤੋਂ ਨਾਗਾ ਪੈ ਜਾਏ ਤਾਂ ਬੱਸ ਢਿੱਡ ਵੀ ਭੁੱਖੇ। ਨਾ ਕਿਸੇ ਦੇ ਤੇੜ ਕੱਪੜੇ ਐ ਤੇ ਨਾ ਪੈਰੀਂ ਜੁੱਤੀ। ਮੇਰਾ ਹਾਲ ਦੇਖ ਈ ਰਹੇ ਓ... ਭਿਖਾਰੀ ਲਗਨਾਂ। ਪਤਾ ਨਹੀਂ ਕਿਹੜੇ ਜਨਮਾਂ ਦਾ ਰੱਬ ਸਾਡੇ ਤੋਂ ਵੈਰ ਲੈ ਰਿਹਾ। ਘਰ ਖਾਣ ਨੂੰ ਦਾਣੇ ਨੀਂ ਤੇ ਉਪਰੋਂ ਧੜਾ-ਧੜ ਬੱਚੇ ਦੇਈ ਜਾਂਦਾ ਰੱਬ। ਸਾਡੇ ਲਈ ਤਾਂ ਇਹ ਧਰਤੀ ਈ ਨਰਕ ਬਣਗੀ। ਕੋਲ ਪੈਸਾ ਧੇਲਾ ਨਹੀਂ, ਅੰਦਰ ਉਹ ਤੜਫ ਰਹੀ ਐ। ਪਤਾ ਨਹੀਂ ਮਰੂ ਕਿ ਜੀਊ। ਐਹੋ ਜਿਹੀ ਹਾਲਤ 'ਚ ਤੁਸੀਂ ਆਪ ਹੀ ਦੱਸੋ ਬਾਬੂ ਜੀ ਕਾਹਦੀ ਖੁਸ਼ੀ ਹੋਊ। ਬੱਚਾ ਜੰਮਣ ਦੀ। ਮੈਂ ਤਾਂ ਆਹਨਾਂ, ਰੱਬ ਕਰੇ ਉਹ ਜੰਮਦਾ ਈ ਮਰਜੇ... ਆਹ ਨਰਕ ਤਾਂ ਨਾ ਭੋਗਣਾ ਪਊ ਉਹਨੂੰ ਵੀ ਸਾਡੇ ਨਾਲ।" ਤੇ ਉਹਦਾ ਗਲਾ ਭਰ ਆਇਆ। ਫਿਰ ਉਹਦੇ ਕੋਲੋਂ ਅੱਗੇ ਬੋਲਿਆ ਨਾ ਗਿਆ।

ਦੀਨੂੰ ਦੀ ਦਾਸਤਾਨ ਸੁਣ ਕੇ ਬਸ਼ੇਸ਼ਰ ਦਾ ਦਿਲ ਪਸੀਜ ਗਿਆ। ਉਹਨੂੰ ਆਪਣੇ ਦੁੱਖ ਨਾਲੋਂ ਦੀਨੂੰ ਦਾ ਦੁੱਖ ਭਾਰਾ ਲੱਗਿਆ। ਹਮਦਰਦੀ ਜਤਾਉਣ ਦੇ ਰੌਂ 'ਚ ਦੀਨੂੰ ਦੇ ਮੋਢੇ 'ਤੇ ਹੱਥ ਰੱਖ ਕੇ ਉਹ ਬੋਲਿਆ :

"ਹੌਂਸਲਾ ਕਰ ਦੀਨੂ — ਹੌਸਲਾ। ਓਦਰੀਦਾ ਨੀਂ। ਇਥੇ ਹਰ ਕਿਸੇ ਨੂੰ ਕੋਈ ਨਾ ਕੋਈ ਦੁੱਖ ਚਿੰਬੜਿਆ ਹੋਇਆ। ਤੂੰ ਮੇਰੇ ਵੱਲ ਈ ਦੇਖ। ਵੀਹ ਸਾਲ ਹੋਗੇ ਸ਼ਾਦੀ ਨੂੰ। ਕੋਲ ਲੱਖਾਂ ਦੀ ਜਾਇਦਾਦ ਹੈ ਪਰ ਵਿਹੜੇ 'ਚ ਅਜੇ ਤਾਈਂ ਕੋਈ ਜੁਆਕ ਨਹੀਂ ਖੇਲਿਆ। ਵਾਹ ਓਏ ਰੱਬਾ ਤੇਰੇ ਰੰਗ। ਜਿਥੇ ਰੋਟੀ ਨਹੀਂ ਉਥੇ ਧੜਾ-ਧੜ ਦੇਈ ਜਾਨੈ ਤੇ ਜਿਥੇ ਅੰਨ ਕੁੱਤੇ ਵੀ ਨਹੀਂ ਖਾਂਦੇ, ਉਥੇ ਔਲਾਦ ਦਾ ਤਰਸੇਮਾ।" ਤੇ ਉਹ ਲੰਮਾ ਸਾਰਾ ਹਉਕਾ ਭਰ ਕੇ ਚੁੱਪ ਹੋ ਗਿਆ।

ਕੁਝ ਚਿਰ ਸੋਚਣ ਤੋਂ ਬਾਅਦ ਉਹ ਫਿਰ ਬੋਲਿਆ।

"ਦੀਨੂ।"

"ਜੀ ਬਾਬੂ ਜੀ।"

"ਜੇ ਇਕ ਗੱਲ ਆਖਾਂ ਤਾਂ ਮੰਨੇਂਗਾ?" ਝਿਜਕਦਾ ਹੋਇਆ ਬਸ਼ੇਸ਼ਰ ਬੋਲਿਆ।

"ਦੱਸੋ ਬਾਬੂ ਜੀ।"

"ਤੇਰੇ ਜਿਹੜਾ ਹੁਣ ਬੱਚਾ ਪੈਦਾ ਹੋਣਾ ਤੂੰ ਉਹ ਸਾਨੂੰ ਗੋਦ ਦੇ ਦੇ। ਸਾਡੀ ਇੱਛਾ ਪੂਰੀ ਹੋਜੂਗੀ ਤੇ ਤੇਰਾ ਭਾਰ ਵੀ ਹਲਕਾ ਹੋਜੂ। ਉਹ ਬੱਚਾ ਵੀ ਜ਼ਿੰਦਗੀ ਦੀਆਂ ਸਭ ਖੁਸ਼ੀਆਂ ਮਾਣੂ।

ਬਸ਼ੇਸ਼ਰ ਦੀ ਗੱਲ ਸੁਣ ਕੇ ਦੀਨੂੰ ਦੇ ਚਿਹਰੇ 'ਤੇ ਚਮਕ ਜੇਹੀ ਆ ਗਈ ਪਰ ਝੱਟ ਹੀ ਉਹ ਉਦਾਸ ਹੋ ਗਿਆ ਤੇ ਚੁੱਪ।

"ਕੀ ਗੱਲ ਐ ਦੀਨੂੰ? ਤੂੰ ਮੇਰੀ ਗੱਲ ਦਾ ਜੁਆਬ ਨੀਂ ਦਿੱਤਾ। ਤੈਨੂੰ ਮੇਰੀ ਗੱਲ ਚੰਗੀ ਨੀਂ ਲੱਗੀ। ਤੇਰੀ ਪਤਨੀ ਨੂੰ ਕੋਈ ਇਤਰਾਜ਼ ਹੋਊ?"

"ਨਹੀਂ ਬਾਬੂ ਜੀ। ਇਹ ਗੱਲ ਨਹੀਂ। ਮੈਨੂੰ ਤਾਂ ਕੋਈ ਨੀਂ। ਰਹੀ ਮੇਰੀ ਪਤਨੀ ਦੀ ਗੱਲ, ਜੇ ਇਹੋ ਹਾਲ ਰਿਹਾ ਸਾਡਾ ਤਾਂ ਉਹ ਇਨ੍ਹਾਂ ਬੱਚਿਆਂ ਨੂੰ ਕਿਸੇ ਖੂਹ ਖਾਤੇ 'ਚ ਜ਼ਰੂਰ ਲੈ ਡੁੱਬ ਮਰੂ। ਫਿਰ ਉਹਨੂੰ ਕਿਉਂ ਇਤਰਾਜ਼ ਹੋਣ ਲੱਗਾ।"

"ਫਿਰ ਹੋਰ ਕੀ ਗੱਲ ਐ?"

"ਬਾਬੂ ਜੀ ਅਸੀਂ ਨੀਚ ਜਾਤ ਦੇ ਆਂ ਤੇ ਤੁਸੀਂ ਉਚੀ ਜਾਤ ਵਾਲੇ। ਲੋਕੀਂ ਤਾਂ ਸਾਡੇ ਪਰਛਾਵੇਂ ਤੋਂ ਵੀ ਡਰਦੇ ਐ ਤੇ ਤੁਸੀਂ ਸਾਡਾ ਬੱਚਾ ਗੋਦ 'ਚ ਲੈਣ ਦੀ ਗੱਲ ਕਰਦੇ ਓ।"

"ਬੱਸ! ਓਏ ਕਮਲਿਆ... ਇਹ ਜਾਤਪਾਤ ਉਚ-ਨੀਚ ਤਾਂ ਸਾਡੀ ਆਪਣੀ ਬਣਾਈ ਓ ਐ। ਰੱਬ ਦੇ ਘਰ ਸਭ ਬਰਾਬਰ ਐ। ਰਹੀ ਅਮੀਰੀ ਗਰੀਬੀ ਦੀ ਗੱਲ। ਇਹ ਤਾਂ ਢਲਦੇ ਪਰਛਾਵੇਂ ਦੀ ਤਰ੍ਹਾਂ। ਅੱਜ ਏਸ ਥਾਂ 'ਤੇ ਕੱਲ ਉਸ ਥਾਂ।

... ਆਹ ਦੇਖ ਮੇਰੀ ਸੱਖਣੀ ਝੋਲੀ ਤੇਰੇ ਅੱਗੇ ਅੱਡੀ ਪਈ ਐ... ਇਹਨੂੰ ਭਰਦੇ ਦੀਨੂੰ... ਇਹਨੂੰ ਭਰ ਦੇ। ਦੇਖ ਦੀਨੂੰ ਨਿਰਾਸ਼ ਨਾ ਕਰੀਂ... ਨਿਰਾਸ਼ ਨਾ ਕਰੀਂ... ਦੀਨੂੰ।

"ਬ...ਬੂ ਜੀ।"

"ਜੀ...ਨੂੰ।"

ਤੇ ਅਗਲੇ ਪਲ ਦੋਹ... ਇਕ ਦੂਜੇ ਨੂੰ ਆ... ਪਣੀ ਜੱਫੀ 'ਚ ਲੈ ਕੇ ਘੁੱਟ ਲਿਆ।

ਭਾਰਤ ਅੱਜ ਨਾਜ਼ੁਕ ਹਾਲਤ ਪਰ ਫੈਸਲਾਕੁੰਨ ਸੰਘਰਸ਼ਾਂ ਦੇ ਦੌਰ ਵਿਚੋਂ ਲੰਘ ਰਿਹਾ ਹੈ — ਦਿਓਸੀ

ਸਾਊਥਾਲ — "ਭਾਰਤ ਵਰਸ਼ ਅੱਜ ਬੇਹੱਦ ਨਾਜ਼ੁਕ ਹਾਲਾਤ ਪਰ ਫੈਸਲਾਕੁਨ ਸੰਘਰਸ਼ ਦੇ ਦੌਰ ਵਿਚੋਂ ਲੰਘ ਰਿਹਾ ਹੈ। ਦੇਸ਼ ਨੂੰ ਵੰਡਣ ਵਾਲੀਆਂ ਤਾਕਤਾਂ ਆਪਣਾ ਸਾਜ਼ਸ਼ੀ ਜਾਲ ਸੁੱਟ ਰਹੀਆਂ ਹਨ ਜਦੋਂ ਕਿ ਦੇਸ਼ ਦੀ ਅਖੰਡਤਾ ਤੇ ਆਜ਼ਾਦੀ ਨੂੰ ਕਾਇਮ ਰੱਖਣ ਵਾਲੀਆਂ ਲੋਕ ਤਾਕਤਾਂ ਆਪਣੇ ਘੋਲਾਂ ਨੂੰ ਤੇਜ਼ ਕਰ ਰਹੀਆਂ ਹਨ।" ਇਸ ਗੱਲ ਦਾ ਪ੍ਰਗਟਾਵਾ ਰੈਡ ਲਾਈਨ ਪੱਬ ਦੇ ਹਾਲ ਵਿਚ ਹੋਏ ਪਬਲਿਕ ਜਲਸੇ ਵਿਚ ਕਾਮਰੇਡ ਪਿਆਰਾ ਸਿਘ ਦਿਓਸੀ ਨੇ ਕੀਤਾ।

ਸੀ ਪੀ ਆਈ ਪੰਜਾਬ ਦੇ ਸੂਬਾ ਸਕੱਤਰ ਸਾਥੀ ਪਿਆਰਾ ਸਿੰਘ ਦਿਓਸੀ ਨੇ ਸਮੁੱਚੇ ਭਾਰਤ ਦੀ ਵਰਤਮਾਨ ਰਾਜਸੀ ਹਾਲਤ ਪੰਜਾਬ ਦੇ ਸੰਕਟ ਅਤੇ ਜਮਹੂਰੀ-ਸੈਕੂਲਰ ਸ਼ਕਤੀਆਂ ਦੇ ਰੋਲ ਦਾ ਵਿਸਥਾਰ ਨਾਲ ਵਰਨਣ ਕੀਤਾ। ਉਹਨਾਂ ਕਿਹਾ ਰਾਜੀਵ ਸਰਕਾਰ ਨੂੰ ਗੱਦੀ ਤੋਂ ਲਾਹੁਣ ਦਾ ਘੋਲ ਚਲ ਰਿਹਾ ਹੈ। ਗੈਰ ਕਮਿਊਨਿਸਟ ਪਾਰਟੀਆਂ ਵੀ ਰਾਜੀਵ ਨੂੰ ਗੱਦੀ ਤੋਂ ਲਾਹੁਣਾ ਚਾਹੁੰਦੀਆਂ ਹਨ। ਪਰ ਖੱਬੀਆਂ ਪਾਰਟੀਆਂ ਰਾਜੀਵ ਗਾਂਧੀ ਦੀ ਕਾਂਗਰਸ ਸਰਕਾਰ ਨੂੰ ਗੱਦੀ ਤੋਂ ਲਾਹ ਕੇ ਅਗੋਂ ਕਿਹੋ ਜਿਹੀ ਸਰਕਾਰ ਬਣੇ, ਇਸ ਮੰਤਵ ਦਾ ਘੋਲ ਵੀ ਨਾਲ ਹੀ ਚਲਾ ਰਹੀਆਂ ਹਨ। ਕਾਂਗਰਸ ਨੂੰ ਜਨਤਾ ਪਾਰਟੀ ਨੇ ਵੀ ਗੱਦੀ ਤੋਂ ਲਾਹਿਆ ਸੀ ਪਰ ਜਨਤਾ ਸਰਕਾਰ ਕੇਵਲ 28 ਮਹੀਨੇ ਹੀ ਚਲੀ ਸੀ। ਅਜ ਦੇਸ਼ ਵਾਸੀ ਅਜੇਹੀ ਖਿਚੜੀ ਸਰਕਾਰ ਨਹੀਂ ਚਾਹੁੰਦੇ। ਖੱਬੀਆਂ ਪਾਰਟੀਆਂ ਇਸ ਲਈ ਯਤਨਸ਼ੀਲ ਹਨ ਕਿ ਅਜੇਹਾ ਖੱਬਾ ਜਮਹੂਰੀ ਫਰੰਟ ਉਸਾਰਿਆ ਜਾਵੇ ਜੋ ਰਾਜੀਵ ਸਰਕਾਰ ਦੀ ਥਾਂ ਲੈ ਸਕੇ। ਅਜੇਹਾ ਫਰੰਟ ਹੀ ਦੇਸ਼ ਵਾਸੀਆਂ ਦਾ ਕਲਿਆਣ ਕਰ ਸਕਦਾ ਹੈ।

ਸਾਥੀ ਦਿਓਸੀ ਨੇ ਦੇਸ਼ ਵਿਚ ਉਠ ਰਹੇ ਖੱਬੇ ਉਭਾਰ ਦਾ ਸਪਸ਼ਟ ਜ਼ਿਕਰ ਕੀਤਾ ਅਤੇ ਕਿਹਾ ਕਿ ਰਾਜੀਵ ਸਰਕਾਰ ਦੇ ਦੌਰ ਵਿਚ ਹੀ ਵੱਖਵਾਦ ਤੇ ਫਿਰਕਾਪ੍ਰਸਤੀ ਨੇ ਸਾਜ਼ਿਸ਼ਾਂ ਰਚ ਕੇ ਦੇਸ਼ ਲਈ ਖਤਰਾ ਪੈਦਾ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬ ਵਿਚ ਚਲ ਰਹੀ ਦਹਿਸ਼ਤਗਰਦੀ ਅਤੇ ਇਸ ਪਿਛੇ ਕੰਮ ਕਰ ਰਹੀ ਸਾਮਰਾਜੀ ਤੇ ਪਾਕਿਸਤਾਨੀ ਹਾਕਮਾਂ ਦੀ ਸਾਜ਼ਿਸ਼ ਦਾ ਸਭ ਤੋਂ ਪਹਿਲਾਂ ਪਰਦਾ ਅਸਾਂ ਹੀ ਚੁਕਿਆ ਸੀ। ਜੇਕਰ ਕੇਂਦਰ ਸਰਕਾਰ ਨੇਕ ਨੀਅਤ ਹੁੰਦੀ ਅਤੇ ਦਹਿਸ਼ਤਗਰਦੀ ਦੀਆਂ ਤਾਕਤਾਂ ਨੂੰ ਲੋਕਾਂ ਨਾਲੋਂ ਨਿਖੇੜਨ ਦਾ ਰਾਹ ਧਾਰਨ ਕਰਦੀ ਤਾਂ ਪੰਜਾਬ ਦੀ ਇਹ ਤਬਾਹੀ ਨਾ ਹੁੰਦੀ। ਜੇਕਰ ਅਕਾਲੀ ਲੀਡਰਸ਼ਿਪ ਫਿਰਕੂ ਤੰਗ ਨਜ਼ਰੀ ਦਾ ਸ਼ਿਕਾਰ ਨਾ ਹੁੰਦੀ ਤਾਂ ਪੰਜਾਬ ਨੂੰ ਪਹਿਲਾਂ ਹੀ ਬਚਾਇਆ ਜਾ ਸਕਦਾ ਸੀ। ਅਸੀਂ ਅਜ ਵੀ ਮੋਹਰੇ ਹੋ ਕੇ ਪੰਜਾਬ ਅਤੇ ਦੇਸ਼ ਦੀ ਏਕਤਾ ਲਈ ਲੜ ਰਹੇ ਹਾਂ। ਵੱਧ ਕੁਰਬਾਨੀਆਂ ਵੀ ਅਸਾਂ ਦਿੱਤੀਆਂ ਹਨ। ਸਾਥੀ ਦਿਓਸੀ ਨੇ ਕਿਹਾ ਕਿ ਅਜ ਹਾਲਾਤ ਬਦਲ ਰਹੇ ਹਨ। ਪੰਜਾਬ ਹੀ ਨਹੀਂ ਸਾਰੇ ਦੇਸ਼ ਵਿਚ ਅਤੇ ਬਦੇਸ਼ਾਂ ਵਿਚ ਵਸਦੇ ਸਿੱਖ ਭਾਈਚਾਰੇ ਨੇ ਵੀ ਪਛਾਣ ਲਿਆ ਹੈ ਕਿ ਪੰਜਾਬ ਮਸਲੇ ਨੂੰ ਕਤਲਾਂ ਤੇ ਲੁਟ ਖੋਹ ਨਾਲ ਹਲ ਨਹੀਂ ਕੀਤਾ ਜਾ ਸਕਦਾ।

ਸ਼੍ਰੋਮਣੀ ਕਮੇਟੀ ਨੇ ਸਮਾਨ ਇਕੱਠਾ ਕਰਨ ਵਾਸਤੇ 14 ਕੇਂਦਰ ਖੋਲ੍ਹੇ

ਚੰਡੀਗੜ੍ਹ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੜ੍ਹ ਪੀੜਤਾਂ ਲਈ ਸਮਾਨ ਇਕੱਠਾ ਕਰਨ ਵਾਸਤੇ 14 ਕੇਂਦਰ ਖੋਲ੍ਹੇ ਹਨ। ਇਨ੍ਹਾਂ ਤੋਂ ਇਲਾਵਾ ਸਥਾਨਕ ਪੱਧਰ ਉਤੇ ਗੁਰਦੁਆਰਿਆਂ ਵਲੋਂ ਮੱਦਦ ਦਾ ਕੰਮ ਪਹਿਲਾਂ ਹੀ ਜਾਰੀ ਹੈ

ਇਥੇ ਸ਼ਰੋਮਣੀ ਕਮੇਟੀ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਕ ਕੇਂਦਰ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਖੋਲ੍ਹਿਆ ਗਿਆ ਹੈ ਹਰਿਆਣਾ ਵਿਚ ਅੰਬਾਲਾ ਦੇ ਗੁਰਦੁਆਰਾ ਮੰਜੀ ਸਾਹਿਬ ਕੇਂਦਰ ਖੋਲ੍ਹਿਆ ਗਿਆ। ਪੰਜਾਬ ਵਿਚ ਲੁਧਿਆਣਾ ਕਲਗੀਧਰ ਸਿੰਘ ਸਭਾ, ਗੁਰਦੁਆਰਾ ਆਲਮਗੀਰ, ਪਟਿਆਲਾ ਗੁਰਦੁਆਰਾ ਦੁਖ ਨਿਵਾਰਨ ਅਤੇ ਸਿੰਘ ਸਭਾ, ਜਲੰਧਰ ਗੁਰਦੁਆਰਾ ਮਾਡਲ ਟਾਊਨ, ਕਪੂਰਥਲਾ ਗੁਰਦੁਆਰਾ ਮੁਕਤਸਰ ਦਰਬਾਰ ਸਾਹਿਬ, ਬਠਿੰਡਾ ਗੁਰਦੁਆਰਾ ਹਾਜੀ ਰਤਨ ਅਤੇ ਅੰਮ੍ਰਿਤਸਰ ਭਾਈ ਗੁਰਦਾਸ ਹਾਲ ਕੇਂਦਰ ਹਨ। ਇਨ੍ਹਾਂ ਕੇਂਦਰਾਂ ਤੋਂ ਵੱਡੀ ਗਿਣਤੀ ਵਿਚ ਸਮਾਨ ਅਤੇ ਪੈਸਾ ਇਕੱਠਾ ਕਰ ਕੇ ਹੜ੍ਹ ਪੀੜਤਾਂ ਦੀ ਮਦਦ ਦਾ ਕੰਮ ਜਾਰੀ ਹੈ। ਚੰਡੀਗੜ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਬ ਆਫਿਸ ਕੇਂਦਰ ਬਣਿਆ ਹੈ। ਬੁਲਾਰੇ ਅਨੁਸਾਰ ਦਸ ਪ੍ਰਤੀਸ਼ਤ ਤਨਖਾਹ ਸਾਰੇ ਗੁਰਦੁਆਰਿਆਂ ਵਿਚ ਕੰਮ ਕਰਦੇ ਸੇਵਾਦਾਰਾਂ ਦੀ ਕੱਟੀ ਗਈ ਹੈ ਤਾਂ ਜੋ ਹੜ੍ਹ ਪੀੜਤਾਂ ਦੀ ਵਧੇਰੇ ਮੱਦਦ ਹੋ ਸਕੇ। ਹਰ ਗੁਰਦੁਆਰੇ ਨੂੰ ਘੱਟੋ ਘੱਟ ਦਸ ਹਜ਼ਾਰ ਰੁਪਿਆ ਇਕੱਠਾ ਕਰ ਕੇ ਹੜ੍ਹ ਪੀੜਤਾਂ ਦੀ ਮੱਦਦ ਕਰਨ ਲਈ ਕਿਹਾ ਗਿਆ ਹੈ। ਸ਼੍ਰੋਮਣੀ ਕਮੇਟੀ ਵਲੋਂ ਦਸ ਲੱਖ ਰੁਪਏ ਇਕੱਠੇ ਕਰ ਕੇ ਵੰਡਣ ਦਾ ਨਿਸ਼ਾਨਾ ਹੈ।

ਇਸ ਸਮੇਂ ਅਕਾਲੀ ਦਲ (ਤਲਵੰਡੀ) ਦੇ ਨੇਤਾਵਾਂ ਬਲਵਿੰਦਰ ਸਿੰਘ ਭੂੰਦੜ, ਸੁਜਾਨ ਸਿੰਘ, ਰਾਜਾ ਨਰਿੰਦਰ ਸਿੰਘ, ਹਰਦਿਆਲ ਸਿੰਘ ਹਾਜਲਾ ਅਤੇ ਕਈ ਹੋਰਨਾਂ ਨੇ ਸਰਕਾਰ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਅਜੇ ਤਕ ਲੋਕਾਂ ਨੂੰ ਸਰਕਾਰੀ ਮੱਦਦ ਮਿਲਣੀ ਸ਼ੁਰੂ ਨਹੀਂ ਹੋਈ। ਉਨ੍ਹਾਂ ਮੰਗ ਕੀਤੀ ਕਿ ਘੱਟੋ ਘੱਟ 5000 ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲਣਾ ਚਾਹੀਦਾ ਹੈ। ਮਕਾਨਾਂ ਲਈ ਕਰਜ਼ੇ ਦਿੱਤੇ ਜਾਣੇ ਅਤੇ ਹੋਰ ਕਾਰੋਬਾਰ ਲਈ ਬਿਨਾਂ ਵਿਆਜ ਕਰਜ਼ੇ ਦਿੱਤੇ ਜਾਣ ਤੇ ਸਾਉਣੀ ਦੇ ਬਿਜਲੀ ਬਿਲ ਮਾਫ ਕੀਤੇ ਜਾਣ। ਪੰਜਾਬ ਲਈ ਘੱਟੋ ਘੱਟ 1000 ਕਰੋੜ ਰੁਪਏ ਦੀ ਗਰਾਂਟ ਦਿੱਤੀ ਜਾਵੇ।

ਗੁਜਰਾਤ ਤੇ ਰਾਜਸਥਾਨ ਵਿਚ ਟਿੱਡੀ ਦਲ ਦਾ ਖਤਰਾ

ਨਵੀਂ ਦਿੱਲੀ — ਇਥੋਂ ਮਿਲੀ ਖਬਰ ਅਨੁਸਾਰ ਦੋ ਸੂਬਿਆਂ ਗੁਜਰਾਤ ਅਤੇ ਰਾਜਸਥਾਨ ਵਿਚ ਟਿੱਡੀ ਦਲ ਦੇ ਹਮਲੇ ਤੋਂ ਲੋਕਾਂ ਨੂੰ ਪਹਿਲਾਂ ਹੀ ਜਾਣੂ ਕਰਾ ਦਿੱਤਾ ਗਿਆ ਹੈ। ਆਸ ਹੈ ਕਿ ਅਗਲੇ ਕੁਝ ਦਿਨਾਂ ਵਿਚ ਟਿੱਡੀ ਦਲ ਇਨ੍ਹਾਂ ਸੂਬਿਆਂ ਉਤੇ ਹਮਲਾ ਕਰੇਗਾ।

ਇਨ੍ਹਾਂ ਦੋਵਾਂ ਸੂਬਿਆਂ ਵਿਚ ਸਰਕਾਰਾਂ ਨੇ ਸੰਕਟ ਦੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਗੁਜਰਾਤ ਵਿਚ ਪੱਛਮੀ ਹਿੱਸੇ ਨੂੰ ਖਤਰਾ ਹੈ। ਇਹ ਟਿੱਡੀ ਦਲ ਇਸ ਸਮੇਂ ਸਾਊਦੀ ਅਰਬ ਵਿਚ ਪਹੁੰਚ ਚੁਕਾ ਹੈ।

ਪੀ ਐਸ ਭਿੰਡਰ ਦਾ ਬਿਆਨ

ਅੰਮ੍ਰਿਤਸਰ ਵਿਚ ਸੈਂਟਰਲ ਰੀਜ਼ਰਵ ਪੁਲਸ ਦੇ ਕਮਿਸ਼ਨਰ ਸ੍ਰੀ ਪੀ ਐਸ ਭਿੰਡਰ ਨੇ ਕਿਹਾ ਕਿ ਪਿਛਲੇ 6 ਵਰ੍ਹਿਆਂ ਵਿਚ ਸੀ ਆਰ ਪੀ ਦੇ 55 ਕਰਮਚਾਰੀ ਅਤੇ ਪੰਜਾਬ ਪੁਲਸ ਦੇ 118 ਕਰਮਚਾਰੀ ਮਾਰੇ ਗਏ ਹਨ।

ਪੰਨਾ 20 ਦੀ ਬਾਕੀ

ਉਹ ਛੇਤੀ ਹੀ ਹੋਰ ਕਈ ਟੀ. ਵੀ. ਸੀਰੀਅਲ ਬਣਾ ਰਹੇ ਹਨ।

ਵੈਨਕੂਵਰ ਪੰਜਾਬੀ ਲੇਖਕ ਮੰਚ ਦੀ ਅਗਲੀ ਮੀਟਿੰਗ 5 ਨਵੰਬਰ ਨੂੰ ਸ਼ਾਮ ਦੇ 5 ਵਜੇ ਹੋਵੇਗੀ।

ਗੁਰਚਰਨ ਰਾਮਪੁਰੀ, ਕੋਆਰਡੀਨੇਟਰ

ਸੂਰਜ ਚੜ੍ਹਦਾ, ਸੂਰਜ ਲਹਿੰਦਾ, ਟੁਰ ਜਾਂਦੇ ਨੇ ਦਿਹੁੰ
ਸੱਜਣਾ, ਠੱਗ ਵਣਜਾਰਿਆ, ਕਿੰਝ ਕਿੰਝ ਪਰਖੇ ਨਿਹੁੰ

ਬੁੱਧ ਪੂੰਨਿਆਂ ਤੋਂ ਲੰਘ ਕੇ, ਦੋਂਹ ਰਾਤਾਂ ਨੂੰ ਚਿੱਥ
ਦੋਂਹ ਪੁਸ਼ਤਾਂ ਨੂੰ ਸਮਝਦਾ, ਦੋਂਹ ਪੁਸ਼ਤਾਂ ਦੀ ਵਿੱਥ

ਸੰਸਾਰ ਅਮਨ ਲਹਿਰ ਵਿਚ ਬੱਚਿਆਂ ਦਾ ਹਿਸਾ

ਜੰਗ ਸਿੰਘ ਗਿਆਨੀ (ਅਮਰੀਕਾ)

ਸਰਬ ਸੰਸਾਰ ਅਮਨ ਲਹਿਰ ਹੁਣ ਇਤਨੀ ਪ੍ਰਭਾਵਸ਼ਾਲੀ ਹੋ ਗਈ ਹੈ ਕਿ ਜੰਗ ਚਾਹੁਣ ਵਾਲੀਆਂ ਤਾਕਤਾਂ ਵੀ ਤੀਜੀ ਵੱਡੀ ਲੜਾਈ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਕਰਨ ਲੱਗ ਪਈਆਂ ਹਨ। ਵੱਡੀਆਂ ਵੱਡੀਆਂ ਤਾਕਤਾਂ ਦੇ ਨੇਤਾ ਵੀ ਹੁਣ ਅਮਨ ਦੀ ਬੋਲੀ ਬੋਲਣ ਲਈ ਮਜ਼ਬੂਰ ਹੋ ਗਏ ਹਨ।

ਭਾਵੇਂ ਅਮਨ ਦੀਆਂ ਸਰਗਰਮੀਆਂ ਵਿਚ ਸੰਸਾਰ ਦੇ ਵੱਡੇ ਵੱਡੇ ਨੇਤਾ, ਸਾਇੰਸਦਾਨ, ਤੇ ਸਮਾਜਕ ਤੇ ਰਾਜਸੀ ਆਗੂ ਵੀ ਹਿਸਾ ਪਾ ਰਹੇ ਹਨ, ਪਰ ਸੰਸਾਰ ਅਮਨ ਲਹਿਰ ਵਿਚ ਸਭ ਤੋਂ ਵੱਧ ਹਿਸਾ ਬੱਚੇ ਪਾ ਰਹੇ ਹਨ। ਇਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਇਸ ਸਾਲ ਰੂਸ ਤੋਂ ਇਕ ਹਜ਼ਾਰ ਬੱਚੇ ਅਮਰੀਕਾ ਆ ਰਹੇ ਹਨ ਅਤੇ ਆਪਣੀਆਂ ਵੱਖ ਵੱਖ ਕਿਸਮ ਦੀਆਂ ਕਲਚਰਲ ਤੇ ਆਰਟਿਸਟਿਕ ਸਰਗਰਮੀਆਂ ਰਾਹੀਂ ਲੋਕ ਰਾਏ ਨੂੰ ਅਮਨ ਦੇ ਹੱਕ ਵਿਚ ਪ੍ਰਭਾਵਤ ਕਰ ਰਹੇ ਹਨ। ਇੰਨ੍ਹਾਂ ਸਰਗਰਮੀਆਂ ਨੇ ਐਸਾ ਖੁਸ਼ਗਵਾਰ ਮਾਹੌਲ ਪੈਦਾ ਕਰ ਦਿੱਤਾ ਹੈ ਕਿ ਜੰਗ ਦੇ ਹੱਕ ਵਿਚ ਗੱਲ ਕਰਨਾ ਪਾਗਲਪਣ ਦਾ ਚਿੰਨ੍ਹ ਸਮਝਿਆ ਜਾਣ ਲੱਗ ਪਿਆ ਹੈ।

ਅਮਨ ਦੇ ਹੱਕ ਵਿਚ ਲੋਕ ਰਾਏ ਇਤਨੀ ਪ੍ਰਬਲ ਹੋ ਗਈ ਹੈ ਕਿ ਜਿਹੜੇ ਦੇਸ਼ਾਂ ਦੇ ਨੇਤਾ ਆਪਣੇ ਹਥਿਆਰਾਂ ਦੀ ਵਿਕਰੀ ਵਧਾਉਣ ਲਈ ਜੰਗ ਦਾ ਮਾਹੌਲ ਬਣਾਈ ਰੱਖਣਾ ਚਾਹੁੰਦੇ ਸਨ, ਤੇ ਇਕ ਦੇਸ਼ ਨੂੰ ਦੂਜੇ ਵਿਰੁਧ ਉਭਾਰਦੇ ਤੇ ਭੜਕਾਉਂਦੇ ਸਨ, ਅਤੇ ਐਟਮੀ ਹਥਿਆਰ ਤਿਆਰ ਕਰਨ ਦੀ ਹੋੜ ਵਿਚ ਰੁਝੇ ਹੋਏ ਸਨ, ਉਨ੍ਹਾਂ ਨੇ ਵੀ ਹੁਣ ਇਹ ਅਨੁਭਵ ਕਰ ਲਿਆ ਹੈ ਕਿ ਐਟਮੀ ਹਥਿਆਰਾਂ ਤੇ ਦੂਰ ਮਾਰ ਕਰਨ ਵਾਲੀਆਂ ਮੀਜ਼ਾਈਲਾਂ ਦੀ ਮੌਜੂਦਗੀ (ਹੋਂਦ) ਸਾਰੀ ਮਨੁਖਤਾ ਲਈ ਖਤਰੇ ਦਾ ਕਾਰਨ ਬਣ ਸਕਦੀ ਹੈ ਇਸ ਕਰਕੇ ਨਾ ਕੇਵਲ ਅੱਗੇ ਤੋਂ ਹਥਿਆਰਾਂ ਦੀ ਤਿਆਰੀ ਬੰਦ ਕੀਤੀ ਜਾਵੇ ਸਗੋਂ ਜਿਹੜੇ ਹਥਿਆਰ ਤਿਆਰ ਹੋ ਚੁਕੇ ਹਨ ਉਨ੍ਹਾਂ ਨੂੰ ਵੀ ਖਤਮ ਕੀਤਾ ਜਾਵੇ।

ਸੰਸਾਰ ਅਮਨ ਲਹਿਰ ਦੇ ਹਮਾਇਤੀ ਬੁਧੀਜੀਵੀਆਂ ਨੇ ਹੁਣ ਆਪਣੀਆਂ ਕਲਮਾਂ ਦਾ ਮੂੰਹ ਅਮਨ ਵਾਲੇ ਪਾਸੇ ਮੋੜ ਲਿਆ ਹੈ ਅਤੇ ਉਹ ਜਿਹੜੇ ਸੁੰਦਰ ਗੀਤ ਅਮਨ ਦੇ ਹੱਕ ਵਿਚ ਲਿਖ ਰਹੇ ਹਨ ਉਨ੍ਹਾਂ ਨੂੰ ਜਦੋਂ ਰੂਸ ਤੇ ਅਮਰੀਕਾ ਦੇ ਬੱਚੇ ਆਪਣੀਆਂ ਸੁਰੀਲੀਆਂ ਤੇ ਮਿੱਠੀਆਂ ਆਵਾਜ਼ਾਂ ਵਿਚ ਸਾਂਝੇ ਸਟੇਜਾਂ ਤੋਂ ਗਾਉਂਦੇ ਹਨ ਤਾਂ ਲੋਕੀਂ ਅਸ਼ ਅਸ਼ ਕਰ ਉਠਦੇ ਹਨ। ਉਨ੍ਹਾਂ ਦੇ ਮਾਪੇ ਜਦੋਂ ਸਾਂਝੇ ਸਮਾਗਮਾਂ ਵਿਚ ਬੱਚਿਆਂ ਨੂੰ ਇਕ ਦੂਜੇ ਨਾਲ ਪਿਆਰ ਗਲਵਕੜੀਆਂ ਪਾਉਂਦੇ, ਨੱਚਦੇ ਟੱਪਦੇ ਤੇ ਖਿੜ ਖਿੜ ਕੇ ਹੱਸਦੇ ਵੇਖਦੇ ਹਨ ਤਾਂ ਉਹ ਫੂਲੇ ਨਹੀਂ ਸਮਾਉਂਦੇ। ਇਹਨਾਂ ਸਤਰਾਂ ਦੇ ਲਿਖਾਰੀ ਨੇ ਇਸ ਤਰ੍ਹਾਂ ਦੇ ਸਾਂਝੇ ਸਮਾਗਮਾਂ ਦੇ ਸੁਹਾਵਣੇ ਦ੍ਰਿਸ਼ ਅੱਖੀਂ ਵੇਖੇ ਹਨ ਤੇ ਉਨ੍ਹਾਂ ਤੋਂ ਪ੍ਰਭਾਵਤ ਹੋ ਕੇ ਹੀ ਇਹ ਲੇਖ ਲਿਖਣ ਦਾ ਖਿਆਲ ਆਇਆ ਹੈ।

ਕਿਸੇ ਵੀ ਦੇਸ਼ ਦੇ ਅਮਨ ਪਸੰਦ ਸ਼ਹਿਰੀ ਇਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਹੱਸਦੇ ਖੇਡਦੇ ਬੱਚਿਆਂ ਨੂੰ ਐਟਮੀ ਬੰਬਾਂ ਜਾਂ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾਵੇ ਅਤੇ ਉਨ੍ਹਾਂ ਦਾ ਭਵਿਖ ਅੰਧੇਰਾ ਕਰ ਦਿੱਤਾ ਜਾਵੇ। ਜੰਗ ਸਾਰੀ ਮਾਨਵਤਾ ਵਾਸਤੇ ਇਕ ਲਾਹਨਤ ਹੈ। ਕਿਸੇ ਵੀ ਦੇਸ਼ ਜਾਂ ਮਾਨਵਤਾ ਦੇ ਕਿਸੇ ਵੀ ਹਿੱਸੇ ਲਈ ਜੰਗ ਲਾਭਦਾਇਕ ਨਹੀਂ। ਰੱਬ ਨਾ ਕਰੇ ਜੇ ਤੀਜੀ ਵੱਡੀ ਲੜਾਈ ਛਿੜ ਜਾਵੇ ਤਾਂ ਉਸ ਵਿਚ ਨਾ ਕੇਵਲ ਸਾਰੀ ਮਨੁਖਤਾ ਦਾ ਹੀ ਸਰਬਨਾਸ਼ ਹੋ ਜਾਵੇਗਾ ਸਗੋਂ ਸਾਰੇ ਜੀਵ ਜੰਤੂ ਅਤੇ ਸਾਰੀ ਬਨਾਸਪਤੀ ਵੀ ਤਬਾਹ ਹੋ ਜਾਵੇਗੀ।

ਸੰਸਾਰ ਦੇ ਸੂਝਵਾਨ ਬੁਧੀਜੀਵੀ ਅਤੇ ਸਾਇੰਸਦਾਨ ਹੁਣ ਇਸ ਸਿੱਟੇ ਤੇ ਪੁਜੇ ਹਨ ਕਿ ਜਿਵੇਂ ਸਾਇੰਸ ਦੀਆਂ ਨਵੀਆਂ ਕਾਢਾਂ ਨੇ ਸਾਰੇ ਸੰਸਾਰ ਵਿਚੋਂ



ਨਿਊਕਲਾਈ ਜੰਗ ਦੇ ਬੱਦਲ

ਮਹਾਂਮਾਰੀਆਂ ਦਾ ਖਾਤਮਾ ਕਰਕੇ ਰੱਖ ਦਿੱਤਾ ਹੈ ਅਤੇ ਹੁਣ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਮਹਾਂਮਾਰੀ ਨਹੀਂ ਫੈਲ ਸਕਦੀ, ਉਸੇ ਤਰ੍ਹਾਂ ਜੇ ਐਟਮੀ ਸ਼ਕਤੀ ਨੂੰ ਅਮਨ ਦੇ ਮਨੋਰਥਾਂ ਲਈ ਹੀ ਵਰਤਿਆ ਜਾਵੇ ਤਾਂ ਸਾਰੇ ਸੰਸਾਰ ਵਿਚੋਂ ਗਰੀਬੀ, ਅਨ-ਪੜ੍ਹਤਾ ਤੇ ਬੀਮਾਰੀਆਂ ਆਦਿ ਖਤਮ ਕੀਤੀਆਂ ਜਾ ਸਕਦੀਆਂ ਹਨ ਅਤੇ ਸਾਰੇ ਦੇਸ਼ ਅਮਨ, ਆਜ਼ਾਦੀ ਤੇ ਖੁਸ਼ਹਾਲੀ ਦੇ ਸੁਖ ਮਾਣ ਸਕਦੇ ਹਨ।

ਜਿੰਨ੍ਹਾਂ ਬੁੱਧੀਜੀਵੀਆਂ ਨੂੰ ਮਾਨਵਤਾ ਨਾਲ ਸੱਚਾ ਪਿਆਰ ਹੈ ਉਹ ਇਹ ਅਨੁਭਵ ਕਰਨ ਲੱਗ ਪਏ ਹਨ ਕਿ ਸਾਰੀ ਮਾਨਵਤਾ ਹੀ ਇਕ ਪ੍ਰਵਾਰ ਹੈ। ਸਾਰੇ ਮਨੁੱਖਾਂ ਦਾ ਇਕੋ ਪਿਤਾ ਪ੍ਰਮਾਤਮਾ ਹੈ ਇਸ ਕਰਕੇ ਜਿਵੇਂ ਉਸ ਪਿਤਾ ਵਲੋਂ ਪੈਦਾ ਕੀਤੀ ਹੋਈ ਸੂਰਜ ਦੀ ਰੌਸ਼ਨੀ, ਹਵਾ, ਪਾਣੀ ਤੇ ਆਕਾਸ਼ ਸਾਂਝੇ ਹਨ ਉਸੇ ਤਰ੍ਹਾਂ ਸਾਰੀ ਧਰਤੀ ਤੇ ਉਸ ਤੋਂ ਪੈਦਾ ਹੋਣ ਵਾਲੇ ਪੈਦਾਵਾਰ ਦੇ ਸਾਰੇ ਵਸੀਲੇ ਵੀ ਸਾਂਝੇ ਹੋਣੇ ਚਾਹੀਦੇ ਹਨ। ਜਿਹੜੇ ਲੋਕ ਮਨੁੱਖਾਂ ਦੇ ਇਕ ਹਿੱਸੇ ਨੂੰ ਮਜ਼ਹਬ, ਮੁਲਕ, ਨਸਲ ਜਾਂ ਭਾਸ਼ਾ ਦੇ ਆਧਾਰ ਤੇ ਦੂਜੇ ਵਿਰੁਧ ਲੜਨ ਮਰਨ ਲਈ ਉਭਾਰਦੇ ਤੇ ਉਨ੍ਹਾਂ ਵਿਚ ਵਿਤਕਰੇ ਪੈਦਾ ਕਰਕੇ ਨਫਰਤ ਫੈਲਾਉਂਦੇ ਹਨ, ਉਹ ਸਾਰੀ ਮਾਨਵਤਾ ਦੇ ਦੁਸ਼ਮਣ ਹਨ। ਮਨੁੱਖਤਾ ਦਾ ਸੱਚਾ ਪਿਆਰ ਹੀ ਸਾਰੀ ਮਾਨਵਤਾ ਨੂੰ ਇਕ ਪਿਆਰ ਦੀ ਲੜੀ ਵਿਚ ਪਰੋ ਸਕਦਾ ਹੈ ਅਤੇ ਸਾਰੇ ਸੰਸਾਰ ਵਿਚ ਸਦੀਵੀ ਅਮਨ ਸਥਾਪਨ ਕਰ ਸਕਦਾ ਹੈ। ਪਿਆਰ ਦੇ ਇਸ ਜਜ਼ਬੇ ਨੂੰ ਸਭ ਵਿਚ ਪ੍ਰਚਾਰਨ ਲਈ ਬੱਚਿਆਂ ਦੇ ਸਾਂਝੇ ਸਭਿਆਚਾਰਕ ਸਮਾਗਮ ਸਭ ਤੋਂ ਵੱਧ ਸਹਾਇਕ ਹੋ ਸਕਦੇ ਹਨ। ਜਿਵੇਂ ਰੂਸ ਤੇ ਅਮਰੀਕਾ ਦੇ ਅਮਨ ਪਸੰਦ ਲੋਕਾਂ ਨੇ ਬੱਚਿਆਂ ਦੇ ਅਮਨ-ਡੈਲੀਗੇਸ਼ਨ ਇਕ ਦੂਜੇ ਦੇਸ਼ ਵਿਚ ਭੇਜਣ ਦੀ ਲੋੜ ਨੂੰ ਅਨੁਭਵ ਕੀਤਾ ਹੈ। ਉਸੇ ਤਰ੍ਹਾਂ ਹੋਰ ਸਾਰੇ ਦੇਸ਼ਾਂ ਅਤੇ ਖਾਸ ਕਰਕੇ ਗੁਟ-ਨਿਰਲੇਪਤਾ ਦੀ ਜਥੇਬੰਦੀ ਵਿਚ ਸ਼ਾਮਲ ਹੋਏ ਦੇਸ਼ਾਂ ਨੂੰ ਵੀ ਇਸ ਪਾਸੇ ਛੇਤੀ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਗਲਤ ਫਹਿਮੀਆਂ ਨੂੰ ਦੂਰ ਕਰਨਾ ਚਾਹੀਦਾ ਹੈ ਜੋ ਉਨ੍ਹਾਂ ਲੋਕਾਂ ਨੇ ਫੈਲਾਈਆਂ ਹਨ ਜੋ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਇਕ ਦੇਸ਼ ਨੂੰ ਦੂਜੇ ਵਿਰੁਧ ਭੜਕਾਉਂਦੇ ਹਨ ਅਤੇ ਉਨ੍ਹਾਂ ਦੇ ਅੰਦਰੂਨੀ ਅਮਨ ਨੂੰ ਖਤਰੇ ਵਿਚ ਪਾ ਰਹੇ ਹਨ।

ਬੱਚਿਆਂ ਦੇ ਹਿਰਦਿਆਂ ਨੂੰ ਵੈਰ ਵਿਰੋਧ ਦੀਆਂ ਢਾਹੂ ਰੁਚੀਆਂ ਤੋਂ ਸੁਰੱਖਿਅਤ ਰਖਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਕੋਮਲ ਭਾਵਨਾਵਾਂ ਨੂੰ ਪ੍ਰਫੁਲਤ ਕਰਨ ਲਈ ਉਨ੍ਹਾਂ ਦੇ ਹਿਰਦਿਆਂ ਵਿਚ ਸਾਰੀ ਮਾਨਵਤਾ ਲਈ ਪਿਆਰ ਪੈਦਾ ਕਰਨਾ ਚਾਹੀਦਾ ਹੈ। ਪਿਆਰ ਭਰੇ ਕੋਮਲ ਹਿਰਦਿਆਂ ਵਿਚੋਂ ਐਸੀਆਂ ਪਿਆਰ ਤਰੰਗਾਂ ਉਠਦੀਆਂ ਹਨ ਜੋ ਸੰਗੀਤ ਦੀਆਂ ਮਧੁਰ ਧੁਨਾਂ ਰਾਹੀਂ ਸਾਰੇ ਸੰਸਾਰ ਵਿਚ ਫੈਲ ਜਾਂਦੀਆਂ ਹਨ। ਮਨੁਖਤਾ ਦੇ ਹਿਰਦੇ ਵਿਚੋਂ ਉਸਾਰੂ ਰੁਚੀਆਂ ਜਾਗ੍ਰਤ ਹੁੰਦੀਆਂ ਹਨ। ਪ੍ਰੇਮ ਅੰਮ੍ਰਿਤ ਹੈ ਅਤੇ ਨਫਰਤ ਜ਼ਹਿਰ। ਇਸ ਕਰਕੇ ਜਿਹੜੇ ਮਾਪੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਖੁਸ਼ੀਆਂ ਤੇ ਖੇੜੇ ਭਰੇ ਮਾਹੌਲ ਵਿਚ ਵਸਦਾ ਰਸਦਾ ਵੇਖਣਾ ਚਾਹੁੰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਹੋਣਹਾਰ ਬੱਚਿਆਂ ਨੂੰ ਸੰਸਾਰ ਅਮਨ ਲਹਿਰ ਵਿਚ ਵਧ ਚੜ੍ਹ ਕੇ ਹਿਸਾ ਲੈਣ ਦੀ ਪ੍ਰੇਰਨਾ ਕਰਨ। ਇਸ ਲਹਿਰ ਦੀ ਸਫਲਤਾ ਵਿਚ ਹੀ ਸਰਬੱਤ ਦਾ ਭਲਾ ਹੈ ਅਤੇ ਸਾਰੀ ਮਨੁੱਖਤਾ ਇਕ ਪ੍ਰਵਾਰ ਵਾਂਗ ਮਿਲ ਕੇ ਰਹਿ ਸਕਦੀ ਹੈ। ਜਿੰਨ੍ਹਾਂ ਦੇਸ਼ਾਂ ਵਿਚ ਬੱਚਿਆਂ ਤੇ ਨੌਜਵਾਨਾਂ ਵਿਚ ਨਫਰਤ ਫੈਲਾਈ ਗਈ ਅਤੇ ਮਜ਼ਹਬੀ ਜਨੂੰਨ ਵਿਚ ਅੰਨ੍ਹੇ ਹੋਏ ਲੀਡਰਾਂ ਨੇ ਉਨ੍ਹਾਂ ਨੂੰ ਲੜਨ ਮਰਨ ਲਈ ਹੀ ਭੜਕਾਇਆ ਉਹ ਆਪ ਵੀ ਬਰਬਾਦ ਹੋਏ ਤੇ ਉਨ੍ਹਾਂ ਨੇ ਆਪਣੇ ਗਵਾਂਢੀ ਦੇਸ਼ਾਂ ਦੇ ਅਮਨ ਨੂੰ ਵੀ ਖਤਰੇ ਵਿਚ ਪਾਇਆ। ਈਰਾਨ ਤੇ ਇਰਾਕ ਦੀ ਲੜਾਈ ਵਿਚ ਬਾਰਾਂ ਬਾਰਾਂ ਸਾਲ ਦੇ ਬੱਚਿਆਂ ਨੂੰ ਵੀ ਜੰਗ ਦੀ ਭੱਠੀ ਵਿਚ ਝੋਕ ਦਿੱਤਾ ਗਿਆ। ਨਤੀਜਾ ਇਹ ਨਿਕਲਿਆ ਕਿ ਦਸ ਲੱਖ ਤੋਂ ਵੀ ਵੱਧ ਨੌਜਵਾਨ ਮਾਰੇ ਗਏ ਅਤੇ ਦੋਹਾਂ ਦੇਸ਼ਾਂ ਦੀ ਆਰਥਿਕਤਾ ਬਰਬਾਦ ਹੋ ਗਈ। ਇਤਨਾ ਨੁਕਸਾਨ ਉਠਾ ਕੇ ਖੁਮੀਨੀ ਵਰਗੇ ਜਨੂੰਨੀ ਨੂੰ ਹੋਸ਼ ਆਈ ਅਤੇ ਉਸ ਨੇ ਸੁਰੱਖਿਆ ਕੌਂਸਲ ਦਾ ਉਹ ਪ੍ਰਸਤਾਵ ਪ੍ਰਵਾਨ ਕਰ ਲਿਆ ਜਿਸ ਵਿਚ ਦੋਹਾਂ ਦੇਸ਼ਾਂ ਨੂੰ ਲੜਾਈ ਬੰਦ ਕਰਨ ਦੀ ਅਪੀਲ ਕੀਤੀ ਗਈ ਸੀ। ਇਸ ਲੜਾਈ ਤੋਂ ਸਾਰੀ ਦੁਨੀਆਂ ਦੇ ਦੇਸ਼ਾਂ ਨੂੰ ਇਕ ਸਬਕ ਸਿਖਣਾ ਚਾਹੀਦਾ ਹੈ ਕਿ ਭਵਿਖ ਵਿਚ ਕੋਈ ਵੀ ਦੇਸ਼ ਕਿਸੇ ਦੂਜੇ ਦੇਸ਼ ਨੂੰ ਗੁਲਾਮ ਬਣਾ ਕੇ ਨਹੀਂ ਰੱਖ ਸਕਦਾ। ਸਾਰੇ ਦੇਸ਼ਾਂ ਦਾ ਭਲਾ ਸਰਬ ਸੰਸਾਰ ਵਿਚ ਸਦੀਵੀ ਅਮਨ ਕਾਇਮ ਰੱਖਣ ਵਿਚ ਹੈ।

ਯੋਗਦਾਨ ਨਹੀਂ ਦੇ ਸਕਦਾ। ਇਸ ਸਬੰਧ ਵਿਚ ਬਹੁਤੇ ਪੰਜਾਬੀ ਸਾਹਿਤਕਾਰ, ਇਸ ਸਮੱਸਿਆ ਨੂੰ ਮਾਨਵਤਾਵਾਦੀ ਦ੍ਰਿਸ਼ਟੀਕੋਣ ਤੋਂ ਹੀ ਵੇਖਣ ਦਾ ਯਤਨ ਕਰਦੇ ਹਨ। ਉਹ 'ਹਿੰਦੂ, ਮੁਸਲਿਮ, ਸਿੱਖ, ਈਸਾਈ ਸਭੇ ਭਾਰਤੀ ਭਾਈ ਭਾਈ' ਵਾਲੀ ਸੀਮਾ ਰੇਖਾ ਨੂੰ ਪਾਰ ਨਹੀਂ ਕਰਦੇ।

ਭਾਰਤੀ ਸਰਕਾਰ ਵਾਂਗ ਜੇ ਅਸੀਂ ਵੀ ਫਿਰਕਾਪ੍ਰਸ਼ਤੀ ਪ੍ਰਤੀ ਸੰਤੁਲਤ ਪਹੁੰਚ ਹੀ ਅਪਨਾਉਣੀ ਹੈ ਤਾਂ ਸਾਨੂੰ ਸਾਰਿਆਂ ਨੂੰ ਇਸ ਪਹੁੰਚ ਦੀ ਆਜ਼ਾਦੀ ਤੋਂ ਬਾਅਦ ਪ੍ਰਾਪਤੀ ਅਤੇ ਇਸ ਦੀ ਸਾਰਥਕਤਾ ਬਾਰੇ ਵੀ ਨਵੇਂ ਸਿਰਿਓਂ ਸੋਚਣ ਦੀ ਲੋੜ ਹੈ। ਸਾਡੇ ਦੇਸ਼ ਵਿਚ ਹਿੰਦੂ, ਸਿੱਖ ਜਾਂ ਮੁਸਲਮਾਨ ਬਣਨ ਤੋਂ ਬਿਨਾਂ ਬੰਦਾ ਕਿਉਂ ਨਹੀਂ ਬਣਿਆ ਜਾ ਸਕਦਾ — ਇਸ ਸੰਦਰਭ ਵਿਚ ਵੀ ਲੇਖਕਾਂ ਨੂੰ ਆਪਣੀ ਕਲਪਨਾ ਅਤੇ ਅਨੁਭਵ ਦੇ ਘੋੜੇ ਦੌੜਾਉਣ ਦੀ ਜ਼ਰੂਰਤ ਹੈ। ਕੁਝ ਇਕ ਸਾਹਿਤਕਾਰਾਂ ਨੇ ਇਸ ਦ੍ਰਿਸ਼ਟੀ ਨੂੰ ਆਪਣੀ ਸਾਹਿਤ ਸਿਰਜਣਾ ਵਿਚ ਵਿਸ਼ੇਸ਼ ਥਾਂ ਦਿੱਤਾ ਹੈ ਅਤੇ ਇਉਂ ਉਨ੍ਹਾਂ ਨੇ ਸਥਿਤੀ ਦੀ ਜਟਿਲਤਾ ਦੇ ਪਿਛੇ ਕਾਰਜਸ਼ੀਲ ਅਸਲ ਕਾਰਨਾਂ ਤੀਕ ਪਹੁੰਚਦਿਆਂ ਇਸ ਨੂੰ ਸਹੀ ਦਿਸ਼ਾ ਵਿਚ ਤੋਰਨ ਦਾ ਉਪਰਾਲਾ ਵੀ ਪੇਸ਼ ਕੀਤਾ ਹੈ :

ਮੈਂ ਇਕ ਇਕ ਕਰ ਕੇ ਆਪਣੇ ਸਾਰੇ ਝਰੋਖੇ ਬੰਦ ਕਰ ਰਿਹਾ ਹਾਂ
ਮੈਂ ਰੋ ਰਿਹਾ ਹਾਂ — ਮੈਂ ਇਕੱਲਾ ਹਾਂ — ਬੁੱਢਾ ਹਾਂ
ਤੁਸੀਂ ਮੇਰਾ ਜਿਸਮ ਵੇਚ ਲਓ
ਮੇਰੇ ਪਹਾੜ, ਦਰਿਆ, ਕਣਕ, ਸ਼ਹਿਰ ਸਭ ਕੁਝ
ਪਰ ਮੇਰੀ ਰੂਹ ਨੇਜ਼ਿਆਂ ਨਾਲ ਨਾ ਵਿੰਨੋਂ ਮੇਰੇ ਬੱਚਿਓ

(ਮਿੰਦਰ)

ਜਿਥੋਂ ਤੀਕ ਅੰਤਰਰਾਸ਼ਟਰੀ ਅਤੇ ਸਾਮਰਾਜੀ ਸ਼ਕਤੀਆਂ ਦੇ ਇਸ ਸਮੱਸਿਆ ਵਿਚ ਹੱਥ ਦਾ ਸਵਾਲ ਹੈ ਇਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਸਾਡੇ ਸਾਹਿਤਕਾਰਾਂ ਨੇ ਸਮੱਸਿਆ ਦੇ ਇਸ ਪਹਿਲੂ ਨੂੰ ਬਹੁਤ ਉਭਰਵੇਂ ਰੂਪ ਵਿਚ ਪੇਸ਼ ਨਹੀਂ ਕੀਤਾ। ਸੰਤੋਖ ਸਿੰਘ ਧੀਰ, ਹਰਿਭਜਨ ਹਲਵਾਰਵੀ, ਇਕਬਾਲ ਰਾਮੂਵਾਲੀਆ ਆਦਿ ਕਵੀਆਂ ਨੇ ਇਸ ਪਾਸੇ ਵੀ ਧਿਆਨ ਦਿੱਤਾ ਹੈ। ਇਕ ਗੱਲ ਅਕਸਰ ਮਹਿਸੂਸ ਹੁੰਦੀ ਹੈ ਕਿ ਸਾਹਿਤ ਦਾ ਘੇਰਾ ਕੀ ਹੈ ? ਜੇ ਸਾਹਿਤਕਾਰਾਂ ਨੇ ਸਾਥੀ ਸਾਹਿਤਕਾਰਾਂ ਨੂੰ ਆਪਣੇ ਵਿਚਾਰ ਪੜ੍ਹਾਉਣੇ ਹਨ ਤਾਂ ਇਸ ਨਾਲ ਸਮਾਜ ਦਾ ਕੁਝ ਨਹੀਂ ਸੰਵਰੇਗਾ। ਇਉਂ ਸਾਹਿਤ ਦੀ ਸੋਧ ਅਤੇ ਚੇਤਨਤਾ ਦੇ ਨਾਲ ਨਾਲ ਆਮ ਲੋਕਾਂ ਤੀਕ ਸਾਹਿਤਕਾਰਾਂ ਦੇ ਵਿਚਾਰਾਂ ਨੂੰ ਪਹੁੰਚਾਉਣ ਲਈ ਪਾਠਕਾਂ ਦੇ ਘੇਰੇ ਨੂੰ ਨਿਰੋਲ ਪੜ੍ਹੀ ਲਿਖੀ ਮੱਧ-ਸ਼੍ਰੇਣੀ ਦੀ ਸਰਦਾਰੀ ਵਿਚੋਂ ਕੱਢ ਕੇ ਇਸ ਨੂੰ ਆਮ ਜਨਤਾ ਤੀਕ ਵਿਸਤ੍ਰਿਤ ਕਰਨਾ ਵੀ ਸਾਹਿਤਕਾਰਾਂ ਦੀ ਇਕ ਹੋਰ ਜ਼ਿਮੇਂਵਾਰੀ ਹੈ।

ਸਬੰਧ

ਅੰਤ ਵਿਚ ਸਿਰਫ ਇਹ ਹੀ ਕਿਹਾ ਜਾ ਸਕਦਾ ਹੈ ਕਿ ਮੂਲ ਰੂਪ ਵਿਚ ਪੰਜਾਬ ਦੀ ਸਮੱਸਿਆ ਆਰਥਿਕ ਹੈ। ਇਸ ਆਰਥਿਕਤਾ ਨਾਲ ਇਸ ਰਾਜ ਦੇ ਲੋਕਾਂ ਦੀ ਧਰਮ, ਇਤਿਹਾਸ, ਸੰਸਕ੍ਰਿਤੀ ਅਤੇ ਰਾਜਨੀਤੀ ਆਦਿ ਦੇ ਆਪਸੀ ਦਵੰਦਾਤਮਕ ਸਬੰਧਾਂ ਵਿਚ ਹੀ ਉਨ੍ਹਾਂ ਦੇ ਜੀਵਨ ਦੀ ਗਤੀਸ਼ੀਲਤਾ ਨੂੰ ਸਮਝਿਆ ਜਾ ਸਕਦਾ ਹੈ। ਸਾਹਿਤਕਾਰ ਨੂੰ ਬਹੁਗਿਣਤੀ ਨੂੰ ਗਲਤ ਹੋਣ ਦੇ ਬਾਵਜੂਦ ਮਗਰ ਲਾਉਣ ਦੀ ਜ਼ਰੂਰਤ ਨਹੀਂ। ਉਸ ਨੇ ਪੂਰਣ ਸੁਹਿਰਦਤਾ ਨਾਲ 'ਸੱਚ' ਦੀ ਗੱਲ ਕਰਨੀ ਹੈ। ਸੱਚ ਜੋ ਚੋਰਾਂ ਅਤੇ ਸਾਧਾਂ ਦਾ, ਲੁਟੇਰਿਆਂ ਅਤੇ ਲੁੱਟੇ ਜਾਣ ਵਾਲਿਆਂ ਦਾ ਦੋਹਾਂ ਦਾ ਆਪਣਾ ਆਪਣਾ ਹੈ। ਪ੍ਰੰਤੂ ਇਹ ਲੇਖਕ ਦੇ ਤੀਸਰੇ ਨੇਤਰ ਨੇ ਫੈਸਲਾ ਕਰਨਾ ਹੈ ਕਿ ਉਹ ਇਤਿਹਾਸਕ ਵਿਕਾਸ ਦੀ ਤੋਰ ਨੂੰ ਅੱਗੇ ਲੈ ਜਾਣ ਵਾਲੇ ਸੱਚ ਦਾ ਸਮਰਥਕ ਹੈ ਜਾਂ ਇਤਿਹਾਸ ਦੇ ਪਹੀਏ ਨੂੰ ਪਿਛਾਂਹ ਖਿਚਣ ਵਾਲੀਆਂ ਸ਼ਕਤੀਆਂ ਦੇ ਸੱਚ ਦਾ ਬੁਲਾਰਾ ਹੈ :

ਜਿਸ ਤੇਗ ਦੀ ਘਾਟ ਗੁਰੂ ਉਤਰੇ
ਉਸ ਤੇਗ ਤੋਂ ਖੂਨ ਕਦੋਂ ਸੁਕਦਾ
ਦਸਤਾਰ ਸਜ਼ਾ ਕੇ ਆ ਜਾਵੇ
ਭਾਵੇਂ ਤਿਲਕ ਲਗਾ ਕੇ ਆ ਜਾਵੇ
ਔਰੰਗਜ਼ੇਬ ਅਸਾਂ ਤੋਂ ਕਦ ਲੁਕਦਾ।

ਦਸਤਾਰ ਅਤੇ ਤਿਲਕ ਦੇ ਪਰਦੇ ਹੇਠ ਛੁਪੇ ਔਰੰਗਜ਼ੇਬ ਨੂੰ ਪਛਾਨਣਾ ਅਤੇ ਇਸ ਦੀ ਪਛਾਣ ਲੋਕਾਂ ਨੂੰ ਕਰਵਾਉਣੀ ਹੀ ਸਾਹਿਤਕਾਰ ਦਾ ਕਰਤੱਵ ਹੈ, ਜਿਸ ਲਈ ਇਕ ਵੱਡੇ ਦਿਲ ਅਤੇ ਦਿਮਾਗ ਦੀ ਲੋੜ ਹੈ।

ਸਿੱਖ ਭਾਈਚਾਰੇ ਨੂੰ ਦਹਿਸ਼ਤਗਰਦ ਖਾਨਾਜੰਗੀ ਵੱਲ ਧੱਕੇ ਰਹੇ ਹਨ

ਨਵੀਂ ਦਿੱਲੀ — ਇਥੇ ਇਕ ਵਿਸ਼ੇਸ਼ ਮਿਲਣੀ ਸਮੇਂ ਇਕ ਪੱਤਰਕਾਰ ਨੂੰ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਕਿਹਾ ਕਿ ਸਚੀ ਗੱਲ ਤਾਂ ਇਹ ਹੈ ਕਿ ਸਿੱਖ ਭਾਈਚਾਰਾ ਅਜ ਆਪਸੀ ਖਾਨਾਜੰਗੀ ਵੱਲ ਧੱਕਿਆ ਜਾ ਰਿਹਾ ਹੈ। ਜੇਕਰ ਹੁਣ ਵੀ ਲੀਡਰਾਂ ਨੇ ਸਮਾਂ ਨਾ ਸੰਭਾਲਿਆ ਤਾਂ ਉਹ ਸਿੱਖ ਭਾਈਚਾਰੇ ਦਾ ਅਤੇ ਸਿੱਖ ਧਰਮ ਦਾ ਬਹੁਤ ਵੱਡਾ ਨੁਕਸਾਨ ਕਰਾਉਣ ਦੇ ਜ਼ਿਮੇਂਵਾਰ ਹੋਣਗੇ। ਉਹਨਾਂ ਕਿਹਾ ਕਿ ਅਜ ਸਿੱਖ ਸਿੱਖ ਨੂੰ ਮਾਰ ਰਿਹਾ ਹੈ। ਸਭ ਤੋਂ ਵੱਧ ਕਤਲ ਸਿੱਖਾਂ ਦੇ ਹੋ ਰਹੇ ਹਨ ਪਰ ਫਿਰ ਸਿੱਖਾਂ ਦੀਆਂ ਪ੍ਰਤੀਨਿਧ ਜਥੇਬੰਦੀਆਂ ਆਪਸ ਵਿਚ ਟਕਰਾ ਰਹੀਆਂ ਹਨ। ਇਕ ਸਵਾਲ ਦੇ ਜਵਾਬ ਵਿਚ ਉਮਰਾ ਨੰਗਲ ਨੇ ਕਿਹਾ ਕਿ ਅਕਾਲੀ ਲੀਡਰ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਕਾਂਗਰਸ ਨੇ ਖਾਸ ਕਰਕੇ ਇੰਦਰਾ ਗਾਂਧੀ ਤੇ ਗਿ: ਜ਼ੈਲ ਸਿੰਘ ਨੇ ਅਕਾਲੀਆਂ ਨੂੰ ਕਮਜ਼ੋਰ ਕਰਨ ਲਈ ਖੜ੍ਹਾ ਕੀਤਾ ਸੀ ਫਿਰ ਵੀ ਉਸ ਉਸਤੋਂ ਬਚਣ ਦੀ ਬਜਾਏ ਕਾਂਗਰਸ ਵਲੋਂ ਵਿਛਾਏ ਉਸ ਜਾਲ ਵਿਚ ਫਸਦੇ ਗਏ ਜਿਸ ਦਾ ਨਤੀਜਾ ਨੀਲਾ ਤਾਰਾ ਅਪਰੇਸ਼ਨ ਦੀ ਸ਼ਕਲ ਵਿਚ ਨਿਕਲਿਆ। ਫਿਰ ਸੰਤ ਭਿੰਡਰਾਂਵਾਲਾ ਕਹਿੰਦਾ ਰਿਹਾ ਕਿ ਪੁਲਸ ਉਸਦੀ ਲਾਸ਼ ਉਤੋਂ ਲੰਘ ਕੇ ਹੀ ਦਰਬਾਰ ਸਾਹਿਬ ਵਿਚ ਦਾਖਲ ਹੋਵੇਗੀ ਪਰ ਜਦੋਂ ਪੁਲਸ ਆਈ ਤਾਂ ਸੰਤ ਭਿੰਡਰਾਂਵਾਲਾ ਮੁੱਖ ਦਰਵਾਜ਼ੇ ਉਤੇ ਆਉਣ ਦੀ ਬਜਾਏ ਅਕਾਲ ਤਖਤ ਉਤੇ ਜਾ ਚੜ੍ਹਿਆ।

ਇਕ ਹੋਰ ਸਵਾਲ ਦੇ ਜਵਾਬ ਵਿਚ ਉਹਨਾਂ ਕਿਹਾ ਕਿ ਸਿੱਖ ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਨੇ ਅਕਾਲ ਤਖਤ ਦੀ ਸਥਾਪਨਾ ਤੋਂ ਬਾਅਦ ਜਿੰਨੀਆਂ ਲੜਾਈਆਂ ਲੜੀਆਂ ਦਰਬਾਰ ਸਾਹਿਬ ਤੋਂ ਬਾਹਰ ਹੀ ਲੜੀਆਂ। ਜਿਹੜੇ ਲੋਕ ਇਤਿਹਾਸ ਤੋਂ ਸਬਕ ਨਹੀਂ ਸਿਖਦੇ ਉਹ ਹੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਦੇ ਦੋਸ਼ੀ ਬਣਦੇ ਹਨ।

ਭਿੰਡਰਾਂਵਾਲਾ ਸ਼ਹੀਦ ਨਹੀਂ

ਜਦੋਂ ਜਥੇਦਾਰ ਉਮਰਾ ਨੰਗਲ ਤੋਂ ਪੁਛਿਆ ਗਿਆ ਕਿ ਕੀ ਸੰਤ ਭਿੰਡਰਾਂਵਾਲਾ ਸ਼ਹੀਦ ਹਨ ਤਾਂ ਉਤਰ ਵਿਚ ਉਹਨਾਂ ਕਿਹਾ ਕਿ ਧਾਰਮਿਕ ਜਜ਼ਬਾਤ ਵਿਚ ਉਹਨਾਂ ਨੂੰ ਸ਼ਹੀਦ ਕਿਹਾ ਜਾਂਦਾ ਹੈ ਪਰ ਜੇਕਰ ਨਿਰਪੱਖਤਾ ਨਾਲ ਦੇਖਿਆ ਜਾਵੇ ਤਾਂ ਇਹ ਸਮਝਣਾ ਕਠਿਨ ਨਹੀਂ। ਉਹ ਸਾਡੇ ਹਾਲਾਤ ਸਾਰੇ ਹਾਲਾਤ ਸੰਤਾਂ ਨੇ ਆਪ ਪੈਦਾ ਕੀਤੇ ਜਿਹਨਾਂ ਵਿਚ ਉਹਨਾਂ ਦੀ ਮੌਤ ਹੋਈ। ਸ਼੍ਰੋਮਣੀ ਕਮੇਟੀ ਤੇ ਅਕਾਲੀ ਲੀਡਰ ਉਦੋਂ ਕਿਥੇ ਸਨ ਜਦੋਂ ਸੰਤ ਭਿੰਡਰਾਂਵਾਲਾ ਹਾਲਾਤ ਨੂੰ ਵਿਵਾਦਪੂਰਨ ਬਣਾ ਰਹੇ ਸਨ। ਅਸਲ ਗੱਲ ਹੈ ਕਿ ਸਾਰੇ ਲੀਡਰ ਸੰਤ ਦੇ ਹਥਿਆਰਾਂ ਤੇ ਦਮਗਜਿਆਂ ਤੋਂ ਡਰਦੇ ਸਨ। ਬੰਦ ਕਮਰਿਆਂ ਵਿਚ ਉਸ ਵਿਰੁਧ ਗੱਲਾਂ ਕਰਦੇ ਸਨ ਪਰ ਬਾਹਰ ਗੱਲ ਕਹਿਣ ਦੀ ਉਹਨਾਂ ਵਿਚ ਹਿੰਮਤ ਨਹੀਂ ਸੀ। ਉਹਨਾਂ ਕਿਹਾ ਕਿ ਅੱਜ ਹਾਲਾਤ ਇਹ ਹੈ ਕਿ ਸਮਾਜ ਵਿਰੋਧੀ ਤੱਤੇ ਡਾਕੂ ਲੁਟੇਰੇ ਸੰਤ ਭਿੰਡਰਾਂਵਾਲੇ ਦਾ ਨਾਂ ਲੈ ਕੇ ਸਿੱਖਾਂ ਨੂੰ ਦੂਜਿਆਂ ਦੀਆਂ ਨਜ਼ਰਾਂ ਵਿਚ ਡੇਗਣ ਤੇ ਭਾਰਤੀ ਸਮਾਜ ਤੋਂ ਵੱਖ ਕਰਨ ਦੀ ਪੂਰੀ ਸ਼ਕਤੀ ਲਾ ਰਹੇ ਹਨ। ਕੀ ਇਹੋ ਸਿੱਖੀ ਹੈ ?

ਉਮਰਾਨੰਗਲ ਨੇ ਰਾਗੀ ਦਰਸ਼ਨ ਸਿੰਘ ਤੇ ਭਾਈ ਜਸਬੀਰ ਸਿੰਘ ਦੋਵਾਂ ਨੂੰ ਰੱਦ ਕਰਦਿਆਂ ਕਿਹਾ ਕਿ ਦੋਵੇਂ ਅਕਾਲ ਤਖਤ ਤੇ ਦਰਬਾਰ ਸਾਹਿਬ ਦੀ ਮਰਯਾਦਾ ਤੇ ਪਰੰਪਰਾ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਉਹਨਾਂ ਨੂੰ ਪਤਾ ਨਹੀਂ ਕਿ ਇਹ ਮਰਯਾਦਾ ਤੇ ਪ੍ਰੰਪਰਾ ਕੀ ਹੈ। ਜੇਕਰ ਹੁਣ ਲੀਡਰਾਂ ਨੇ ਵੇਲਾ ਨਾ ਸੰਭਾਲਿਆ ਤਾਂ ਸਿੱਖ ਹੋਰ ਡੂੰਘੀ ਖੱਡ ਵਿਚ ਡਿਗਦੇ ਜਾਣਗੇ।

ਗਰੌਸਰੀ ਦਾ ਰਾਜਾ

ਗਿੱਲ ਫੂਡਜ਼

GILL FOODS

ਦੀਵਾਲੀ ਮੁਬਾਰਕ !

ਬੀ. ਸੀ. ਖੰਡ	B.C. SUGAR	$5.99
ਬਦਾਮ	ALMONDS	$1.99
ਬਟਰ	Butter	$2.29
ਪਾਮ ਬਟਰ ਮਿਲਕ	Palm Butter Milk	79¢
ਸੋਨਾ ਰੋਟੀ ਆਟਾ/ਫਰੀਨ ਆਟਾ	FARINE ATTA SONA ROTI ATTA	$4.99 10 KG
ਬੀ. ਸੀ. ਗੰਢੇ	B.C. ONIONS	$6.99 50 lbs.

ਇਹ ਸੇਲ ਆਈਟਮਾਂ 'LIMIT WITH GREOCERY' ਹਨ

GILL FOODS 9273 Scott Rd. Delta Ph. 588-6216	**GILL FOODS** 10217 King George HWY Surrey Ph. 588-2404 (Plaza 102 ਵਿਚ ਹੈ)	**GILL FOODS** 7761 - 6 St. Burnaby Ph. 520-5809

ਪਰਦੇ ਵਾਲੀ ਪਾਇਲਟ

ਇਸਲਾਮਾਬਾਦ — ਉਹਦਾ ਨਾਂ ਹਾਲੇ ਗਿੰਨੀ ਰਿਕਾਰਡ ਬੁੱਕ ਵਿਚ ਨਹੀਂ ਆਇਆ ਪਰ ਇਕ ਦਿਨ ਜ਼ਰੂਰ ਸ਼ਾਮਲ ਹੋਏਗਾ ਕਿਉਂਕਿ ਪਾਕਿਸਤਾਨ ਦੀ ਇਹ ਕੁੜੀ ਸ਼ਾਇਦ ਸੰਸਾਰ ਦੀ ਇਕੋ ਇਕ ਕੁੜੀ ਹੈ ਜਿਹੜਾ ਪਰਦਾ ਕਰਦੀ ਹੈ, ਅਰਥਾਤ ਬੁਰਕਾ ਪਾਉਂਦੀ ਹੈ, ਪਰ ਜਿਸ ਨੇ ਕਮਰਸ਼ਲ ਪਾਇਲਟ ਲਸੰਸ ਹਾਸਲ ਕੀਤਾ ਹੈ। ਇਸ ਦੇ ਮੁਕਾਬਲੇ ਭਾਰਤ ਦੀ 22 ਸਾਲਾਂ ਦੀ ਹਰਪ੍ਰੀਤ ਗਰੇਵਾਲ ਭਾਰਤ ਦੀ ਪਹਿਲੀ ਲੜਕੀ ਹੈ ਜਿਸ ਨੇ ਪਾਇਲਟ ਦੇ ਤੌਰ 'ਤੇ ਏਅਰ ਇੰਡੀਆ ਵਿਚ ਜਹਾਜ਼ ਚਲਾਉਣੇ ਸ਼ੁਰੂ ਕਰ ਦਿੱਤੇ ਹਨ। ਪਰ ਦੋਹਾਂ ਵਿਚ ਫਰਕ ਸਿਰਫ ਇਹੀ ਹੈ ਕਿ ਹਰਪ੍ਰੀਤ ਗਰੇਵਾਲ ਜੀਨ ਅਤੇ ਟਾਪ ਪਹਿਨਦੀ ਹੈ।

ਵੀਹ ਸਾਲਾਂ ਦੀ ਉਸ ਦੀ ਪਾਕਿਸਤਾਨੀ ਸੰਗੀ ਸ਼ਾਹਨਾਜ਼ ਲੇਘਾਰੀ ਨੂੰ ਪਿੱਛੇ ਜਿਹੇ ਹੀ ਪਾਕਿਸਤਾਨ ਸਿਵਲ ਏਵੀਏਸ਼ਨ ਨੇ ਕਮਰਸ਼ਲ ਲਸੰਸ ਦਿੱਤਾ ਹੈ। ਉਹ ਸਿਰਫ ਬਾਹਰ ਹੀ ਬੁਰਕਾ ਪਾ ਕੇ ਨਹੀਂ ਰਖਦੀ ਸਗੋਂ ਹਵਾਈ ਜਹਾਜ਼ ਦੀ ਕਾਕਪਿਟ ਵਿਚ ਵੀ ਬੁਰਕਾ ਪਾਈ ਰੱਖਦੀ ਹੈ। ਕੀ ਇਸ ਨਾਲ ਉਡਾਣ ਭਰਨ ਵਿਚ ... ਆਉਂਦੀ ... ਇਹ ਪੁੱਛਣ 'ਤੇ ਸ਼ਾਹਨਾਜ਼ ਪਰਦੇ ਪਿੱਛੋਂ ਉੱਤਰ ਦਿੰਦੀ ... ਬਿਲਕੁਲ ਨਹੀਂ, ਸਗੋਂ ਇਸ ਨਾਲ ਮੇਰੇ ਅੰਦਰ ਇਕ ਨਵੀਂ ਕਿਸਮ ਦਾ ਹਮਲਾ ਤੇ ਵਿਸ਼ਵਾਸ ਪੈਦਾ ਹੁੰਦਾ ਹੈ।" ਉਸ ਨੂੰ ਬੁਰਕਾ ਪਾ ਕੇ ਜਹਾਜ਼ ਚਲਾਉਣਾ ਪਿਛਾਂਹ ਖਿਚੂ ਵੀ ਨਹੀਂ ਲਗਦਾ। "ਮੈਂ ਪਰਵਾਹ ਨਹੀਂ ਕਰਦੀ ਕਿ ਹੋਰ ਲੋਕ ਮੇਰੇ ਬਾਰੇ ਕੀ ਸੋਚਦੇ ਜਾਂ ਕਹਿੰਦੇ ਹਨ। ਮੈਂ ਇਕ ਨਿਸ਼ਾਨਾ ਮਿਥਿਆ ਹੋਇਆ ਹੈ ਅਤੇ ਉਸ ਨੂੰ ਪੂਰਾ ਕਰਨ ਲਈ ਦ੍ਰਿੜ ਸੰਕਲਪ ਹਾਂ। ਮੈਂ ਇਸ ਗੱਲ ਦੀ ਪਰਵਾਹ ਨਹੀਂ ਕਰਦੀ ਕਿ ਹੋਰ ਲੋਕ ਮੇਰੇ ਬਾਰੇ ਕੀ ਸੋਚਦੇ ਜਾਂ ਕਹਿੰਦੇ ਹਨ।"

ਉਹ ਫਿਰ ਕਹਿੰਦੀ ਹੈ: "ਘਰ ਦੇ ਅੰਦਰ ਚਾਰ ਦੀਵਾਰੀ ਅਤੇ ਘਰ ਦੇ ਬਾਹਰ ਬੁਰਕਾ ਔਰਤ ਦੀ ਸੁਰੱਖਿਆ ਲਈ ਸਭ ਤੋਂ ਬਿਹਤਰ ਹਥਿਆਰ ਹਨ। ਉਹ ਸੁਰੱਖਿਆ ਵੀ ਪ੍ਰਦਾਨ ਕਰਦੇ ਹਨ ਅਤੇ ਸਾਦਗੀ ਵੀ।" ਪਤਨੀ ਪਤੰਗ ਸ਼ਾਹਨਾਜ਼ ਉਡਾਣ ਸਮੇਂ ਬਹੁਤ ਰਾਹਤ ਮਹਿਸੂਸ ਕਰਦੀ ਹੈ ਅਤੇ ਕਿਸੇ ਤਰ੍ਹਾਂ ਵੀ ਘਬਰਾਉਂਦੀ ਨਹੀਂ ਪਰ ਮਸਜਿਦਾਂ ਅਤੇ ਮਕਬਰਿਆਂ ਉੱਤੋਂ ਦੀ ਉਡਦੇ ਸਮੇਂ ਉਹ ਕੁਝ ਘਬਰਾਉਂਦੀ ਹੈ। ਉਸ ਨੂੰ ਲਗਦਾ ਹੈ ਕਿ ਉਹ ਇਨ੍ਹਾਂ ਥਾਵਾਂ ਦੀ ਪਵਿੱਤਰਤਾ ਭੰਗ ਕਰ ਰਹੀ ਹੈ।

ਉਸ ਦਾ ਪਰਿਵਾਰ ਬੜਾ ਧਾਰਮਿਕ ਰੁਚੀਆਂ ਵਾਲਾ ਹੈ। ਉਸ ਦਾ ਪਿਤਾ ਸਰਦਾਰ ਨੂਰ ਮੁਹੰਮਦ ਖਾਨ ਲੇਘਾਰੀ ਮੁਲਤਾਨ ਦਾ ਮਸ਼ਹੂਰ ਜਗੀਰਦਾਰ ਹੈ। ਉਸ ਦਾ ਭਰਾ ਸਲੀਮ ਲੇਘਾਰੀ ਇਕ ਸੱਜੇ ਪੱਖੀ ਸਿਆਸੀ ਪਾਰਟੀ ਦਾ ਧਾਰਮਿਕ ਮੁਖੀ ਹੈ ਸ਼ਾਹਨਾਜ਼ ਪੰਜੇ ਵਕਤ ਨਿਮਾਜ਼ ਪੜ੍ਹਦੀ ਹੈ ਅਤੇ ਰਮਜਾਨ ਦੇ ਸਾਰੇ ਮਹੀਨੇ ਦੌਰਾਨ ਵਰਤ ਰਖਦੀ ਹੈ ਪਰ ਉਸ ਦੇ ਧਾਰਮਿਕ ਫਰਜ਼ ਉਸ ਦੇ ਪੇਸ਼ੇ ਦੇ ਫਰਜ਼ਾਂ ਵਿਚ ਰੁਕਾਵਟ ਨਹੀਂ ਬਣਦੇ।

ਹਾਇਰ ਸੈਕੰਡਰੀ ਪਾਸ ਕਰਨ ਤੋਂ ਬਾਅਦ ਉਸ ਨੇ ਮੁਲਤਾਨ ਫਲਾਇੰਗ ਕਲੱਬ ਵਿਚ ਦਾਖਲਾ ਲੈ ਲਿਆ। ਦੋ ਸਾਲ ਤੱਕ ਸਖਤ ਮਿਹਨਤ ਕੀਤੀ ਅਤੇ 200 ਘੰਟੇ ਦੀ ਲਾਜ਼ਮੀ ਉਡਾਣ ਭਰੀ। ਅਤੇ ਇਸ ਮਾਮਲੇ ਵਿਚ ਉਸ ਦੀ 'ਪਿਕਅਪ' ਏਨੀ ਚੰਗੀ ਸੀ ਕਿ ਸਿਰਫ 13 ਘੰਟਿਆਂ ਬਾਅਦ ਹੀ ਉਸ ਨੇ ਪਹਿਲੀ ਵਾਰੀ ਇਕੱਲਿਆਂ ਉਡਾਣ ਭਰ ਲਈ। ਉਡਾਣ ਭਰਨਾ ਉਸ ਨੂੰ ਚੰਗਾ ਲਗਦਾ ਹੈ "ਮੇਰੀ ਇਛਾ ਸਿਰਫ ਉਡਣਾ ਸਿਖਣਾ ਸੀ, ਕਮਰਸ਼ਲ ਪਾਇਲਟ ਬਣਨਾ ਨਹੀਂ।"

ਤਾਂ ਫਿਰ ਉਸ ਦੇ ਅਗੋਂ ਇਰਾਦੇ ਕੀ ਹਨ? ਇਸ ਸਵਾਲ ਦੇ ਜਵਾਬ ਵਿਚ ਉਹ ਕਹਿੰਦੀ ਹੈ ਕਿ ਉਹ ਵਿਦੇਸ਼ਾਂ ਵਿਚ ਜਾ ਕੇ ਹੈਲੀਕਾਪਟਰ ਚਲਾਉਣਾ ਸਿੱਖਣਾ ਚਾਹੁੰਦੀ ਹੈ ਕਿਉਂਕਿ ਇਸ ਤਰ੍ਹਾਂ ਦੀਆਂ ਸਹੂਲਤਾਂ ਪਾਕਿਸਤਾਨ ਵਿਚ ਨਹੀਂ ਹਨ। ਕਮਰਸ਼ਲ ਪਾਇਲਟ ਲਸੰਸ ਦੀ ਟਰੇਨਿੰਗ ਲਈ ਉਸ ਨੂੰ ਬਹੁਤ ਖਰਚ ਕਰਨਾ ਪਿਆ। ਕੁੱਲ ਖਰਚਾ ਤਿੰਨ ਲੱਖ ਦੇ ਕਰੀਬ ਆਇਆ। ਇਸ ਵਿਚੋਂ ਕੁਝ ਹਿੱਸਾ ਉਸ ਦੇ ਮਾਪਿਆਂ ਵਲੋਂ ਮਿਲਦੇ ਜੇਬ ਖਰਚ ਵਿਚੋਂ ਪਾਇਆ।

"ਹਵਾਈ ਉਡਾਣਾਂ ... ਮਨਪਰਚਾਵਾ ... ਲਈ ... ਕਿ ਔਰਤਾਂ ਲਈ ਇਕ ਵੱਖਰੀ ਸਸਥਾ ਸ਼ੁਰੂ ਕਰਾਂ ਜਿਥੇ ਮੁਫਤ ਟਰੇਨਿੰਗ ... ਅਤੇ ਪੁਸਤਕਾਂ ਉਪਲਬਧ ਹੋਣਗੀਆਂ।" ਉਹ ਇਕ ਐਮਰਜੈਂਸੀ ਹਸਪਤਾਲ ... ਖੋਲ੍ਹਣਾ ਚਾਹੁੰਦੀ ਹੈ ਜਿਸ ਵਿਚ ਹੈਲੀਕਾਪਟਰ ਤੇ ਹਵਾਈ ਜਹਾਜ਼ ਹੋਣ ਤਾਂ ਜ ਡਾਕਟਰ ਅਤੇ ਦਵਾਈਆਂ ਉਨ੍ਹਾਂ ਦੂਰ ਦੁਰਾਡੇ ਇਲਾਕਿਆਂ ਵਿਚ ਪਹੁੰਚਾਈਆਂ ਜਾ ਸਕਣ ਜਿਥੇ ... ਰਾਹੀਂ ਜਾਣਾ ਮੁਸ਼ਕਲ ਹੁੰਦਾ ਹੈ।

ਬੁਰਕੇ ਵਾਲੀ ਇਹ ਪਾਇਲਟ ਬਹੁਤ ਅਛੀ ਬਾਵਰਚੀ ਹੈ ਅਤੇ ... ਨਾਲ ਬੈਡਮਿੰਟਨ ਦੀ ਬਹੁਤ ਚੰਗੀ ਖਿਡਾਰਨ ਹੈ। ਉਸ ਦਾ ਸਭ ਤੋਂ ਵੱਡਾ ਗੁਣ ਉਸ ਦਾ ਦ੍ਰਿੜ ਨਿਸ਼ਚਾ ਹੈ। ਇਸ ਲਈ ਉਸ ਤੋਂ ਨਵੇਂ ਹੰਭਲੇ ਵਿਚ ਵੀ ਸਫਲਤਾ ਦੀ ਆਸ ਕੀਤੀ ਜਾ ਸਕਦੀ ਹੈ।



ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ

ਮੇਹਰ ਸਿੰਘ ਸੰਧੂ, ਵੈਨਕੂਵਰ

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿਰ ਢਕ ਕੇ ਜਾਣ ਨਾਲ ਹੀ ਗੁਰੂ ਦਾ ਸਤਿਕਾਰ ਹੈ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ 1935 ਵਿਚ ਅਮਰੀਕਾ ਕੈਨੇਡਾ ਆਦਿ ਦੇਸ਼ਾਂ ਵਿਚ ਚਿਰ ਤੋਂ ਰਹਿੰਦਿਆਂ ਸਿੱਖਾਂ ਨੂੰ ਗੁਰਦੁਆਰੇ ਵਿਚ ਉਚੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ, ਆਪ ਨੀਵੇਂ ਕੁਰਸੀਆਂ, ਬੈਂਚਾਂ ਆਦਿ ਉਤੇ ਬੈਠਣ ਦੀ ਪਰਵਾਨਗੀ ਦਿੱਤੀ ਸੀ। ਇਸ ਵਿਚ ਕੋਈ ਮਾੜੀ ਗੱਲ ਨਹੀਂ ਸੀ। ਪਰ ਪਿਛੇ ਜਿਹੇ ਚਾਲੀ ਪੰਜਾਹ ਸਾਲਾਂ ਮਗਰੋਂ ਇਕ ਕਮੇਟੀ ਨੇ ਕਿਸੇ ਦੇ ਕਹੇ ਕਹਾਏ ਇਹ ਪਰਵਾਨਗੀ ਬਦਲ ਦਿੱਤੀ ਹੈ। ਇਸ ਸੰਬੰਧ ਵਿਚ ਹੱਦੋਂ ਵਧ ਕੇ ਵਿਰੋਧ ਹੋਇਆ ਪਰ ਕਿਸੇ ਨੇ ਵੀ ਇਹ ਵਿਚਾਰ ਨਹੀਂ ਕੀਤਾ ਕਿ ਇਸ ਵਿਚ ਸਿਖ ਧਰਮ ਦੇ ਕਿਸ ਨਿਯਮ ਦਾ ਭੰਗ ਹੈ। ਗੁਰੂ ਗ੍ਰੰਥ ਸਾਹਿਬ ਦਾ ਪੂਰਾ ਆਦਰ ਸਤਿਕਾਰ ਹੈ।

ਸਤਿਕਾਰ ਵਜੋਂ ਸਿਰ ਢਕਣ ਉਤੇ ਬਹੁਤ ਜ਼ੋਰ ਨਹੀਂ ਦੇਣਾ ਚਾਹੀਦਾ, ਗੁਰਮਤਿ ਵਿਚ ਸਿਰਫ ਸੇਧਾਂ ਹਨ ਬਾਰੀਕੀਆਂ ਦੇਸ਼ ਕਾਲ ਦੀ ਲੋੜ ਅਨੁਸਾਰ ਨੀਯਤ ਕੀਤੀਆਂ ਜਾ ਸਕਦੀਆਂ ਹਨ ਤੇ ਉਨ੍ਹਾਂ ਵਿਚ ਤਰਮੀਮ, ਵਾਧਾ ਘਾਟਾ ਵੀ ਕੀਤਾ ਜਾ ਸਕਦਾ ਹੈ ਸਗੋਂ ਕੀਤਾ ਜਾਣਾ ਚਾਹੀਦਾ ਹੈ। ਸ: ਸੰਤੋਖ ਸਿੰਘ ਜੀ ਇਕ ਲੇਖ ਵਿਚ ਲਿਖਦੇ ਹਨ ... ਮੈਂ ਬਾਣੀ ਬੀੜ ਦੀ ਥਾਂ, ਸ਼ਬਦਾਰਥ ਦੀਆਂ ਸੈਂਚੀਆਂ ਤੋਂ ਪੜ੍ਹਦਾ ਹਾਂ। ਘਰ ਵਿਚ ਮੈਂ ਦਸਤਾਰ ਘੱਟ ਹੀ ਬੰਨ੍ਹਦਾ ਹਾਂ। ਕਈ ਵਾਰ ਬਾਣੀ ਪੜ੍ਹਦੇ ਸਮੇਂ ਮੈਂ ਨੰਗੇ ਸਿਰ ਵੀ ਹੁੰਦਾ ਹਾਂ। ਪ੍ਰੇਮ ਪੂਰਵਕ ਬਾਣੀ ਪੜ੍ਹਦੇ ਸਮੇਂ ਸਿਰ ਕੱਜਣ ਜਾਂ ਨਾ ਕੱਜਣ ਦਾ ਅਹਿਸਾਸ ਹੀ ਨਹੀਂ ਹੁੰਦਾ। ਜੇ ਕਿਸੇ ਬਜ਼ੁਰਗ ਦੇ ਘਰ ਆਉਣ ਕਰਕੇ ਮੈਂ ਕਦੀ ਸਿਰ ਉਤੇ ਪੱਗ ਲਪੇਟ ਲੈਂਦਾ ਹਾਂ ਤਾਂ ਉਹ ਸਭਿਅਤਾ ਕਰਕੇ ਹੁੰਦਾ ਹੈ। ਇਸ ਵਿਚ ਥੋੜੀ ਦੁਨੀਆਂਦਾਰੀ ਦੀ ਲੇਸ ਹੁੰਦੀ ਹੈ, ਘਰ ਆਇਆ ਇਹ ਮਹਿਸੂਸ ਨਾ ਕਰੇ ਕਿ ਮੈਂ ਉਸ ਦਾ ਸਤਿਕਾਰ ਨਹੀਂ ਕੀਤਾ ਪਰ ਜਦੋਂ ਗੁਰਬਾਣੀ ਦੇ ਰਸਤੇ ਗੁਰੂ ਦੀ ਸੰਗਤ ਕਰਨ ਲਈ ਮੇਰਾ ਦਿਲ ਕਰੇ ਤਾਂ ਪ੍ਰੇਮ ਤੇ ਸ਼ਰਧਾ ਦੇ ਨਿਯਮ ਤੋਂ ਬਿਨਾਂ ਕਿਸੇ ਦੀ ਸਭਿਅਤਾ ਦੇ ਬਾਹਰਲੇ ਅਸੂਲਾਂ ਦੀ ਮੈਂ ਪਰਵਾਹ ਨਹੀਂ ਕਰਦਾ। ਮੇਰੇ ਮਨ ਵਿਚ ਖਿਆਲ ਨਹੀਂ ਆਉਂਦੇ ਕਿ ਮੈਂ ਕੁਰਸੀ ਉਤੇ ਬੈਠਾ ਹਾਂ, ਪੈਰੀਂ ਬੂਟ ਹਨ ਜਾਂ ਸਿਰੋਂ ਨੰਗਾ ਹਾਂ। ਇਸੇ ਤਰ੍ਹਾਂ ਗੁਸਲਖਾਨੇ (Bath room) ਵਿਚ ਹੱਥ ਗੰਦੇ ਹੋਣ ਤਾਂ ਵੀ ਸਤਿਨਾਮ ਵਾਹਿਗੁਰੂ ਦਾ ਜਪ ਜਾਂ ਪਾਠ ਕਰਦੇ ਰਹਿਣ ਵਿਚ ਕੋਈ ਮਾੜੀ ਗੱਲ ਨਹੀਂ।

ਹਰਿ ਨਿਰਮਲਾ ਤਿਸ ਮੈਲ ਨ ਲਾਗੈ।

ਬਾਣੀ, ਨਾਮ, ਸਿਮਰਨ ਦਾ ਪਿਆਰ ਮਨ ਨਾਲ, ਆਤਮਾ ਨਾਲ ਸੰਬੰਧਤ ਹੈ, ਜਿਸ ਲਈ ਬਾਹਰਲਾ ਦਿਖਾਵਾ ਕੋਈ ਅਰਥ ਨਹੀਂ ਰੱਖਦਾ। ਅਕਾਲ ਪੁਰਖ ਘਟ ਘਟ ਦੀ ਜਾਣਦਾ ਹੈ, ਸਭ ਦਾ ਸੁਆਮੀ, ਰਾਖਾ, ਪੈਜ ਰੱਖਣ ਵਾਲਾ ਹੈ।

ਜਿਨ੍ਹਾਂ ਕੌਮਾਂ ਵਿਚ ਟੋਪੀ ਲਾਹ ਕੇ ਮਿਲਣਾ ਸਤਿਕਾਰ ਦੀ ਨਿਸ਼ਾਨੀ ਹੈ, ਕੀ ਉਹ ਉਹਨਾਂ ਨੂੰ ਮਿਲਣੋਂ ਨਾਂਹ ਕਰ ਦੇਵੇਗਾ?

ਅਸੀਂ ਉਸ ਅਨੰਤ, ਅਸੀਮ ਨੂੰ ਕੇਸੀਆਂ ਛੋਟੀਆਂ ਛੋਟੀਆਂ ਵਲਗਣਾਂ ਵਿਚ ਬੰਦ ਕਰ ਰਹੇ ਹਾਂ। ਇਹ ਹਰ ਕਿਸੇ ਦੀ ਆਪਣੀ ਤਰਬੀਤ ਅਨੁਸਾਰ ਹੈ। ਮੈਂ ਸਾਧ ਸੰਗਤ ਵਿਚ ਪ੍ਰਚਲਤ ਮਰਿਆਦਾ ਦੀ ਪਾਲਣਾ ਦੇ ਖਿਲਾਫ ਨਹੀਂ। ਪਰ ਇਹ ਮਰਿਆਦਾ ਦੇਸ਼, ਕਾਲ, ਹਾਲਾਤ ਮੁਤਾਬਕ ਬਦਲੀ ਜਾ ਸਕਦੀ ਹੈ। ਗੁਰੂ ਨਾਨਕ ਸਾਹਿਬ ਤੋਂ ਅੱਜ ਤੱਕ ਬਾਹਰਲੀ ਮਰਿਆਦਾ ਵਿਚ ਕਾਫੀ ਵਿਕਾਸ ਹੋਇਆ ਹੈ ਪਰ ਅੰਦਰਲੀ ਨਾਮ ਦੀ ਮਰਿਆਦਾ ਅਟੱਲ ਹੈ।

ਉਹ ਸਾਰਿਆਂ ਦੇ ਦਿਲਾਂ ਦਾ ਮਾਲਕ ਘਟ ਘਟ ਦੀ ਜਾਨਣ ਵਾਲਾ ਦਿਲਾਂ ਦੀ ਪਰਖ ਕਰਦਾ ਹੈ। ਜੇ ਦਿਲੀ ਸਤਿਕਾਰ ਨਹੀਂ, ਤਾਂ ਬਾਹਰਲੇ ਵਿਖਾਵਿਆਂ ਨਾਲ ਉਹ ਪ੍ਰਸੰਨ ਹੋਣ ਵਾਲਾ ਨਹੀਂ। ਮੈਂ ਤਾਂ ਦਸਤਾਰ ਬੰਨ੍ਹਦਾ ਹੀ ਤਦ ਹਾਂ ਜੇ ਬਾਹਰ ਜਾਣਾ ਹੋਵੇ, ਘਰ ਵਿਚ ਮੈਂ ਕਦੀ ਦਸਤਾਰ ਬੰਨ੍ਹੀ ਹੀ ਨਹੀਂ। ਦਸਤਾਰ ਧਰਮ ਦਾ ਅੰਗ ਨਹੀਂ। ਜੇਠ ਹੜ੍ਹ ਦੀ ਗਰਮੀ ਵਿਚ ਜਾਂ ਸਾਵਣ ਭਾਦੋਂ ਦੇ ਹੁੰਮਸ ਵਿਚ ਕਿਸ ਦਾ ਦਿਲ ਸਿਰ ਨੂੰ ਹਵਾ ਲਗਾਣ ਲਈ ਨਹੀਂ ਕਰਦਾ?

ਬਹੁ ਭੇਖ ਕੀਆ ਦੇਹੀ ਦੁਖ ਦੀਆ
ਸਹੁਵੇ ਜੀਆ ਆਪਣਾ ਕੀਆ। (467)

ਭੇਖੀ ਅਗਿਨ ਨ ਬੁਝਈ ਚਿੰਤਾ ਹੈ ਮਨ ਮਾਇ
ਵਰਮੀ ਮਾਰੀ ਸਾਪ ਨ ਮਰੈ ਤਿਓ ਨਿਗੁਰੇ ਕਰਮ ਕਮਾਇ।

ਸੰਤ ਰਣਧੀਰ ਸਿੰਘ ਜੀ ਦੇ ਜੱਥੇ ਦੀਆਂ ਬੀਬੀਆਂ ਕੇਸਕੀ ਬੰਨ੍ਹਦੀਆਂ ਹਨ ਪਰ ਇਸ ਸੰਬੰਧੀ ਕੋਈ ਬੜੀ ਪ੍ਰਚਲਤ ਰਵਾਇਤ ਸਿੱਖਾਂ ਵਿਚ ਨਹੀਂ। ਫਿਰ ਕਿਉਂ ਕਈ ਸੰਤ ਰਣਧੀਰ ਸਿੰਘ ਦੇ ਪ੍ਰੇਮੀ ਇਥੋਂ ਤਕ ਜਾਂਦੇ ਹਨ ਕਿ ਗੁਰਦੁਆਰੇ ਜਾਂ ਦੀਵਾਨ ਵਿਚ ਹੋਰਨਾਂ ਦੇ ਹੱਥੀਂ ਬਣਿਆ ਕੜਾਹ ਪ੍ਰਸ਼ਾਦ ਵੀ ਨਹੀਂ ਲੈਂਦੇ। ਕਿਉਂ?

ਕਿਸੇ ਨੇ ਸੱਚ ਲਿਖਿਆ ਹੈ ਕਿ ਆਮ ਲੋਕਾਂ ਲਈ ਧਰਮ ਦਾ ਮਤਲਬ ਨਿਰਾ ਰਸਮਾਂ ਤੇ ਰੀਤਾਂ ਦਾ ਪਾਲਣ ਤੇ ਧਾਰਮਿਕ ਅਸੂਲਾਂ ਨੂੰ ਬਿਨਾਂ ਸੋਚੇ ਸਮਝੇ ਅਪਨਾਉਣਾ ਹੈ।

ਬਹੁਤੇ ਅਜਿਹੇ ਲੋਕ ਜਿਹੜੇ ਧਰਮ ਦੇ ਬਾਹਰਲੇ ਰੂਪ ਅਪਣਾਂਦੇ, ਆਪਣੇ ਧਾਰਮਕ ਵਿਸ਼ਵਾਸ਼ਾਂ ਦਾ ਮੁਜ਼ਾਹਰਾ (ਜਲੂਸ) ਕਰਦੇ ਹਨ, ਅਸਲ ਵਿਚ ਉਹ ਆਪਣੇ ਜੀਵਨ ਨੂੰ ਉਨ੍ਹਾਂ ਅਸੂਲਾਂ ਉਤੇ ਨਹੀਂ ਢਾਲਦੇ ਜਿਨ੍ਹਾਂ ਦਾ ਉਹ ਪਰਚਾਰ ਕਰਦੇ ਹਨ।

ਆਖਰ ਗੁਰੂ ਦੇ ਸਤਿਕਾਰ, ਸਿਰ ਢਕਣ ਦਾ ਮਸਲਾ ਬਹੁਤਾ ਬੁਨਿਆਦੀ ਨਹੀਂ। ਇਸ ਦਾ ਸੰਬੰਧ ਦੇਸ ਕਾਲ ਦੇ ਰਿਵਾਜ ਨਾਲ ਹੈ। ਧਰਮ ਅਤੇ ਸਭਿਅਤਾ ਵਿਚ ਫਰਕ ਸਮਝਣਾ ਚਾਹੀਦਾ ਹੈ। ਦੋਹਾਂ ਨੂੰ ਅਸੀਂ ਬਹੁਤ ਰਲ-ਗਡ ਕਰਦੇ ਹਾਂ। ਗੁਰੂ ਦਾ ਅਸਲ ਸਤਿਕਾਰ, ਸਿਰ ਢਕਣ, ਮੱਥਾ ਟੇਕਣ, ਨੀਵੇਂ ਬੈਠਣ, ਚੌਰ ਕਰਨ ਵਿਚ ਨਹੀਂ। ਇਹ ਪੰਜਾਬ ਦੇਸ਼ ਦੀ ਸਭਿਅਤਾ ਹੈ।

ਅਸਲ ਸਤਿਕਾਰ ਗੁਰੂ ਦੀ ਸਿਖਿਆ ਦਾ ਪਾਲਣ ਹੈ।

ਜੇ ਦੋ ਭਰਾਵਾਂ ਵਿਚੋਂ ਇਕ ਪਿਤਾ ਦੇ ਚਰਨੀਂ ਹੱਥ ਲਾਂਦਾ, ਜੱਫੇ ਮਾਰਦਾ ਤੇ ਹੋਰ ਕਈ ਖੇਖਣ ਕਰਦਾ ਹੈ ਪਰ ਪਿਤਾ ਦਾ ਕਹਿਣਾ ਨਹੀਂ ਮੰਨਦਾ ਅਤੇ ਦੂਜਾ ਜ਼ਾਹਰਦਾਰੀ ਘੱਟ ਕਰਦਾ ਹੈ ਪਰ ਪਿਤਾ ਦੇ ਹੁਕਮ ਨੂੰ ਸਿਰ ਮੱਥੇ ਸਵੀਕਾਰਦਾ ਹੈ, ਤਾਂ ਆਪ ਹੀ ਦੱਸੋ ਪਿਤਾ ਨੂੰ ਕੌਣ ਪਿਆਰਾ ਹੋਵੇਗਾ?

ਆਖਰ ਸਤਿਕਾਰ ਵਜੋਂ ਸਿਰ ਕਜਣਾ ਸਭਿਅਤਾ ਹੀ ਹੈ, ਸਿੱਖ ਧਰਮ ਦਾ ਬੁਨਿਆਦੀ ਅਸੂਲ ਤਾਂ ਨਹੀਂ?

ਨੋਟ!

ਧਰਮ ਇਕ ਹੈ, ਕੌਮ ਇਕ ਹੈ। ਮਜ਼ਹਬ ਦੀ ਬੁਨਿਆਦ ਉਤੇ ਕੋਈ ਚੀਜ਼ ਨਹੀਂ ਹੋਣੀ ਚਾਹੀਦੀ। ਜਿੰਨੀਆਂ ਵੀ ਵੰਡਾਂ ਹੋਈਆਂ, ਉਹ ਸਭ ਮਜ਼ਹਬ ਦੇ ਕਾਰਨ, ਧਰਮ ਦੇ ਕਾਰਨ ਨਹੀਂ।

ਮਜ਼ਹਬ ਨੂੰ ਧਰਮ ਦਾ ਨਾਂ ਦੇਣਾ ਬਿਲਕੁਲ ਬੇ-ਬੁਨਿਆਦ ਹੈ, ਜਿੰਨੀ ਨਫਰਤ ਫੈਲੀ, ਕਤਲ ਹੋਏ, ਉਹ ਸਭ ਇਸੇ ਵਜ੍ਹਾ ਕਰਕੇ। ਮਜ਼ਹਬ ਇਕ ਖੂਬਸੂਰਤ ਜ਼ਾਤੀ ਚੀਜ਼ ਹੈ। ਜਿਵੇਂ ਸ਼ੇਅਰ ਹੈ:

ਇਸ ਸ਼ਹਿਰੇ ਬੇਚਿਰਾਗ ਮੇਂ ਤੂੰ ਜਾਏਗੀ ਕਹਾਂ।
ਐ ਸ਼ਬੇ ਫ਼ਿਰਾਕ ਤੁਝੇ ਘਰ ਹੀ ਲੇ ਚਲੂੰ।

ਇਹ ਹਾਲ ਸਾਡੇ ਮਜ਼ਹਬ ਦਾ ਹੈ, ਉਹ ਸਾਡੇ ਘਰਾਂ ਦੇ ਵਿਹੜਿਆਂ 'ਚੋਂ ਨਿਕਲ, ਗਲੀਆਂ 'ਚ ਫਿਰਨ ਲੱਗਾ ਹੈ। ਉਹਨੂੰ ਸਾਨੂੰ ਆਪਣੇ ਆਪਣੇ ਵਿਹੜਿਆਂ 'ਚ ਲੈ ਜਾਣਾ ਚਾਹੀਦਾ ਹੈ। ਇਹਦੀ ਜਗ੍ਹਾ ਮਨ ਅਤੇ ਮਸਤਕ ਵਿਚ ਹੈ, ਇਸ਼ਤਿਹਾਰਾਂ 'ਚ ਨਹੀਂ।

ਇਨਸਾਨ ਨੂੰ ਵਿਸ਼ਾਲ ਹੋਣਾ ਚਾਹੀਦਾ ਹੈ। ਧਰਮ ਹਮੇਸ਼ਾ ਇਕ ਹੁੰਦਾ ਹੈ। ਸ਼ੋਸ਼ਕਾਂ ਨੇ ਧਰਮ ਅਤੇ ਮਜ਼ਹਬ ਵਿਚ ਉਲਝਣ ਪੈਦਾ ਕਰ ਦਿੱਤੀ ਹੈ। ਇਹ ਇਨਸਾਨ ਦੇ ਜਜ਼ਬਾਤਾਂ ਦਾ ਸ਼ੋਸ਼ਣ ਹੈ। ਆਪਣੇ ਆਪਣੇ ਵਿਸ਼ਵਾਸ ਨਾਲ ਕੋਈ ਕਿੰਝ ਵੀ ਰਵ੍ਹੇ, ਕਿੰਝ ਵੀ ਕੱਪੜੇ ਪਾਵੇ, ਪੂਜਾ ਪਾਠ ਕਰੇ, ਇਹ ਸਭ ਉਸ ਦਾ ਨਿੱਜੀ ਮਸਲਾ ਹੋਣਾ ਚਾਹੀਦਾ ਹੈ। ਜਦ ਤਕ ਧਰਮ, ਮਨ ਦੀ ਅਵਸਥਾ ਨਹੀਂ ਬਣੇਗਾ ਤਦ ਤਕ ਦੰਗੇ, ਫਸਾਦ, ਬਟਵਾਰੇ, ਸਾਂਪਰਦਾਇਕ ਝਗੜੇ ਹੁੰਦੇ ਰਹਿਣਗੇ। ਸਭ ਨੂੰ ਪਹਿਲਾਂ ਇਨਸਾਨ ਬਣਨਾ ਚਾਹੀਦਾ ਹੈ। ਅਸੀਂ ਮਨੁੱਖ ਨੂੰ ਛੋਟਾ ਬਣਾ ਦਿੱਤਾ ਹੈ ਧਰਮ ਕਦੀ ਇਨਸਾਨ ਨੂੰ ਛੋਟਾ ਨਹੀਂ ਬਣਾਉਂਦਾ।

(ਅੰਮ੍ਰਿਤਾ ਪ੍ਰੀਤਮ)

ਬਦਨਾਮ ਹਵਾ

ਹਰਭਜਨ ਸਿੰਘ ਹੁੰਦਲ

ਮੇਰਾ ਪਿੰਡ ਛੂਹ ਕੇ ਲੰਘੀ, ਫਿਰ ਬਦਨਾਮ ਹਵਾ।
ਲੰਘਦੀ ਹੋਈ ਵਿਹੜੇ ਵਿਹੜੇ, ਤੁਰ ਗੀ ਧੂੜ ਉਡਾ।

ਗਲੀਆਂ ਕੋਲੋਂ ਰੌਣਕ ਖੋਹੀ, ਪੈਰਾਂ ਕੋਲੋਂ ਨਾਚ
ਬੋਚਿਆਂ ਕੋਲੋਂ ਖੋਹ ਖੜਿਆ ਹੈ, ਚਹਿਕਣ ਦਾ ਉਤਸ਼ਾਹ

ਕਿੱਥੋਂ ਚੱਲੀ, ਕਿਸ ਨੇ ਘੱਲੀ, ਜ਼ਹਿਰ ਘੋਲਿਆ ਕਿੰਝ!
ਜਾਂਦੀ ਹੋਈ ਕਿਸ ਦਰਵਾਜ਼ੇ, ਦੋਸ਼ ਗਈ ਚਿਪਕਾ?

ਜਿੱਧਰ ਜਾਵੇ, ਵਰ੍ਹਦੀ ਜਾਵੇ, ਮਾਤਮ ਦੀ ਬਰਸਾਤ
ਮੜੀਆਂ ਵਿਚ ਅਰਾਮ ਕਰੇ, ਇਹ ਕਬਰੀਂ ਕਰੇ ਪੜਾ।

ਕਲਜੋਗਣ ਨੇ ਅੱਗ ਲਾਉਣ ਦੇ, ਚਾਰੇ ਤਾਂ ਕਈ ਕੀਤੇ
ਇਹ ਮਿੱਟੀ, ਪਰ ਕੈਸੀ ਮਿੱਟੀ, ਕਰ ਗਈ ਫੇਰ ਬਚਾ।

ਤੂੰ ਸਰਘੀ ਨੂੰ, ਜਾਂ ਸੱਤਰੰਗੀ ਜਾਂ ਖੁਸ਼ਬੂ ਨੂੰ ਸੱਦ
ਜੇ ਕੋਈ ਵੀ ਨਾ ਬਹੁੜੇਗੀ, ਕਵਿਤਾ ਨੂੰ ਸਦਵਾ।

ਹਰਦਿਆਲ ਕੇਸ਼ੀ

ਚਲੋ! ਬੱਚਿਆਂ ਲਈ ਵਸਦੇ ਘਰਾਂ ਦੇ ਅੰਗਣੇ ਬਣੀਏ!
ਕਿ ਜ਼ਖ਼ਮੀ ਪੰਛੀਆਂ ਦੀ ਠਹੁਰ ਖਾਤਰ ਆਲ੍ਹਣੇ ਬਣੀਏ।

ਅਸਾਂ ਖ਼ੁਦ ਫੈਸਲਾ ਕਰਨਾ ਹੈ ਕਿ ਬਣਨਾ ਅਸਾਂ ਕੀ ਹੈ,
ਨਹੀਂ ਮਨਜ਼ੂਰ ਕਿ ਕਠਪੁਤਲੀਆਂ ਤੇ ਛਣਕਣੇ ਬਣੀਏ।

ਅਸ਼ੀਂ ਗੈਰਾਂ ਦੇ ਆਖੇ ਲੱਗ ਕੇ ਗੈਰਾਂ ਦੇ ਹੋਏ ਸਾਂ,
ਤੇ ਹੁਣ ਅਪਣੇ ਹੀ ਆਖੇ ਲੱਗ ਕੇ ਬਸ ਆਪਣੇ ਬਣੀਏ।


ਅਸੀਂ ਵਣ ਹੀ ਸਹੀ ਫੁੱਲਾਂ ਸਹਾਰੇ ਸਜ ਵੀ ਸਕਦੇ ਹਾਂ,
ਜੇ ਫੁੱਲਾਂ ਵਾਲੀਆਂ ਵੇਲਾਂ ਲਈ ਸਾਵੇ ਤਣੇ ਬਣੀਏ।

ਜੋ ਮਾੜਾ ਹੋ ਰਿਹੈ ਜੀ ਭਰ ਕੇ ਉਸਨੂੰ ਆਖੀਏ ਮਾੜਾ,
ਸਮੇਂ ਦੀ ਮੰਗ ਹੈ ਯਾਰੋ ਨਾ ਏਨੇ ਮੀਸਣੇ ਬਣੀਏ।

ਰਤਾ ਸੁਣਿਓ! ਕਿ ਮੇਰੀ ਅਕਲ ਅੱਜ ਦਿਲ ਨੂੰ ਪਈ ਆਖੇ,
ਕਿ ਇਕੋ ਹੋਵੀਏ ਆਪਾਂ ਨਾ ਐਵੇਂ ਦੋ ਜਣੇ ਬਣੀਏ।

o

Two income families.



Will your lifestyle survive on one income?
Ask about a new life insurance policy that will provide your spouse with an income which increases annually to help offset inflation.

SATISH KUMAR B.A., LL.B.

Ph. 681-5321, Res. 594-2598

500 One Bentall Centre
505 Burrard St.
Vancouver, B.C. V7X 1B2.

SunLife OF CANADA

ਟੇਲਰ ਦੀ ਲੋੜ


ਈਸਟ ਇੰਡੀਅਨ ਲੇਡੀਜ਼ ਦੇ ਕਸਟਮ-ਮੇਡ ਸੂਟ ਬਨਾਉਣ ਲਈ ਇਕ ਟੇਲਰ ਦੀ ਲੋੜ ਹੈ। ਘੱਟੋ ਘੱਟ ਤਿੰਨ ਸਾਲ ਦਾ ਤਜਰਬਾ ਜ਼ਰੂਰੀ ਹੈ। ਤਨਖਾਹ ਵਧੀਆ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਫੋਨ ਕਰੋ :

ਪੰਜਾਬ ਟੇਲਰ ਵਿੰਨੀਪੈਗ

ਫ਼ੋਨ : 204-632-5965

PAUL'S PLUMBING, ELECTRICAL & HEATING SUPPLY





Plumbing & Bathroom Fixtures & Supplies
Hot Water Tanks
Hot Water Heating & Supplies
And Instalations

We cut and thread galvanized pipe
We Cut keys also.

"Free customer parking at rear"

4578 Main St., At 30th Ave., Vancouver, B.C.

OPEN SUNDAYS

Sales: 872-3118
Service: 872-7227
HINDI, Punjabi Spoken

ਮੈਟਰੀਮੋਨੀਅਲ

ਵਰ ਦੀ ਲੋੜ

ਜੱਟ ਸਿੱਖ ਘਰਾਣੇ ਦੀ 18 ਸਾਲ ਦੀ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਬੀ. ਐਸ. ਸੀ. ਪਾਰਟ ਵਨ ਦੀ ਵਿਦਿਆਰਥਣ ਹੈ ਲੜਕੀ ਦਾ ਕੱਦ ਪੰਜ ਫੁੱਟ ਦੋ ਇੰਚ ਹੈ। ਖੂਬਸੂਰਤ ਤੇ ਕੰਮ ਕਾਜ ਵਿਚ ਸੁਚੱਜੀ ਹੈ। ਪਿਤਾ ਪੰਜਾਬ ਵਿਚ ਹੈਡਮਾਸਟਰ ਹੈ ਅਤੇ ਇਸ ਪ੍ਰਵਾਰ ਦੇ ਸਾਰੇ ਸੰਬੰਧੀ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਹਨ।

ਖਤ ਇਸ ਪਤੇ ਉਤੇ ਲਿਖਿਆ ਜਾ ਸਕਦਾ ਹੈ

BSG (101)
C/o Canada Darpan
P.O.BOX 265
Surrey, B.C. V3T 4W8

ਲੜਕੀ ਦੀ ਲੋੜ

ਜੱਟ ਸਿੱਖ ਘਰਾਣੇ ਦੇ 20 ਸਾਲਾ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ ਜੋ ਕੈਨੇਡਾ ਦੀ ਇਮੀਗਰੈਂਟ ਜਾਂ ਸਿਟੀਜਨ ਹੋਵੇ। ਲੜਕਾ ਬੀ. ਐਸ. ਸੀ. ਫਸਟ ਕਲਾਸ ਹੈ। ਕੱਦ 5 ਫੁੱਟ 10 ਇੰਚ ਹੈ। ਚੰਗੇ ਘਰਾਣੇ ਵਿਚੋਂ ਹੈ।
ਹੋਰ ਜਾਣਕਾਰੀ ਲਈ ਇਸ ਪਤੇ ਉਤੇ ਖਤ ਲਿਖੋ :

CSL (109
C/o Canada Darpan
P.O.BOX 265
Surrey, B.C. V3T 4W8



ਦਰਸ਼ਨ ਸਿੰਘ ਉੱਪਲ

DARSHAN SINGH UPPAL

14 year experience, specializing in residential Homes, Lands and Farms.

For FREE Market Evaluation Of Your Property or To Buy and sell.

Call :

Ph. Off. 590-3231

ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ੀਦਣ
ਜਾਂ
ਵੇਚਣ ਲਈ
ਮਿੱਤਰਤਾ ਭਰੀ, ਈਮਾਨਦਾਰ
ਅਤੇ ਤਜਰਬੇਕਾਰ ਸਲਾਹ ਲਈ

ਦਰਸ਼ਨ ਸਿੰਘ ਉੱਪਲ ਨੂੰ ਮਿਲੋ ਜਾਂ ਫੋਨ ਕਰੋ :

Res. 594-8758

L/R LAKEVIEW REALTY LTD. DELTA 590-3231

7909 SCOTT RD., DELTA, B.C. V4C 6P6

ਪ੍ਰਿੰਸ ਰੂਪਰਟ ਵਿਚ

ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ

ਮੋਨੀਕਾ ਵੀਡੀਓ

ਨੂੰ ਯਾਦ ਰੱਖੋ

ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ

ਫ਼ੋਨ ਕਰੋ : ਪਾਲ ਮੋਦਗਿੱਲ

627-1637

A.M.C. Carpet Ltd.

Unit 8 - 12950 - 80th Ave. Surrey, B.C.

Carpet-Vinyl-Hardwood All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment



AMARJIT SINGH CHAHAL

Off. 594-6141
Res. 594-7595 **Pager 680-0214**

To protect your family, your mortgage, or to ensure your childrens' education, for an RRSP or an annuity, contact:

AVTAR S. RANDHAWA
B.A., B.T.



AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

ਸਫ਼ਰਨਾਮਾ

ਵੈਨਕੂਵਰ ਵਿਚ ਇੱਕੀ ਦਿਨ

ਕਿਸ਼ਤ ਸੱਤਵੀਂ

—ਰਘੁਬੀਰ ਢੰਡ

ਪਾਠਕਾਂ ਦੇ ਧਿਆਨ ਹਿਤ

ਰਘੁਬੀਰ ਢੰਡ ਹੋਰਾਂ ਦਾ ਇਹ ਸਫ਼ਰਨਾਮਾ ਸਾਡੇ ਬਹੁਤੇ ਪਾਠਕਾਂ ਨੇ ਕਾਫ਼ੀ ਪਸੰਦ ਕੀਤਾ ਹੈ ਪਰ ਕਈਆਂ ਪਾਠਕਾਂ ਨੇ ਇਤਰਾਜ਼ ਵੀ ਕੀਤੇ ਹਨ। ਇਸ 'ਸਫ਼ਰਨਾਮੇ' ਵਿਚ ਪ੍ਰਗਟਾਏ ਵਿਚਾਰ ਡਾ: ਰਘੁਬੀਰ ਢੰਡ ਦੇ ਨਿੱਜੀ ਵਿਚਾਰ ਹਨ ਜਿਵੇਂ ਹੋਰ ਲੇਖਾਂ ਵਿਚ ਲੇਖਕਾਂ ਦੇ ਆਪਣੇ ਆਪਣੇ ਵਿਚਾਰ ਹੁੰਦੇ ਹਨ ਤੇ ਉਨ੍ਹਾਂ ਨਾਲ ਸਹਿਮਤ ਹੋਣਾ 'ਕੈਨੇਡਾ ਦਰਪਣ' ਲਈ ਜ਼ਰੂਰੀ ਨਹੀਂ। ਇਸੇ ਤਰ੍ਹਾਂ ਰਘੁਬੀਰ ਢੰਡ ਦੇ ਕੁਝ ਵਿਅਕਤੀਆਂ ਜਾਂ ਲੇਖਕਾਂ ਬਾਰੇ ਆਪਣੇ ਨਿੱਜੀ ਅਨੁਭਵ ਹੋ ਸਕਦੇ ਹਨ — ਉਸ ਨਾਲ 'ਕੈਨੇਡਾ ਦਰਪਣ' ਦਾ ਕੋਈ ਸੰਬੰਧ ਨਹੀਂ ਹੈ। ਸਾਡੀ ਪਾਠਕਾਂ ਸਾਹਮਣੇ ਗੁਜ਼ਾਰਿਸ਼ ਹੈ ਕਿ ਇਸ ਸਫ਼ਰਨਾਮੇ ਨੂੰ ਰਘੁਬੀਰ ਢੰਡ ਦੇ ਵਿਚਾਰ ਸਮਝਕੇ ਹੀ ਪੜ੍ਹਿਆ ਜਾਵੇ। ਕੁਝ ਲੋਕ ਸਾਰਾ ਦੋਸ਼ ਅਖਬਾਰਾਂ ਸਿਰ ਮੜ੍ਹਨ ਦੇ ਆਦੀ ਹੋ ਚੁਕੇ ਹਨ ਜਦ ਕਿ ਅਖਬਾਰਾਂ ਨੇ ਲੇਖਕਾਂ ਤੇ ਪਾਠਕਾਂ ਦੇ ਵਿਚਾਰਾਂ ਨੂੰ ਹੀ ਛਾਪਣਾ ਹੁੰਦਾ ਹੈ।

—ਸੰਪਾਦਕੀ ਮੰਡਲ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

1 ਜੂਨ, 1988 (ਬੁੱਧਵਾਰ)

ਛਾਤੀ ਵਿਚ ਇਨਫੈਕਸ਼ਨ ਰੜਕ ਰਹੀ ਸੀ। ਸਵੇਰੇ ਉਠ ਕੇ ਭਾਫ ਲਈ ਅਤੇ ਰੋਜ਼ ਵਾਂਗ ਇਸ਼ਨਾਨ ਕੀਤਾ। ਸਾਡੇ ਘਰ ਵਿਚ ਸਾਰੇ ਜੀਅ ਹੀ ਸਵੇਰੇ ਨੁਹਾਉਂਦੇ ਹਨ ਤੇ ਇਹ ਰਕਮ ਹੁਣ ਇਕ ਆਦਤ ਜਿਹੀ ਬਣ ਗਿਆ ਹੈ। ਜੇ ਮਾੜੀ ਮੋਟੀ ਤਕਲੀਫ ਕਾਰਨ ਨਾ ਨੁਹਾਤਾ ਜਾਵੇ ਤਾਂ ਕੋਈ ਘਾਟ ਜਿਹੀ ਮਹਿਸੂਸ ਹੁੰਦੀ ਰਹਿੰਦੀ ਹੈ।

ਗੁਰਨਾਮ ਨੇ ਮੈਨੂੰ ਦੱਸ ਦਿੱਤਾ ਸੀ ਕਿ ਕਾਮਰੇਡ ਜੀਤ ਸਿੰਘ ਅਣਖੀ ਇਕ ਨਾਵਲ ਲਿਖ ਰਿਹਾ ਹੈ ਅਤੇ ਤੈਥੋਂ ਸਲਾਹ ਲੈਣਾ ਚਾਹੁੰਦਾ ਹੈ। ਅਣਖੀ ਦੇ ਨਾਲ ਕਾਮਰੇਡ ਪਿਆਰਾ ਸਿੰਘ ਬਾਸੀ ਵੀ ਆ ਗਏ, ਪਰ ਉਹ ਕੋਈ ਨਾਵਲ ਨਹੀਂ ਸਨ ਲਿਖ ਰਹੇ। ਉਂਜ ਬਾਸੀ ਤੇ ਅਣਖੀ ਦੀ ਜੋੜੀ ਸਜਦੀ ਬਹੁਤ ਹੈ। ਪ੍ਰਕਾਸ਼ ਨੇ ਚਾਹ ਬਣਾਈ ਤੇ ਮੈਂ ਅਣਖੀ ਨੂੰ ਆਖਿਆ: "ਦਸੋ ਫਿਰ, ਤੁਹਾਡੀ ਕੀ ਸੇਵਾ ਕਰੀਏ।"

ਅਣਖੀ ਸਾਹਿਬ ਨੇ ਆਖਿਆ ਕਿ ਜਿਹੜੀ ਤਕਰੀਰ ਤੂੰ ਸਮਾਗਮ ਸਮੇਂ ਕੀਤੀ ਸੀ, ਉਸ ਨੇ ਸਾਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਜੇ ਛਪਵਾ ਦੇਵੇਂ ਤਾਂ ਨਵੇਂ ਲੇਖਕਾਂ ਲਈ ਬੜਾ ਲਾਭ ਹੋਵੇਗਾ।

ਮੈਂ ਆਖਿਆ: "ਮਿਹਰਬਾਨੀ, ਤਕਰੀਰ ਵਧੀਆ ਇਸ ਲਈ ਲੱਗੀ ਹੋਵੇਗੀ ਕਿ ਮੈਂ ਉਸ 'ਤੇ ਤੀਹ ਕੁ ਵਾਰ ਕੰਮ ਕੀਤਾ ਹੋਵੇਗਾ। ਨਾਲੇ ਉਹ ਮੇਰਾ ਨਿੱਜੀ ਤਜਰਬਾ ਹੈ ਕਿ ਕਹਾਣੀ ਸਿਰਜਦੇ ਸਮੇਂ ਆਪਣੀ ਮਿੱਟੀ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ। ਵਸਤ ਤੇ ਰੂਪ ਦਾ ਕੁਝ ਅਜਿਹਾ ਸੁਮੇਲ ਹੋਵੇ ਜਿਵੇਂ ਹਸਰਤ ਮੋਹਾਨੀ ਕਹਿੰਦਾ ਹੈ:

— ਰੰਗੇ-ਕਬਾ ਸੇ ਮਿਲ ਗਈ ਖੁਬੀਏ-ਜਿਸਮੇ-ਨਾਜ਼ਨੀਨ
ਔਰ ਭੀ ਸ਼ੋਖ ਹੋ ਗਿਆ ਰੰਗ ਤੇਰੇ ਲਿਬਾਸ ਕਾ।

ਜਾਂ ਜਿਵੇਂ ਨਾਜ਼ਿਮ ਹਿਕਮਤ ਕਹਿੰਦਾ ਹੈ ਕਿ ਰੂਪ ਤੇ ਵਸਤ ਦਾ ਸੁਮੇਲ ਕੁਝ ਇਜ ਹੋਣਾ ਚਾਹੀਦਾ ਹੈ, ਜਿਵੇਂ ਖੂਬਸੂਰਤ ਲੱਤ ਉਤੇ ਜੁਰਾਬ ਚੜ੍ਹੀ ਹੋਈ ਹੁੰਦੀ ਹੈ। ਜੁਰਾਬ ਲੱਤ ਦੀ ਸੁੰਦਰਤਾ ਵਿਚ ਵਾਧਾ ਕਰੇ, ਪਰ ਆਪ ਬਹੁਤੀ ਨੁਮਾਇਆਂ ਵਿਖਾਈ ਨਾ ਦੇਵੇ। ... ਤੇ ਕਹਾਣੀ ਦੀ ਸਿਰਜਣਾ ਤੋਂ ਲੈ ਕੇ ਅੰਤਿਮ ਛੋਹ ਤੀਕ ਲੇਖਕ ਨੂੰ ਘੱਟੋ-ਘੱਟ ਪੰਜ ਵਾਰ ਕੰਮ ਕਰਨਾ ਚਾਹੀਦਾ ਹੈ ਅਤੇ ਕਹਾਣੀ ਦੇ ਅੰਤ ਉਤੇ ਦੋ ਵਾਰ ਹੋਰ। ਲੇਖਕ ਨੂੰ ਸਿਰਜਣਾ ਕਰਨ ਲਈ ਹਰ ਰੋਜ਼ ਕੁੱਝ ਘੰਟੇ ਨਿਰੋਲ ਆਪਣੇ ਮਿਲਣੇ ਚਾਹੀਦੇ ਹਨ ਅਤੇ ਲੇਖਕ ਨੂੰ ਹਰ ਰੋਜ਼ ਨਿਤਨੇਮ ਵਾਂਗ ਹੀ ਸਿਰਜਣਾ ਕਰਨੀ ਚਾਹੀਦੀ ਹੈ, ਭਾਵੇਂ ਇਕ ਪੈਰਾ ਹੀ ਕਿਉਂ ਨਾ ਸਿਰਜਿਆ ਜਾਵੇ। ਇਹ ਤਦ ਹੀ ਸੰਭਵ ਹੈ ਜੇ ਉਹ ਆਪਣੀ ਬਹੁਤੀ ਨੁਮਾਇਸ਼ ਨਹੀਂ ਲਾਵੇਗਾ, ਮਸ਼ਹੂਰੀ ਮਗਰ ਨਹੀਂ ਭੱਜੇਗਾ ਅਤੇ ਭੰਨ-ਤੋੜ ਕਰਕੇ ਇਨਾਮਾਂ ਪਿਛੇ ਨਹੀਂ ਨਸੇਗਾ। ਇਹ ਬੜਾ ਔਖਾ ਕੰਮ ਹੈ, ਪਰ ਜਦੋਂ ਲੇਖਕ ਇਜ ਢਲ ਜਾਂਦਾ ਹੈ ਤਾਂ ਨਸ਼ਾ ਆਉਣ ਲਗਦਾ ਹੈ। ਮੇਰੀਆਂ ਇਹਨਾਂ ਗੱਲਾਂ ਵਿਚ ਕੋਈ ਮੌਲਿਕਤਾ ਨਹੀਂ ਹੈ, ਵੱਡੇ ਲੇਖਕਾਂ ਦਾ ਇਹੀ ਕਿਰਦਾਰ ਅਤੇ ਇਹੀ ਅਮਲ ਹੁੰਦਾ ਹੈ।

ਫਿਰ ਅਣਖੀ ਬਾਈ ਨੇ ਔਰਤ ਜਾਤੀ ਬਾਰੇ ਆਪਣਾ ਇਕ ਲੇਖ ਸੁਣਾਇਆ, ਜਿਸ ਨੂੰ ਮੈਂ ਆਪਣੀ ਆਦਤ ਅਨੁਸਾਰ ਬਹੁਤ ਧਿਆਨ ਨਾਲ ਸੁਣਿਆ। ਜਦੋਂ ਉਸ ਨੇ ਮੇਰੀ ਰਾਇ ਪੁੱਛੀ ਤਾਂ ਮੈਂ ਅਰਜ਼ ਕੀਤੀ ਕਿ ਸਾਰੇ ਲੇਖ ਵਿਚ ਲੱਛੇਦਾਰ ਸ਼ਬਦਾਂ ਤੇ ਤਸ਼ਬੀਹਾਂ ਦੀ ਏਨੀ ਭਰਮਾਰ ਹੈ ਕਿ ਪਤਾ ਨਹੀਂ ਲਗਦਾ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ। ਕਿਸੇ ਨਾ ਕਿਸੇ ਸਟੇਜ 'ਤੇ ਅਸੀਂ ਸਾਰੇ ਹੀ, ਕਿਸੇ ਹੱਦ ਤੀਕ, ਇਸ ਬੀਮਾਰੀ ਦਾ ਸ਼ਿਕਾਰ ਹੁੰਦੇ ਹਾਂ। ਉਹ ਇਸ਼ਕ ਤੇ ਰੁਮਾਂਸ ਦਾ ਦੌਰ ਹੁੰਦਾ ਹੈ। ਹੁਣ ਸਾਨੂੰ ਸ਼ਬਦਾਂ ਨੂੰ ਇੰਨੇ ਸਸਤੇ ਭਾਅ ਨਹੀਂ ਵੇਚਣਾ ਚਾਹੀਦਾ। ਸਾਦੇ ਤੇ ਸਪਸ਼ਟ ਅਤੇ ਥੋੜ੍ਹੇ ਸ਼ਬਦਾਂ ਵਿਚ ਗੱਲ ਕਹਿਣੀ ਸਿੱਖਣੀ ਚਾਹੀਦੀ ਹੈ। ਇਹ ਬਹੁਤ ਹੀ ਔਖਾ ਕਸਬ ਹੈ। ਮੈਂ ਆਪ ਇਕ ਅਜਿਹਾ ਨਾਵਲ ਜਾਂ ਜੀਵਨੀ ਲਿਖਣੀ ਚਾਹੁੰਦਾ ਹਾਂ ਜਿਸ ਨੂੰ ਦਸ ਸਾਲ ਦਾ ਬੱਚਾ ਵੀ ਸਮਝ ਲਵੇ। ਸਾਦਗੀ ਤੋਂ ਮੁਰਾਦ ਰੁੱਖਾਪਣ ਨਹੀਂ ਹੁੰਦਾ। ਸਾਦਗੀ ਸੁੰਦਰਤਾ ਤੇ ਰੁਮਾਂਸ ਦੀ ਸਿਖਰ ਹੁੰਦੀ ਹੈ।

ਅਣਖੀ ਬਾਈ ਨੇ ਆਖਿਆ: "ਇਹ ਠੀਕ ਹੈ। ਸ਼ਾਇਦ ਮੇਰਾ ਨਾਵਲ ਇਸੇ ਕਰਕੇ ਅਗਾਂਹ ਨਹੀਂ ਤੁਰ ਰਿਹਾ ਕਿ ਮੈਂ ਸ਼ਿੰਗਾਰਨ ਦੇ ਮਗਰ ਲੱਗਿਆ ਹੋਇਆ ਹਾਂ। ਹੁਣ ਮੈਂ ਸਾਦਗੀ ਵਲ ਆਵਾਂਗਾ।"

ਉਹਨਾਂ ਦੇ ਜਾਣ ਤੋਂ ਬਾਦ, ਥੋੜ੍ਹਾ-ਬਹੁਤਾ ਖਾ ਕੇ, ਅਸੀਂ ਬਾਹਰ ਨਿਕਲ ਗਏ। ਗੁਰਨਾਮ ਹੋਰੀਂ ਸਾਨੂੰ ਬਰਾਡਵੇ ਉਤੇ ਸਥਿਤ ਇਕ ਧਾਰਮਿਕ ਅਤੇ ਦਾਰਸ਼ਨਿਕ ਕਿਤਾਬਾਂ ਦੀ ਵੱਡੀ ਸਾਰੀ ਦੁਕਾਨ "ਬਾਨਯਾਨ" 'ਤੇ ਲੈ ਗਏ। ਦੁਕਾਨ ਵੇਖਦਿਆਂ ਹੀ ਮੈਨੂੰ ਚਾਅ ਚੜ੍ਹ ਗਿਆ। ਪ੍ਰਕਾਸ਼ ਸੈਰ ਕਰਦੀ ਰਹੀ ਅਤੇ ਅਸੀਂ ਘੰਟਾ-ਡੇਢ ਘੰਟਾ ਕਿਤਾਬਾਂ ਦੀ ਫੋਲਾ-ਫਾਲੀ ਕਰਦੇ ਰਹੇ। ਜੀਅ ਕਰਦਾ ਸੀ ਕਿ ਢੇਰ ਸਾਰੀਆਂ ਕਿਤਾਬਾਂ ਚੁਕ ਲਵਾਂ, ਪਰ ਭਾਰ ਤੋਂ ਡਰਦਾ ਸਿਰਫ ਪੰਜ-ਛੇ ਹੀ ਖਰੀਦ ਸਕਿਆ। ਇਕ ਨਿੱਕੀ ਜਿਹੀ ਕਿਤਾਬ ਮੈਂ ਗੁਰਨਾਮ ਹੋਰਾਂ ਨੂੰ ਭੇਂਟ ਕੀਤੀ, ਜਿਹੜੀ ਰਿਗਵੇਦ ਬਾਰੇ ਸੀ।



ਰਘੁਬੀਰ, ਪ੍ਰਕਾਸ਼ ਤੇ ਹਰਮਿੰਦਰ

ਅਸੀਂ ਬਾਹਰ ਨਿਕਲੇ ਤਾਂ ਪ੍ਰਕਾਸ਼ ਵੀ ਲੰਮੀ ਸੈਰ ਕਰਕੇ ਮੁੜੀ ਆ ਰਹੀ ਸੀ ਅਤੇ ਉਹਦੇ ਹੱਥ ਵਿਚ ਕੁਝ ਆੜੂ ਸਨ, ਜਿਹਨਾਂ ਨੂੰ ਖਾਂਦਿਆਂ ਅਸੀਂ ਅਜਮੇਰ ਰੋਡੇ ਦੇ ਘਰ ਚਲੇ ਗਏ।

ਅਜਮੇਰ ਰੋਡੇ ਨੂੰ ਮੈਂ ਪਹਿਲੀ ਵਾਰ ਫੰਕਸ਼ਨ 'ਤੇ ਹੀ ਮਿਲਿਆ ਸਾਂ ਅਤੇ ਜੋ ਕੁਝ ਉਹ ਬੋਲਿਆ ਸੀ, ਉਸ ਨੇ ਮੇਰੇ 'ਤੇ ਕੋਈ ਵਧੀਆ ਪ੍ਰਭਾਵ ਨਹੀਂ ਸੀ ਪਾਇਆ ਉਂਜ ਮੇਰੇ ਪਿਆਰੇ ਮਿਤਰ ਗੁਰਦਿਆਲ ਸਿੰਘ ਨਾਵਲਿਸਟ ਨੇ ਉਸ ਦਾ ਤੇ ਉਹਦੀ ਪਤਨੀ ਸੁਰਜੀਤ ਕਲਸੀ ਦਾ ਜ਼ਿਕਰ ਬੜੇ ਆਦਰ ਨਾਲ ਕੀਤਾ ਸੀ। ਅਜਮੇਰ ਨੇ ਕਈ ਸਾਲ ਪਹਿਲਾਂ ਮੈਨੂੰ ਇਕ ਖਤ ਵੀ ਪਾਇਆ ਸੀ। ਪੰਜਾਬੀ ਦਰਪਣ ਵਿਚ ਕਦੀ-ਕਦਾਈਂ ਇਸ ਜੋੜੀ ਦੀਆਂ ਨਜ਼ਮਾਂ ਵੀ ਛਪਦੀਆਂ ਸਨ। ਪਰ ਪੰਜਾਬੀ ਸਾਹਿਤ ਵਿਚ ਇਹਨਾਂ ਦਾ ਕੋਈ ਖਾਸ ਜ਼ਿਕਰ ਨਹੀਂ ਸੀ ਸੁਣਿਆ।

ਅਸੀਂ ਉਹਨਾਂ ਦੇ ਘਰ ਗਏ। ਅਜਮੇਰ ਹਾਲੀਂ ਕੰਮ ਤੋਂ ਨਹੀਂ ਸੀ ਆਇਆ। ਸੁਰਜੀਤ ਭੈਣ, ਅਪ੍ਰੇਸ਼ਨ ਹੋਣ ਕਰਕੇ, ਘਰ ਹੀ ਸੀ। ਕਿੰਨਾ ਚਿਰ ਮੈਂ ਉਹਨਾਂ ਦੇ ਘਰ ਦੀ ਇੱਕ-ਇੱਕ ਚੀਜ਼ ਨੂੰ ਬੜੀ ਇੱਜ਼ਤ ਦੀ ਨਜ਼ਰ ਨਾਲ ਵੇਖਦਾ ਰਿਹਾ। ਉਚੀਆਂ-ਉਚੀਆਂ ਕੰਧਾਂ, ਹਰ ਥਾਂ ਪਈਆਂ ਕਿਤਾਬਾਂ, ਹਾਰਮੋਨੀਅਮ ਵਾਜਾ, ਤਬਲਾ ਤੇ ਕੰਧਾਂ 'ਤੇ ਕਲਾਮਈ ਤਸਵੀਰਾਂ! ... ਇੰਨੇ ਨੂੰ ਅਜਮੇਰ ਵੀ ਆ ਗਿਆ ਅਤੇ ਬਹੁਤ ਹੀ ਪਿਆਰ ਨਾਲ ਮਿਲਿਆ। ਉਸ ਨੇ ਰੇਡੀਓ ਲਈ ਮੇਰੀ ਇੰਟਰਵਿਊ ਲੈਣੀ ਚਾਹੀ। ਮੈਂ ਆਖਿਆ ਕਿ ਕੋਈ ਖਾਸ ਜ਼ਰੂਰਤ ਨਹੀਂ ਹੈ; ਪਰ ਜੇ ਤੁਹਾਡੀ ਕੋਈ ਰੀਤ ਹੋਵੇ ਤਾਂ ਲੈ ਲਵੋ। ਖੈਰ, ਉਹਨਾਂ ਇੰਟਰਵਿਊ ਲਈ, ਜਿਹੜੀ ਬਾਦ ਵਿਚ ਸੁਰਜੀਤ ਨੇ ਨਸ਼ਰ ਕੀਤੀ। ਅਜਮੇਰ ਨੇ ਤਸਵੀਰਾਂ ਖਿਚੀਆਂ। ਫਿਰ ਸੁਰਜੀਤ ਨੇ ਬੀਮਾਰ ਹੁੰਦਿਆਂ ਵੀ ਬਹੁਤ ਆਦਰ ਨਾਲ ਚਾਹ ਪਿਆਈ। ਨਾਲ ਆਪਣੇ ਹੱਥੀਂ ਬਣਾਇਆ ਮਰੂੰਡਾ ਪੇਸ਼ ਕੀਤਾ। ਮੈਨੂੰ ਮਰੂੰਡਾ ਬੜਾ ਸੁਆਦ ਲੱਗਿਆ। ਅਸੀਂ ਮਲਵਈ ਮਿੱਠੇ ਦੇ ਬਹੁਤ ਸ਼ੁਕੀਨ ਹਾਂ। ਮੈਂ ਤਾਂ ਲੂਣ ਵਾਲੇ ਚੌਲ ਖਾਧੇ ਹੀ ਆਪਣੇ ਵਿਆਹ ਤੋਂ ਬਾਦ ਨੇ। ਬਚਪਨ ਯਾਦ ਆ ਗਿਆ। ਮੰਡੀਓਂ ਪੜ੍ਹਕੇ ਆਉਂਦੇ ਹੁੰਦੇ ਸਾਂ ਤਾਂ ਰਾਹ ਵਿਚ ਭਗਤ ਸੁਨਿਆਰ ਦੀ ਦੁਕਾਨ ਤੋਂ ਪਰਮਲ (ਮਰੂੰਡੇ ਨੂੰ ਪਰਮਲ ਕਹਿੰਦੇ ਹੁੰਦੇ ਸੀ) ਮੁੱਲ ਲੈਣੀ, ਉਪਰੋਂ ਨਹਿਰ ਦੇ ਨਲਕੇ ਦਾ ਅਤਿ ਠੰਢਾ ਪਾਣੀ ਪੀਣਾ ਤੇ ਫਿਰ ਵਿਚ ਛਾਲਾਂ ਮਾਰਨੀਆਂ।

ਅਜਮੇਰ ਤੇ ਸੁਰਜੀਤ ਨਾਲ ਸਾਹਿਤ ਬਾਰੇ ਗੱਲਾਂ ਹੁੰਦੀਆਂ ਰਹੀਆਂ। ਮੈਂ ਇੰਗਲੈਂਡ ਦੇ ਉਹਨਾਂ ਮੁਜਾਹਿਦ ਲੇਖਕਾਂ ਦਾ ਜ਼ਿਕਰ ਕੀਤਾ ਜਿਹਨਾਂ ਨੇ ਅਤਿਵਾਦੀ-ਵੱਖਵਾਦੀ-ਮੂਲਵਾਦੀ ਵਹਿਸ਼ਤ ਦਾ ਅਸਰ ਕਬੂਲ ਨਹੀਂ ਸੀ ਕੀਤਾ ਅਤੇ ਮਜ਼ਹਬੀ ਜ਼ਹਿਰ ਉਗਲਣ ਵਾਲੇ ਪਰਚਿਆਂ ਦਾ ਬਾਈਕਾਟ ਕਰ ਦਿੱਤਾ। ਕਮਾਲ ਦੀ ਗੱਲ ਇਹ ਕਿ ਇੰਜ ਕਰਦਿਆਂ ਭਾਰਤ ਤੇ ਰਾਜ ਕਰ ਰਹੀ ਅਤਿ ਘਟੀਆ ਬੁਰਜਵਾ-ਲੈਂਡਲਾਰਡ ਹਕੂਮਤ ਦੇ ਹੱਕ ਵਿਚ ਇਕ ਸ਼ਬਦ ਤੀਕ ਨਹੀਂ ਲਿਖਿਆ। ਅਮਰਜੀਤ ਚੰਦਨ, ਮੁਸ਼ਤਾਕ ਸਿੰਘ ਮੁਸ਼ਤਾਕ, ਹਰੀਸ਼ ਮਲਹੋਤਰਾ, ਅਜਮੇਰ ਕਾਵੈਂਟਰੀ, ਸੰਤੋਖ ਸਿੰਘ ਸੰਤੋਖ, ਕੇ. ਸੀ. ਮੋਹਨ, ਹਰਜੀਤ ਦੌਧਰੀਆ, ਪੰਡਿਤ ਵਿਸ਼ਨੂੰ ਦੱਤ ਸ਼ਰਮਾ, ਅਵਤਾਰ ਸਾਦਿਕ ਆਦਿਕ ਦਾ ਜ਼ਿਕਰ ਕੀਤਾ। ਮੈਂ ਆਖਿਆ ਕਿ ਮੈਂ ਇਹਨਾਂ ਦਾ ਸ਼ੁਕਰਗੁਜ਼ਾਰ ਹਾਂ। ਮਨੁੱਖ ਨੂੰ ਆਪਣੀ ਅਸਲੀਅਤ ਵਿਖਾਉਣ ਦਾ ਮੌਕਾ ਸੰਕਟ ਸਮੇਂ ਹੀ ਮਿਲਦਾ ਹੈ। ਹਲਟ ਜੁੜਨ ਤੋਂ ਪਹਿਲਾਂ ਸਾਰੇ ਬੋਤੇ ਹੀ ਮੱਘੇ ਕੱਢਦੇ ਹੁੰਦੇ ਨੇ। ਇਹੀ ਗੱਲ ਮੈਂ ਉਦੋਂ ਆਖੀ ਸੀ ਜਦੋਂ ਸੋਹਣ ਸਿੰਘ ਜੋਸ਼ ਟ੍ਰਸਟ ਯੂ. ਕੇ. ਨੇ ਮੈਨੂੰ ਸਨਮਾਨਤ ਕੀਤਾ ਸੀ।

— ਅੱਜ ਕੱਲ੍ਹ ਅਮਰਜੀਤ ਚੰਦਨ ਮੇਰੀ ਬਹੁਤ ਸਿਫਤ ਕਰਨ ਲੱਗਿਆ ਹੋਇਆ ਹੈ। ... ਅਜਮੇਰ ਰੋਡੇ ਬੋਲਿਆ।

ਮੈਂ ਹਸਦਿਆਂ-ਹਸਦਿਆਂ ਆਖਿਆ: "ਤਾਂ ਫਿਰ ਉਸ ਦਿਨ ਲਈ ਵੀ ਤਿਆਰ ਰਹੀਂ ਜਦੋਂ ਤੈਨੂੰ ਮਿੰਟ ਵਿਚ ਧਰਤੀ ਤੇ ਪਟਕਾ ਮਾਰੇਗਾ।"

ਅਸੀਂ ਅਜਿਹੇ ਲੋਕਾਂ ਦੇ ਮਨੋਵਿਗਿਆਨਕ ਸੰਕਟ ਨੂੰ ਸਮਝਦੇ ਹਾਂ। ਇਹਨਾਂ ਨੂੰ ਮਨ-ਚਾਹੀ ਮਾਣ-ਇੱਜ਼ਤ ਨਹੀਂ ਮਿਲੀ ਹੁੰਦੀ। ਪ੍ਰਤੀਕਰਮ ਵਜੋਂ, ਇਹਨਾਂ ਨੇ ਚਲਦੀ ਗੱਲ ਦੇ ਉਲਟ ਕੋਈ ਬੇਇਜ਼ਤੀ ਭਰਿਆ ਤਬਸਰਾ ਕਰਨਾ ਹੁੰਦਾ ਹੈ। ਲੋਕ ਆਖਣਗੇ ਕਿ ਸੋਭਾ ਸਿੰਘ ਨੇ ਗੁਰੂ ਨਾਨਕ ਦੇਵ ਦੀ ਬਹੁਤ ਵਧੀਆ ਤਸਵੀਰ ਬਣਾਈ ਹੈ। ਫਿਰ ਫੌਰਨ ਆਖਣਗੇ ਕਿ ਏਦੂੰ ਭੈੜੀ ਤਸਵੀਰ ਤਾਂ ਅਸੀਂ ਕਦੀ ਵੇਖੀ ਹੀ ਨਹੀਂ। ਅਜਮੇਰ ਵੀ ਇਸੇ ਕੰਪਲੈਕਸ ਦਾ ਸ਼ਿਕਾਰ ਹੈ। ਸੁਰ ਹੋਏ ਹਾਰਮੋਨੀਅਤ ਵਿਚ ਬੇਸੁਰਾ ਸੁਰ ਕੱਢਣਾ ਇਹਨਾਂ ਦੀ ਆਦਤ ਬਣ ਜਾਂਦੀ ਹੈ। ਸਰਸਵਤੀ ਮਾਤਾ ਇਹਨਾਂ ਨੂੰ ਦੂਜਿਆਂ ਵਿਚ ਕੁਝ ਚੰਗਾ-ਚੰਗਾ ਭਾਲਣ ਦਾ ਵਰਦਾਨ ਪ੍ਰਦਾਨ ਕਰੇ!

ਅਸੀਂ ਅਜਮੇਰ ਤੇ ਸੁਰਜੀਤ ਤੋਂ ਇਜਾਜ਼ਤ ਚਾਹੀ। ਪਰ ਉਹਨਾਂ ਨੇ ਸਾਨੂੰ ਰੋਟੀ ਲਈ ਬਹੁਤ ਜ਼ੋਰ ਲਾਇਆ। ਬਲਕਿ ਦੋ ਪੀਤਸੇ ਵੀ ਸਾਡੇ ਹੁੰਦਿਆਂ ਹੀ ਮੰਗਵਾ ਲਏ। ਪਰ ਅਸੀਂ ਸੁਰਜੀਤ ਭੈਣ ਦੀ ਤਕਲੀਫ ਵੇਖਦਿਆਂ, ਹੋਰ ਤਕਲੀਫ ਨਹੀਂ ਸਾਂ ਦੇਣਾ ਚਾਹੁੰਦੇ। ਜਾਣ ਤੋਂ ਪਹਿਲਾਂ ਅਜਮੇਰ ਨੇ ਆਪਣੀਆਂ ਕਿਤਾਬਾਂ ਦਾ ਭੰਡਾਰ ਵਿਖਾਇਆ। ਮੈਨੂੰ ਬੜੀ ਹੀ ਖੁਸ਼ੀ ਹੋਈ ਕਿ ਚਲੋ ਇਸ ਲੇਖਕ ਨੂੰ ਚੰਗੀਆਂ ਕਿਤਾਬਾਂ ਖਰੀਦਣ ਦੀ ਆਦਤ ਤਾਂ ਹੈ। ਮੈਂ ਚਾਹਾਂਗਾ ਕਿ ਅਜਮੇਰ ਇਹਨਾਂ ਨੂੰ ਪੜ੍ਹੇ ਵੀ। ਕਿਤਾਬਾਂ ਪੜ੍ਹਨਾ ਬੜਾ ਕਠਨ ਅਮਲ ਹੈ, ਪਰ ਬਹੁਤ ਲਾਭਦਾਇਕ! ਚੰਗੀਆਂ ਕਿਤਾਬਾਂ ਦਾ ਗੰਭੀਰ-ਮੁਤਾਲਾ ਤਾਂ ਪੜ੍ਹਨ ਵਾਲੇ ਦੇ ਰੋਮ-ਰੋਮ ਵਿਚੋਂ ਫੁੱਟ ਨਿਕਲਦਾ ਹੈ। ਤੁਸੀਂ ਪਹਿਲੀ ਮੁਲਾਕਾਤ ਵਿਚ ਹੀ ਦਸ ਸਕਦੇ ਹੋ ਕਿ ਉਸ ਨੇ ਕਿੰਨਾ ਕੁ ਪੜ੍ਹਿਆ ਹੈ।

ਉਹਨਾਂ ਦੇ ਬੱਚਿਆਂ ਨੂੰ ਮਿਲੇ। ਦੋਵੇਂ ਪੰਜਾਬੀ ਬੋਲਦੇ ਸਨ ਅਤੇ ਦੋਹਾਂ ਨੂੰ ਬਹੁਤ ਤਮੀਜ਼ ਸੀ। ਏਡੇ ਪਿਆਰੇ ਬੱਚਿਆਂ ਨੂੰ ਮੈਂ ਇਹੀ ਅਸ਼ੀਰਵਾਦ ਦੇਣਾ ਚਾਹਿਆ ਕਿ ਇਹ ਵੱਡੇ ਹੋ ਕੇ ਬਹੁਤ ਚੰਗੇ ਬੰਦੇ ਬਣਨ, ਨਿਮ੍ਰਤਾ ਇਹਨਾਂ ਦਾ ਗਹਿਣਾ ਹੋਵੇ, ਮਨੁੱਖ ਤੋਂ ਬਿਨਾਂ ਹੋਰ ਕਿਸੇ ਮਜ਼ਹਬ ਨੂੰ ਨਾ ਮੰਨਣ ਤੇ ਕਦੀ ਮਜ਼ਦੂਰ ਜਮਾਤ ਦੇ ਵਿਰੁਧ ਕੋਈ ਸ਼ਬਦ ਨਾ ਬੋਲਣ!

ਕਾਫੀ ਥੱਕ ਗਏ ਸਾਂ। ਭੈਣ ਜੀ ਹਰਮਿੰਦਰ ਸਾਡੇ ਜਾਂਦਿਆਂ ਨੂੰ ਘਰ ਪੁੱਜ ਚੁੱਕੇ ਸਨ। ਪ੍ਰਕਾਸ਼ ਤੇ ਹਰਮਿੰਦਰ ਨੇ ਰੋਟੀ ਪਕਾਈ, ਖਾਧੀ ਤੇ ਸਿਟਿੰਗ ਰੂਮ ਵਿਚ ਬੈਠ ਘਰੇਲੂ ਗੱਲਾਂ ਕਰਦੇ ਰਹੇ। ਨੀਂਦ ਆ ਗਈ ਤਾਂ ਸੌਂ ਗਏ।

* * * *

2 ਜੂਨ, 1988 (ਵੀਰਵਾਰ)

ਕਾਮਰੇਡ ਜੀਤ ਸਿੰਘ ਅਣਖੀ ਤੇ ਕਾਮਰੇਡ ਪਿਆਰਾ ਸਿੰਘ ਬਾਸੀ ਅੱਜ ਫਿਰ ਆ ਗਏ। ਗੱਲਾਂ-ਬਾਤਾਂ ਸਾਹਿਤਕ ਵਾਰਤਕ ਬਾਰੇ ਹੀ ਹੁੰਦੀਆਂ ਰਹੀਆਂ। ਮੈਂ ਅਣਖੀ ਦੀ ਵਾਰਤਕ ਨੂੰ ਰੁੱਖੇ ਤੇ ਗੁਸਤਾਖ ਤਰੀਕੇ ਨਾਲ ਨਹੀਂ ਨਿੰਦਿਆ। ਹਮਦਰਦੀ ਤੇ ਠੋਸ ਦਲੀਲ ਤੋਂ ਸਖਣੀ ਆਲੋਚਨਾ ਨਿੰਦਿਆ ਹੋ ਨਿਬੜਦੀ ਹੈ। ਆਲੋਚਨਾ ਦਾ ਸਹੀ ਅਰਥ ਤਾਂ ਇਹੀ ਹੁੰਦਾ ਹੈ ਕਿ ਸਾਹਿਤਕ ਫਸਲ ਨੂੰ ਗੁੱਡ ਕੇ ਘਾਹ-ਫੂਸ ਤੋਂ ਮੁਕਤ ਕੀਤਾ ਜਾਵੇ। ਬੂਟੇ ਨੂੰ ਠੋਸ ਨਾ ਆਵੇ। ਲੇਖਕ ਨੂੰ ਅਤਿ ਪ੍ਰੇਰਣਾ ਤੇ ਉਤਸ਼ਾਹ ਦਿੱਤਾ ਜਾਵੇ, ਜਿਸ ਦੀ ਸਾਡੀਆਂ ਸਾਹਿਤਕ ਜੱਥੇਬੰਦੀਆਂ ਵਿਚ ਬੜੀ ਘਾਟ ਹੁੰਦੀ ਹੈ। ਕੁਝ ਖਲੀਫੇ ਤੇ ਦਾਦੇ ਕਿਸਮ ਦੇ ਲੇਖਕ ਸਸਤੀਆਂ

→



'ਕੈਨੇਡਾ ਦਰਪਣ' ਦੇ
ਚੰਦੇ ਦਾ ਫਾਰਮ
SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address...
City...
Province..
Postal code..
PHONE.

One Year	30 dollars
Two Year	55 dollars
Three year	80 dollars
Life membership..........	500 dollars
ASIA..........................	150 dollars [a year]
U.S.A.	35 dollars [a year]
Europe	150 dollars [a year]
Africa	150 dollars [a year]

ਟਿੱਪਣੀਆਂ ਕਸਣ ਵਿਚ ਵਕਤ ਗੁਆ ਦਿੰਦੇ ਹਨ। ਇਸੇ ਲਈ ਇਕ ਵਾਰ ਮੈਂ ਚੰਡੀਗੜ੍ਹ ਸਾਹਿਤ ਸਭਾ ਵਿਚ ਆਖਿਆ ਸੀ ਕਿ ਨਵੇਂ ਲੇਖਕ ਇਹਨਾਂ ਖਲੀਵਿਆਂ ਨੂੰ ਪੈਰਾਂ ਹੇਠ ਲਿਤਾੜ ਅੱਗੇ ਲੰਘ ਜਾਣ।

ਅੱਜ ਅਸੀਂ ਵੈਨਕੂਵਰ ਤੋਂ ਦੋ ਕੁ ਮੀਲ ਬਾਹਰ ਓਕਾਨਾਗਨ ਵੈਲੀ ਨੂੰ ਜਾਣਾ ਸੀ ਅਤੇ ਰਾਤ ਤੀਕ ਪੈਨਟਿਕਟਨ ਸ਼ਹਿਰ ਪੁੱਜਣਾ ਸੀ। ਦਰਸ਼ਨ ਗਿੱਲ ਤੇ ਮੇਜ਼ਬਾਨਾਂ ਨੂੰ ਫੋਨ ਕੀਤਾ ਹੋਇਆ ਸੀ ਕਿ ਦਾਲ-ਸਬਜ਼ੀ ਵਿਚ ਮਿਰਚਾਂ ਘੱਟ ਪਾਉਣ। ਪਰ ਇਕ ਅੜਿਚਣ ਆ ਪਈ ਸੀ। ਦਰਸ਼ਨ ਗਿੱਲ ਦੀ ਕੋਈ ਜ਼ਰੂਰੀ ਮੀਟਿੰਗ ਸੀ ਜਿਸ ਵਿਚ ਉਹ ਪਹਿਲਾਂ ਵੀ ਹਾਜ਼ਰ ਨਹੀਂ ਸੀ ਹੋ ਸਕਿਆ। ਮੈਂ ਦਰਸ਼ਨ ਗਿੱਲ ਨੂੰ ਬਹੁਤ ਪਸੰਦ ਕੀਤਾ ਸੀ ਅਤੇ ਚਾਹੁੰਦਾ ਸਾਂ ਕਿ ਉਹ ਅਤੇ ਅਮਰਜੀਤ ਸੂਫੀ ਵੀ ਸਾਡੇ ਨਾਲ ਚੱਲਣ। ਮੈਂ ਦਰਸ਼ਨ ਨੂੰ ਆਖਿਆ ਕਿ ਛੁੱਟੀ ਲੈਣ ਦੀ ਕੋਸ਼ਸ਼ ਕਰੇ ਪਰ ਉਸ ਦਾ ਨੁਕਸਾਨ ਵੀ ਕੋਈ ਨਾ ਹੋਵੇ। ਨਾਲ ਪ੍ਰਕਾਸ਼ ਨੂੰ ਵੀ ਬੇਨਤੀ ਕੀਤੀ ਕਿ ਗੁਰੂ ਨਾਨਕ ਦੇ ਖਾਨਦਾਨ ਵਿਚੋਂ ਹੈਂ, ਮਾਰ ਦੇ ਕੋਈ ਮੰਤਰ। ਖੈਰ, ਦਰਸ਼ਨ ਨੇ ਫੋਨ ਕੀਤਾ ਕਿ ਮੰਤਰ ਚਲ ਗਿਆ ਹੈ ਤੇ ਮੈਨੂੰ ਛੁੱਟੀ ਮਿਲ ਗਈ ਹੈ। ਤੁਸੀਂ ਮੇਰੇ ਘਰ ਆ ਜਾਣਾ। ਆਪਾਂ ਇਥੋਂ ਹੀ ਚੱਲਾਂਗੇ। ਸੂਫੀ ਵੀ ਇਥੇ ਹੀ ਆ ਜਾਵੇਗਾ।

ਮੈਂ, ਗੁਰਨਾਮ, ਹਰਮਿੰਦਰ ਭੈਣ ਜੀ ਤੇ ਪ੍ਰਕਾਸ਼ ਚੱਲ ਪਏ। ਗੁਰਨਾਮ ਹੋਰਾਂ ਨੇ ਕਾਰ ਦੀ ਹਵਾ, ਤੇਲ-ਪਾਣੀ ਇਕ ਦਿਨ ਪਹਿਲਾਂ ਹੀ ਚੈੱਕ ਕਰਵਾ ਲਏ ਸਨ। ਕਪੜੇ ਪੈਕ ਕਰਦਿਆਂ ਭੈਣ ਜੀ ਹਰਮਿੰਦਰ ਆਖਣ ਲੱਗੇ ਕਿ ਆਪਣਾ ਭਾਫ ਦੇਣ ਵਾਲਾ ਬਾਟਾ ਵੀ ਨਾਲ ਹੀ ਰੱਖ ਲੈਣਾ। ਅਸੀਂ ਚੱਲ ਪਏ ਤੇ ਮੈਂ ਗੁਰਨਾਮ ਨੂੰ ਆਖਿਆ ਕਿ ਰਾਹ ਵਿਚੋਂ ਸੰਖੀਆ ਲੈ ਚਲੀਏ। ਅੱਜ ਵੀਰਵਾਰ ਹੈ ਤੇ ਨਵਾਂ ਮਾਲ ਆ ਗਿਆ ਹੋਵੇਗਾ। ਗੁਰਨਾਮ ਬੋਲਿਆ ਕਿ ਸੰਖੀਆ ਮੈਂ ਕਦੀ ਮੁੱਲ ਨਹੀਂ ਲਿਆ। ਦਰਸ਼ਨ ਗਿੱਲ ਕੋਲ ਜ਼ਰੂਰ ਹੋਵੇਗਾ। "ਸੰਖੀਆ" ਜਾਂ "ਜ਼ਹਿਰ" ਅਸੀਂ ਇੰਗਲੈਂਡ ਦੇ "ਦੇਸ ਪ੍ਰਦੇਸ" ਅਤੇ ਕੈਨੇਡਾ ਦੇ "ਇੰਡੋ-ਕੈਨੇਡੀਅਨ ਟਾਈਮਜ਼" ਨੂੰ ਆਖਦੇ ਹਾਂ, ਜਿਹਨਾਂ ਜਿੰਨਾ ਮਜ਼ਹਬੀ ਜਨੂੰਨ ਤੇ ਨਫਰਤ ਦਾ ਸਿਹਰਾ ਹੋਰ ਕਿਸੇ ਦੇ ਸਿਰ 'ਤੇ ਨਹੀਂ ਬੱਝਿਆ।

ਦਰਸ਼ਨ ਦੇ ਘਰ ਪੁੱਜੇ। ਉਹ ਤਿਆਰ ਬੈਠਾ ਸੀ, ਪਰ ਅਫਸੋਸ, ਸੂਫੀ ਦਾ ਫੋਨ ਆ ਗਿਆ ਸੀ। ਉਹਦੀ ਪਤਨੀ ਦੀ ਸਿਹਤ ਠੀਕ ਨਾ ਹੋਣ ਕਰਕੇ, ਉਹ ਨਾਲ ਨਹੀਂ ਸੀ ਜਾ ਸਕਦਾ। ਮੈਨੂੰ ਧੱਕਾ ਜਿਹਾ ਲੱਗਿਆ। ਮੈਂ ਸੂਫੀ ਨੂੰ ਬਹੁਤ ਪਸੰਦ ਕੀਤਾ ਸੀ। ਸੰਖੀਆ ਦਰਸ਼ਨ ਦੇ ਕੋਲ ਪਿਆ ਸੀ, ਜਿਸ ਨੂੰ ਅਸੀਂ ਕਾਰ ਵਿਚ ਰਖ ਲਿਆ ਤੇ ਤੁਰ ਪਏ। ਮੀਂਹ ਬਹੁਤ ਪੈ ਰਿਹਾ ਸੀ। ਗੁਰਨਾਮ ਨੇ ਦਸਿਆ ਕਿ ਜਿਹੜੀ ਸੜਕ ਤੇ ਆਪਾਂ ਜਾ ਰਹੇ ਹਾਂ ਪੰਜ ਹਜ਼ਾਰ ਮੀਲ ਲੰਬੀ ਹੈ। ਜਦੋਂ ਜ਼ਰਾ ਠੀਕ-ਸਿਰ ਹੋਏ ਤਾਂ ਮੈਂ ਇੰਡੋ-ਕੈਨੇਡੀਅਨ ਟਾਈਮਜ਼ ਚੁਕਿਆ, ਜਿਸ ਦੇ ਏ-3 ਸਫੇ ਉਤੇ ਇੰਜ ਲਿਖਿਆ ਹੋਇਆ ਸੀ :

ਵੈਨਕੂਵਰ ਦੇ ਅਗਾਂਹਵਧੂਆਂ ਦੇ ਧਿਆਨ ਵਿਚ

ਇੰਗਲੈਂਡ ਤੋਂ ਆਏ ਹੋਏ ਪੰਜਾਬੀ ਦੇ ਪ੍ਰਮੁੱਖ ਲਿਖਾਰੀ ਸ੍ਰੀ ਰਘੁਬੀਰ ਢੰਡ ਜੀ ਨੂੰ ਅਸੀਂ ਵੈਨਕੂਵਰ ਵਿਚ 'ਜੀ ਆਇਆਂ ਨੂੰ' ਆਖਦੇ ਹਾਂ। ਅਜਿਹਾ ਸਾਨੂੰ ਅਖਬਾਰ ਰਾਹੀਂ ਤਾਂ ਕਹਿਣਾ ਪੈ ਰਿਹਾ ਹੈ ਕਿਉਂਕਿ ਏਥੋਂ ਦੇ ਕੁਝ ਅਖੌਤੀ ਅਗਾਂਹਵਧੂਆਂ ਦੀ ਆਦਤ ਵਿਚ ਸ਼ੁਮਾਰ ਨਹੀਂ ਕਿ ਉਹ ਕਿਸੇ ਠੀਕ ਅਗਾਂਹਵਧੂ ਲੇਖਕ ਨੂੰ ਬਾਕੀ ਸਾਥੀਆਂ ਨਾਲ ਮਿਲਣ ਦੇਣ ਜੋ ਕਿ ਉਹਨਾਂ ਨਾਲੋਂ ਵੱਖਰੀ ਸੋਚ ਰਖਦੇ ਹੋਣ। ਹਾਲਾਂ ਕਿ ਸਾਡੇ ਪਾਸ ਜੇਕਰ ਕੋਈ ਲਿਖਾਰੀ ਆਵੇ ਤਾਂ ਅਸੀਂ ਉਸ ਦੀ ਯਥਾ ਸੰਭਵ ਪੁੱਛਗਿੱਛ ਕਰਦੇ ਹਾਂ ਭਾਵੇਂ ਕਿਸੇ ਲੇਖਕ ਦੀ ਸਾਡੇ ਤੋਂ ਵਿਰੋਧੀ ਵਿਚਾਰਧਾਰਾ ਵੀ ਹੋਵੇ ਤਾਂ ਵੀ ਅਸੀਂ ਉਸ ਨੂੰ ਸਿਰ ਮੱਥੇ ਤੇ ਬਿਠਾਵਾਂਗੇ ਅਤੇ ਉਸ ਨੂੰ ਜਿੱਥੇ ਚਾਹੇ ਛੱਡ ਕੇ ਵੀ ਆਵਾਂਗੇ ਅਤੇ ਲੈ ਕੇ ਵੀ ਆਵਾਂਗੇ। ਸ੍ਰੀ ਰਘੁਬੀਰ ਢੰਡ ਪ੍ਰਤੀ ਵੀ ਸਾਡਾ ਵਤੀਰਾ ਮਿਤਰਤਾ ਭਰਪੂਰ ਹੀ ਹੋਵੇਗਾ। ਫਿਰ ਵੀ ਢੰਡ ਸਾਹਿਬ ਦੇ ਧਿਆਨ ਗੋਚਰੇ ਇਕ ਗੱਲ ਲਿਆਉਣੀ ਚਾਹਾਂਗਾ ਕਿ ਵੈਨਕੂਵਰ ਦੇ ਕੁਝ ਅਗਾਂਹਵਧੂ ਲਿਖਾਰੀ ਜੋ ਕਿ ਮਜ਼ਦੂਰਾਂ ਦੇ ਬੜੇ ਹਮਦਰਦ ਬਣਦੇ ਹਨ, ਖੁਦ ਹੀ ਆਪਣੇ ਬਹੁਤ ਸਾਰੇ ਸਟਾਫ ਮੈਂਬਰਾਂ ਦੀਆਂ ਤਨਖਾਹਾਂ ਮਾਰੀ ਬੈਠੇ ਹਨ। ਇਹਨਾਂ ਨੇ ਆਪਣੇ ਬਹੁਤ ਸਾਰੇ ਰਿਸ਼ਤੇਦਾਰਾਂ ਦੇ ਕੰਪਨੀਆਂ ਬਣਾਕੇ ਪੈਸੇ ਵਿਚ ਪਵਾ ਲਏ ਪਰ ਬਾਅਦ ਵਿਚ ਹੜੱਪ ਕਰ ਗਏ। ਜੇਕਰ ਰਘੁਬੀਰ ਢੰਡ ਜੀ ਇਹਨਾਂ ਅਗਾਂਹਵਧੂ ਵੈਨਕੂਵਰ ਦੇ ਕੁਝ ਲਿਖਾਰੀਆਂ ਦਾ ਧਿਆਨ ਇਸ ਪਾਸੇ ਦਵਾ ਸਕਣ ਕਿ ਉਹ ਆਦਮੀ ਵਾਕਿਆ ਹੀ ਅਗਾਂਹਵਧੂ ਬਣਨ ਤੇ ਉਹਨਾਂ ਗਰੀਬਾਂ ਦੇ ਪੈਸੇ ਵਾਪਸ ਕਰ ਦੇਣ ਤਾਂਕਿ ਉਹ ਵੀ ਆਪਣਾ ਦਾਲ ਫੁਲਕਾ ਆਰਾਮ ਨਾਲ ਛਕ ਸਕਣ ਤਾਂ ਮੈਂ ਢੰਡ ਸਾਹਿਬ ਦਾ ਹੋਰ ਵੀ ਧੰਨਵਾਦੀ ਹੋਵਾਂਗਾ।

ਆਸ ਦੀ ਉਡੀਕ ਵਿਚ

ਤਾਰਾ ਸਿੰਘ ਹੇਅਰ

ਮੇਰਾ ਜਵਾਬ ਇਹ ਹੈ।

ਸਰਦਾਰ ਹੇਅਰ ਸਾਹਿਬ! ਪਹਿਲਾਂ ਤਾਂ ਇਹੀ ਗੁਸਤਾਖੀ ਕਰਨਾ ਚਾਹਾਂਗਾ ਕਿ "ਆਸ ਦੀ ਉਡੀਕ ਵਿਚ" ਠੀਕ ਸ਼ਬਦ ਨਹੀਂ ਹਨ। ਆਸ ਵਿਚ ਜਾਂ ਉਡੀਕ ਵਿਚ ਹੋਣਾ ਚਾਹੀਦਾ ਸੀ, ਕਿਉਂਕਿ ਆਸ ਵਿਚ ਉਡੀਕ ਹੀ ਹੁੰਦੀ ਹੈ।

ਤੁਹਾਡਾ ਸ਼ੁਕਰੀਆ ਕਿ ਤੁਸੀਂ ਮੇਰੇ ਪ੍ਰਤੀ ਏਡੇ ਖਲੂਸ-ਲਬਰੇਜ਼ ਲਫਜ਼ਾਂ ਦਾ ਪ੍ਰਗਟਾਵਾ ਕੀਤਾ ਹੈ। ਮੈਨੂੰ ਦਰਸ਼ਨ ਗਿੱਲ ਸੰਪਾਦਕ "ਕੈਨੇਡਾ ਦਰਪਣ" ਨੇ ਵੀ ਦੱਸਿਆ ਸੀ ਕਿ ਤੁਸੀਂ ਆਪਣੇ ਪਰਚੇ ਵਿਚ ਮੈਨੂੰ ਬਹੁਤ ਚੰਗਾ ਕਹਾਣੀਕਾਰ ਵੀ ਆਖਿਆ ਸੀ। "ਦੇਸ ਪ੍ਰਦੇਸ" ਦੇ ਐਡੀਟਰ ਤਰਸੇਮ ਸਿੰਘ ਪੁਰੇਵਾਲ ਨੇ ਵੀ ਮੇਰੇ ਨਾਲ ਹਮੇਸ਼ਾ ਖਲੂਸ-ਭਰਪੂਰ ਸਲੂਕ ਹੀ ਕੀਤਾ ਹੈ। ਉਂਜ ਮੈਂ ਕਹਾਣੀ-ਕਲਾ ਦਾ ਹਾਲੀਂ ਵਿਦਿਆਰਥੀ ਹੀ ਹਾਂ ਅਤੇ ਸਰਸਵਤੀ ਮਾਤਾ ਨੂੰ ਸਿੱਧ ਕਰਨ ਲਈ ਸ਼ਗਿਰਦੀ ਕਰ ਰਿਹਾ ਹਾਂ।

ਮੈਂ ਇਹ ਵੀ ਸਪਸ਼ਟ ਕਰਨ ਦੀ ਆਗਿਆ ਚਾਹਾਂਗਾ ਕਿ ਮੈਨੂੰ ਕਿਸੇ ਨੇ ਵੀ ਕਿਸੇ ਵਿਰੋਧੀ ਵਿਚਾਰਾਂ ਵਾਲੇ ਨੂੰ ਮਿਲਣ ਤੋਂ ਨਹੀਂ ਰੋਕਿਆ। ਨਾ ਹੀ ਮੈਨੂੰ ਕੋਈ ਰੋਕ ਸਕਦਾ ਹੈ। ਮੈਂ "ਜੁਚੇ" ਫਿਲਾਸਫੀ ਵਿਚ ਡਾਕਟਰੇਟ ਕੀਤੀ ਹੈ, ਜਿਸ ਦਾ ਅਰਥ ਹੀ ਇਹ ਹੈ ਕਿ ਮਨੁੱਖ ਨੂੰ ਆਪਣੇ ਅਮਲ ਸੁਤੰਤਰ ਰੂਪ ਵਿਚ ਕਰਨੇ ਚਾਹੀਦੇ ਹਨ। ਮੈਂ ਗੁਰਨਾਮ ਹੋਰਾਂ ਦੇ ਘਰ ਠਹਿਰਿਆ ਹੋਇਆ ਸਾਂ ਜਿਹੜੇ ਤੁਹਾਡੇ ਬਹੁਤ ਚੰਗੇ ਮਿੱਤਰ ਰਹਿ ਚੁਕੇ ਹਨ ਤੇ ਜਿਹਨਾਂ ਦੀ ਪਤਨੀ ਬੀਬੀ ਹਰਮਿੰਦਰ ਕੌਰ ਤੁਹਾਡੀ ਜਮਾਤਣ-ਭੈਣ ਹੈ। ਤੁਸੀਂ ਮੈਨੂੰ ਉਥੇ ਮਿਲਣ ਆਉਂਦੇ ਤਾਂ ਮੈਂ ਤੁਹਾਨੂੰ ਅਤਿ ਤਪਾਕ ਨਾਲ ਮਿਲਣਾ ਸੀ, ਕਿਉਂਕਿ ਕਿਸੇ ਨੂੰ ਬੇਰੁਖੀ ਨਾਲ ਮਿਲਣਾ ਇਨਸਾਨੀਅਤ ਦੀ ਹਤਕ ਹੁੰਦੀ ਹੈ ਅਤੇ ਮੈਂ ਕਿਸੇ ਮਜ਼ਹਬ ਦਾ ਨਹੀਂ, ਇਨਸਾਨੀਅਤ ਦਾ ਪੁਜਾਰੀ ਹਾਂ।

ਪਰ ਮੈਂ ਤੁਹਾਨੂੰ ਮਿਲਣ ਨਹੀਂ ਸਾਂ ਆ ਸਕਦਾ। ਸਿਰਫ ਇਸ ਲਈ ਕਿ ਜਿੰਨੀ ਜ਼ਹਿਰ ਤੁਸੀਂ ਆਪਣੇ ਪਰਚੇ ਰਾਹੀਂ ਫੈਲਾਈ ਹੈ, ਉਸ ਨੇ ਸਾਰੇ ਪੰਜਾਬ ਦੀ ਖੂਬਸੂਰਤੀ 'ਤੇ ਬਦਨੁਮਾ ਧੱਬਾ ਲਾ ਦਿੱਤਾ ਹੈ। ਸ਼ਾਇਦ ਤੁਹਾਨੂੰ ਪਤਾ ਨਹੀਂ ਕਿ ਜਿੰਨੇ ਬੇਗੁਨਾਹਾਂ ਦੇ ਕਤਲ, ਮਾਰ-ਕੁੱਟ, ਧਮਕੀਆਂ ਤੇ ਧੀਆਂ-ਭੈਣਾਂ ਦੀਆਂ ਗਾਲਾਂ ਲੋਕਾਂ ਦੇ ਤੇ ਪੰਜਾਬ ਦੇ ਅਸਲੀ ਪੁੱਤਾਂ ਨੂੰ ਪਈਆਂ ਹਨ, ਉਹਨਾਂ ਵਿਚ ਫਿਰਕੂ ਪਰਚਿਆਂ ਦਾ ਬੜਾ ਹੱਥ ਹੈ। ਤੁਸੀਂ ਕਿਉਂ ਇੰਜ ਕਰਦੇ ਰਹੇ ਤੇ ਕਰ ਰਹੇ ਹੋ ਕੀ ਮਨੁੱਖ ਨੂੰ ਚੰਗੀ ਰੋਟੀ ਖਾਣ ਲਈ ਜ਼ਹਿਰ ਵੇਚਣੀ ਜ਼ਰੂਰੀ ਹੈ? ਮੈਂ ਇੰਗਲੈਂਡ ਦਾ ਸਭ ਤੋਂ ਗਰੀਬ ਲਿਖਾਰੀ ਹਾਂ। ਇਹ ਸੱਚ ਕਿਸੇ ਹਮਦਰਦੀ ਜਾਂ ਤਰਸ ਲਈ ਨਹੀਂ ਲਿਖ ਰਿਹਾ। ਇਹ ਇਸ ਲਈ ਹੈ ਕਿ ਮੈਂ ਆਪਣੀ ਬੀਮਾਰੀ ਕਾਰਣ 23 ਸਾਲਾਂ ਵਿਚ ਡਿਗਦਾ-ਢਹਿੰਦਾ ਸਿਰਫ ਢਾਈ ਸਾਲ ਕੰਮ ਕਰ ਸਕਿਆ ਹਾਂ। ਮੈਂ ਬਹੁਤ ਚੰਗੀ ਜ਼ਿੰਦਗੀ ਜੀਵੀ ਹੈ ਅਤੇ ਕਦੀ ਆਪਣੀ ਜ਼ਮੀਰ ਨਹੀਂ ਵੇਚੀ। ਕਿਉਂ ਤੁਸੀਂ ਇਹ ਮੋਟੀ ਜਿਹੀ ਸਚਾਈ ਨਹੀਂ ਸਮਝਦੇ ਕਿ ਜ਼ੁਲਮ ਕਿਰਤੀਆਂ ਨਾਲ ਹੁੰਦਾ ਹੈ ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ, ਈਸਾਈ ਸਭ ਸ਼ਾਮਲ ਹਨ। ਪੰਜਾਬ ਵਿਚ ਜਿੰਨਾ ਮਾੜਾ ਸਲੂਕ ਹਿੰਦੂ ਭਈਆਂ ਨਾਲ ਹੁੰਦਾ ਹੈ, ਕਿਸੇ ਹੋਰ ਫਿਰਕੇ ਨਾਲ ਨਹੀਂ ਹੁੰਦਾ। ਤੁਹਾਨੂੰ ਤੇ ਤਰਸੇਮ ਨੂੰ ਆਪਣਾ ਪਰਚਾ ਕਿਰਤੀਆਂ ਦੇ ਹੱਕਾਂ ਵਿਚ ਅਤੇ ਦਿੱਲੀ ਦੀ ਕਿਰਤੀ-ਦੁਸ਼ਮਣ ਸਰਕਾਰ ਨੂੰ ਜਮਹੂਰੀ ਸ਼ਕਤੀਆਂ ਦੁਆਰਾ ਬਦਲਨ ਦੇ ਲੇਖੇ ਲਾਉਣਾ ਚਾਹੀਦਾ ਸੀ। ਤੁਹਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਮਜ਼ਹਬ ਕੋਈ ਵੀ ਹੋਵੇ ਅੰਤਿਮ ਰੂਪ ਵਿਚ ਹਾਕਮ ਜੁੰਡਲੀ ਦੇ ਹੀ ਹੱਕ ਵਿਚ ਭੁਗਤਦਾ ਹੈ ਅਤੇ ਹਮੇਸ਼ਾ ਭੋਲੇ-ਭਾਲੇ ਲੋਕਾਂ ਨੂੰ, ਨਾਜ਼ਿਮ ਹਿਕਮਤ ਦੇ ਸ਼ਬਦਾਂ ਵਿਚ ਆਜੜੀ ਦੇ ਕੁੱਤੇ ਵਰਗੇ ਅੰਨ੍ਹੇ ਤੇ ਘੁਮਿਆਰ ਦੀ ਗੋਈ ਹੋਈ ਮਿੱਟੀ ਵਰਗੇ ਨਰਮ ਬਣਾਉਂਦਾ ਹੈ ਤਾਂ ਕਿ ਉਹ ਹਾਕਮਾਂ ਦੀ ਲੁੱਟ 'ਤੇ ਪਹਿਰਾ ਦੇ ਉਹਨਾਂ ਦੇ ਹੱਥਾਂ ਵਿਚ ਭਾਂਤ-ਭਾਂਤ ਦੇ ਖਿਡਾਉਣੇ ਬਣਦੇ ਚਲੇ ਜਾਣ।

ਮੈਨੂੰ ਇਹ ਵੀ ਪਤਾ ਹੈ ਕਿ ਜੇ ਮੈਂ ਤੁਹਾਡੇ ਪਰਚੇ ਜਾਂ ਤਰਸੇਮ ਦੇ ਪਰਚੇ ਲਈ ਕੋਈ ਲਿਖਤ ਭੇਜਾਂ ਤਾਂ ਤੁਸੀਂ ਛਾਪ ਦੇਵੋਗੇ ਅਤੇ ਪਰਚਾ ਵੀ ਮੈਨੂੰ ਮੁਫਤ ਭੇਜ ਦੇਵੋਗੇ। ਲੋੜ ਪੈਣ 'ਤੇ ਮੇਰਾ ਮਾਣ-ਤਾਣ ਵੀ ਕਰ ਦੇਵੋਗੇ। ਇਹੀ ਤਾਂ ਸੰਕਟ ਸੀ ਇੰਗਲੈਂਡ ਦੇ ਕਈ ਖੱਬੇ-ਪੱਖੀ ਲੇਖਕਾਂ ਦਾ (ਮੈਂ ਗਿਆ-ਗੁਜ਼ਰਿਆਂ ਦੀ ਗੱਲ ਨਹੀਂ ਕਰਦਾ। ਉਹਨਾਂ ਵਿਚਾਰਿਆਂ ਦੀ ਤਾਂ ਹੁਣ ਕੋਈ ਗੱਲ ਕਰਦਾ ਹੀ ਨਹੀਂ) ਉਹਨਾਂ ਦਾ ਮੱਤ ਸੀ ਕਿ ਇਹ ਪਰਚੇ ਬੇਸ਼ਕ ਮਜ਼ਹਬੀ ਜ਼ਹਿਰ ਵੇਚਦੇ ਰਹਿਣ, ਆਪਾਂ ਤਾਂ ਆਪਣਾ ਸੌਦਾ ਵੇਚਣਾ ਹੈ। ਪਰ ਮੈਂ ਸੋਚਦਾ ਹਾਂ ਕਿ ਗੰਦ ਦੇ ਭਰੇ ਸਮੁੰਦਰ ਵਿਚ ਗੰਗਾ-ਜਲ ਦੀ ਇਕ ਛਿੱਟ ਕੀ ਅਰਥ ਰਖਦੀ ਹੈ? ਕੁਝ ਸਮੇਂ ਨੂੰ ਮਜ਼ਹਬੀ ਜਨੂੰਨ ਦਾ ਵਾਵਰੋਲਾ ਖਿੰਡ-ਪੁੰਡ ਜਾਵੇਗਾ ਤੇ ਤੁਸੀਂ ਵੀ ਹਵਾ ਦਾ ਰੁਖ ਵੇਖ ਲੋਕ-ਧਾਰਾ ਵਲ ਮੁਹਾਰਾਂ ਮੋੜੋਗੇ, ਪਰ ਜਿਹੜੀ ਬਰਬਾਦੀ ਤੁਹਾਡੇ ਪਰਚਿਆਂ ਨੇ ਕੀਤੀ ਹੈ ਉਸ ਦਾ ਨਿਰਮਾਣ ਨਵੇਂ ਢੰਗ ਦੇ ਨੰਬਰ ਕੱਢਣ ਨਾਲ ਨਹੀਂ ਹੋ ਸਕਦਾ। ਤਾਰੀਖ ਕੱਛਿਆਂ-ਜਨੇਊਆਂ ਵਾਂਗ ਨਹੀਂ ਧੋਤੀ ਜਾ ਸਕਦੀ।

ਆਖਰੀ ਗੱਲ, ਮਜ਼ਦੂਰਾਂ ਦੀਆਂ ਤਨਖਾਹਾਂ ਦੱਬਣ ਤੇ ਕੰਪਨੀਆਂ ਬਣਾ ਕੇ ਤੋੜਨ ਵਾਲੀ। ਪਹਿਲਾਂ ਤਾਂ ਤੁਸੀਂ ਆਪਣਾ ਵਿਸ਼ਲੇਸ਼ਣ ਕਰੋ ਕਿ ਤੁਸੀਂ ਤਾਂ ਅਜਿਹਾ ਕੋਈ ਬੁਰਾ ਅਮਲ ਨਹੀਂ ਕੀਤਾ। ਮੈਨੂੰ ਪਤਾ ਨਹੀਂ। ਹਾਂ, ਮੈਂ ਤੁਹਾਨੂੰ ਆਪਣੀ ਗਰੰਟੀ ਦੇ ਸਕਦਾ ਹਾਂ ਕਿ ਮੈਂ ਕਦੀ ਕੋਈ ਕੰਪਨੀ ਨਹੀਂ ਬਣਾਈ ਅਤੇ ਨਾ ਹੀ ਕਦੀ ਕੋਈ ਕਾਮਾ ਕੰਮ ਤੇ ਰਖਿਆ ਹੈ। ਦੂਜੀ ਗੱਲ, ਜਦੋਂ ਮੈਂ ਤੁਹਾਡੀਆਂ ਸਤਰਾਂ ਪੜ੍ਹੀਆਂ ਤਾਂ ਮੇਰੇ ਕੋਲ ਦਰਸ਼ਨ ਗਿੱਲ, ਗੁਰਨਾਮ ਤੇ ਹਰਮਿੰਦਰ ਬੈਠੇ ਸਨ ਤੇ ਮੈਂ ਉਹਨਾਂ ਨੂੰ ਆਖਿਆ ਸੀ ਕਿ ਜੇ ਕੋਈ ਅਗਾਂਹਵਧੂ ਸਾਥੀ ਇਸ ਪਾਪ ਦਾ ਭਾਗੀ ਹੈ ਤਾਂ ਇਸ ਧੱਬੇ ਨੂੰ ਧੋ ਦੇਵੇ। ਮੈਂ ਹੁਣ ਵੀ ਲਿਖਤੀ ਰੂਪ ਵਿਚ ਆਖਦਾ ਹਾਂ ਕਿ ਸਾਡੇ ਬੋਲਾਂ ਅਤੇ ਅਮਲਾਂ ਵਿਚ ਦੂਰੀ ਨਹੀਂ ਹੋਣੀ ਚਾਹੀਦੀ। ਸਾਨੂੰ ਜ਼ਿੰਦਗੀ ਦੇ ਨਿਤਨੇਮ ਵਿਚ ਕੋਈ ਅਜਿਹਾ ਅਮਲ ਨਹੀਂ ਕਰਨਾ ਚਾਹੀਦਾ ਜਿਸ ਨਾਲ ਆਤਮਾ ਮੈਲੀ ਹੁੰਦੀ ਹੋਵੇ। ਆਤਮਾ ਦੀ ਕੁਝ ਅਜਿਹੀ ਫਿਲਾਸਫੀ ਹੈ ਕਿ ਇਹ ਪਹਿਲਾਂ ਮੈਲੀ ਹੁੰਦੀ ਹੈ ਤੇ ਫਿਰ ਇਸ ਦੇ ਤੰਦ ਮੈਲ ਪੈ ਜਾਂਦੀ ਹੈ ਤੇ ਇਨਸਾਨ ਪਸ਼ੂਆਂ ਤੋਂ ਵੀ ਡਿਗ ਪੈਂਦਾ ਹੈ। ਪਸ਼ੂਆਂ ਕੋਲ ਬੇਈਮਾਨੀ ਨਾਲ ਜਮ੍ਹਾਂ ਕੀਤੀ ਕੋਈ ਪੂੰਜੀ ਨਹੀਂ ਹੁੰਦੀ।

— ਜਿਸ ਚੀਜ਼ ਪਰ ਕਿਸੀ ਹੱਕਦਾਰ ਕਾ ਹੱਕ ਹਮ ਸੇ ਸਿਵਾ ਹੋ
ਹਮ ਐਸੀ ਕਿਸੀ ਚੀਜ਼ ਕੀ ਹਸਰਤ ਨਹੀਂ ਕਰਤੇ - ਕਾਸਮੀ

ਹੇਅਰ ਸਾਹਿਬ! ਕੋਈ ਗੁਸਤਾਖੀ ਹੋ ਗਈ ਹੋਵੇ ਤਾਂ ਖਿਮਾ ਕਰਨਾ। ਜ਼ਿੰਦਗੀ ਤੁਹਾਨੂੰ ਤੰਦਰੁਸਤੀ ਅਤੇ ਪਰਿਵਾਰਕ ਮੰਗਲ ਬਖਸ਼ੇ!

ਗੁਰਨਾਮ ਬੜਾ ਹੀ ਅਣਥੱਕ ਅਤੇ ਵਧੀਆ ਡਰਾਈਵਰ ਹੈ। ਕਾਰ ਮਾਣਮੱਤੀ ਮੁਟਿਆਰ ਵਾਂਗ ਤੁਰੀ ਜਾ ਰਹੀ ਸੀ। ਕਈ ਵਾਰ ਤਾਂ ਇੰਜ ਜਾਪਦਾ ਸੀ ਜਿਵੇਂ ਪਹਾੜਾਂ ਦੇ ਅੰਦਰ ਕਿਸੇ ਗੁਫਾ ਵਿਚ ਜਾ ਵੜੇਗੀ, ਪਤਾਲ ਲੋਕ ਵਿਚ। ਆਲੇ-ਦੁਆਲੇ ਆਕਾਸ਼-ਛੂੰਹਦੇ ਪਹਾੜ ਤੇ ਸੰਘਣੇ ਜੰਗਲ ਸਨ। ਕੁਦਰਤ ਦੀ ਸੁੰਦਰਤਾ ਦਾ ਰਾਜ ਵੇਖ ਮੈਂ ਪ੍ਰਕਾਸ਼ ਨੂੰ ਆਖਿਆ ਕਿ ਪਹਿਲਗਾਮ ਸੀ ਇਨਾ ਸੁੰਦਰ! ਉਹ ਆਖਣ ਲੱਗੀ ਕਿ ਨਹੀਂ ਇਹ ਪਹਿਲਗਾਮ ਨਾਲੋਂ ਵੀ ਸੋਹਣਾ ਹੈ। ਪਹਿਲਗਾਮ ਦੀ ਗੰਦਗੀ ਵੇਖ ਜੀਅ ਮਤਲਾਉਣ ਲੱਗ ਪੈਂਦਾ ਹੈ।

ਅਸੀਂ ਚਾਨਣੇ-ਚਾਨਣੇ ਹੀ ਰਛਪਾਲ ਸਿੰਘ ਗਰੇਵਾਲ ਤੇ ਬੀਬੀ ਦਰਸ਼ਨ ਕੌਰ ਦੇ ਘਰ ਪੈਨਟਿਕਟਨ ਪਹੁੰਚ ਗਏ। ਕੁਦਰਤ ਦੀ ਗੋਦੀ ਵਿਚ ਸਿਰਜਿਆ ਹੋਇਆ ਛੋਟਾ ਜਿਹਾ ਸ਼ਹਿਰ ਸੀ, ਇਕ ਪਾਸੇ ਸਮੁੰਦਰ ਤੇ ਦੂਜੇ ਪਾਸੇ ਪਹਾੜ। ਪਹਾੜਾਂ ਵਿਚੋਂ ਸੂਰਜ ਨਿਕਲਦਾ ਤੇ ਸਮੁੰਦਰ ਵਿਚ ਡੁੱਬ ਜਾਂਦਾ। ਰਛਪਾਲ ਸਿੰਘ ਹੋਰਾਂ ਦਾ ਘਰ ਬਹੁਤ ਸੋਹਣੀ ਥਾਂ ਸੀ। ਉਹ ਆਪ ਬਿਲਡਰ ਹੋਣ ਕਰਕੇ, ਘਰ ਉਹਨਾਂ ਨੇ ਆਪ ਹੀ ਬਣਾਇਆ ਸੀ। ਭੈਣ ਦਰਸ਼ਨ ਨੇ ਬਹੁਤ ਚੰਗਾ ਖਾਣਾ ਬਣਾਇਆ ਹੋਇਆ ਸੀ। ਅਸੀਂ ਗਿਆਰਾਂ ਵਜੇ ਪੈ ਗਏ ਪਰ ਦਰਸ਼ਨ, ਗੁਰਨਾਮ ਤੇ ਰਛਪਾਲ ਡੇਢ ਵਜੇ ਤੀਕ ਗੱਲਾਂ ਕਰਦੇ ਰਹੇ ਅਤੇ ਰਛਪਾਲ ਦਾ ਤਿੱਖਾ ਬੋਲ ਮੈਨੂੰ ਮੱਧਮ-ਮੱਧਮ ਸੁਣਦਾ ਰਿਹਾ। ਢਾਈ ਕੁ ਵਜੇ ਮੈਂ ਆਪਣੀ ਆਦਤ ਅਨੁਸਾਰ ਵਾਸ਼ਰੂਮ ਜਾਣ ਲਈ ਉਠਿਆ। ਦੱਸੇ ਹੋਏ ਰਾਹ ਵਿਚੋਂ ਦੀ ਲੰਘਿਆ ਤਾਂ ਮੈਨੂੰ ਘੁਰਾੜਿਆਂ ਦੀ ਭਰਮਾਰ ਸੁਣੀ। ਇਕ ਕਮਰੇ ਵਿਚੋਂ ਦਰਸ਼ਨ ਦੇ ਘੁਰਾੜੇ ਆ ਰਹੇ ਸਨ ਤੇ ਦੂਜੇ ਵਿਚੋਂ ਗੁਰਨਾਮ ਦੇ ਹਮਲਾਵਰ ਸਨ। ਮੈਂ ਕਲਪਣਾ ਵਿਚ ਉਹਨਾਂ ਦੀਆਂ ਬਹਾਦਰ ਤੇ ਧੀਰਜਵਾਨ ਪਤਨੀਆਂ ਨੂੰ ਪ੍ਰਣਾਮ ਕੀਤਾ ਤੇ ਆ ਕੇ ਸੌਂ ਗਿਆ।

* * * * *

.ਗ਼ਜ਼ਲ

ਸਤਿਨਾਮ ਸਿੰਘ 'ਰਟੈਂਡਾ' ਯੂ. ਐਸ. ਏ.

(ਆਪਣੇ ਪਿਆਰ ਦੇ ਨਾਂ)

ਉਮਰ ਦੀ ਪੌੜੀ ਵਖਤ ਦੇ ਪੌਡੇ, ਤੇਰੇ ਬਿਨ ਹੁਣ ਚੜ੍ਹੇ ਨਾ ਜਾਂਦੇ।
ਹਿਜ਼ਰ ਦੇ ਡਾਢੇ ਝਗੜੇ ਸਜਣਾ, ਕੱਲਿਆਂ ਤੋਂ ਹੁਣ ਲੜੇ ਨਾ ਜਾਂਦੇ।
ਬੜੀ ਪਲੋਸੀ ਮਨ ਆਪਣੇ ਦੀ, ਫੋਕੇ ਵਾਅਦਿਆਂ ਨਾਲ ਤਮੰਨਾ,
ਬਾਗੀ ਹੋ ਗਈ ਹੁਣ ਤਾਂ ਮੈਥੋਂ, ਝੂਠੇ ਲਾਰੇ ਘੜੇ ਨਾ ਜਾਂਦੇ।
ਪਿਆਰ ਦੀ ਮੁੱਠੀ ਦੇ ਵਿਚ ਲੋਕਾਂ, ਘੁਟਿਆ ਰੋੜਾ ਧੋਖੇ ਦਾ ਹੈ,
ਪਲੜੇ ਦੇ ਵਿੱਚ ਮਤਲਬ ਬੰਨਿਆ, ਲੜ ਲੋਕਾਂ ਦੇ ਫੜੇ ਨਾ ਜਾਂਦੇ।
ਪਿਆਰ ਤੇਰੇ ਬਿਨ ਖਾਲੀ ਸੱਜਣਾ, ਤੱਪਦੇ ਨਾਲ ਜੁਦਾਈਆਂ ਦੇ,
ਅਲ੍ਹੜ ਜਿਹੇ ਅਰਮਾਨ ਦੇ ਭਾਂਡੇ, ਹੰਝੂਆਂ ਦੇ ਨਾਲ ਭਰੇ ਨਾ ਜਾਂਦੇ।
ਸਿਖਰ ਤੇ ਆਕੇ ਸੂਰਜ ਸਾਡੇ, ਰਾਤੀਂ ਕਾਲਖ ਤੋਂ ਡਰ ਲਗਦੇ,
ਸਰਘੀਆਂ ਦੇ ਵਿੱਚ ਜਿਗਰ ਤੋਂ ਉਠਦੇ, ਦਰਦ ਨਿਮਾਣੇ ਜ਼ਰੇ ਨਾ ਜਾਂਦੇ।
ਤੜਫ ਤੜਫ ਕੇ ਸੋਚਾਂ ਜ਼ਖਮੀ, ਦਿਲ ਦਾ ਦਰਦ ਵਧਾਇਆ,
ਮਰ੍ਹਮ ਵਸਲ ਦੀ ਖੁਣੋਂ ਵੇ ਹੁਣ ਤਾਂ, ਸਬਰ ਦੇ ਫੰਬੇ ਧਰੇ ਨਾ ਜਾਂਦੇ।
ਵਿਛੜੇ ਮੀਤ ਮਿਲਾਵੇ ਜਿਹੜਾ, ਉਸ ਨੂੰ ਕਦਰੇ ਅਰਜ਼ 'ਰਟੈਂਡਾ',
ਖੰਭਾਂ ਦੀ ਇਕ ਦਾਤ ਬਖਸ਼ਦੇ, ਬਿਰਹੋਂ ਸਾਗਰ ਤਰੇ ਨਾ ਜਾਂਦੇ।

ਸਾਹਿਤ ਦਾ ਬੂਟਾ

ਮੁਹਿੰਦਰ ਸਿੰਘ ਘੱਗ, ਕੈਲੇਫੋਰਨੀਆਂ

ਆਪਣੇ ਵੇਹੜੇ ਵਿਚ, ਅਸੀਂ ਬੂਟਾ ਲਾਇਆ ਏ
ਸਾਡੇ ਵੇਹੜੇ ਦਾ ਅਜ ਰੂਪ ਸਵਾਇਆ ਏ
ਅਸੀਂ ਆਪਣੀਆਂ ਕਲਮਾਂ ਨਾਲ ਇਹਨੂੰ ਗੋਡੀ ਲਾਵਾਂਗੇ
ਆਪਣੇ ਅਰਮਾਨਾਂ ਦਾ ਇਹਨੂੰ ਪਾਣੀ ਪਾਵਾਂਗੇ।
ਇਹ ਦਿਨ ਵੀ ਵਧੇਗਾ, ਇਹ ਰਾਤ ਵੀ ਵਧੇਗਾ
ਇਹ ਗਰਮੀਆਂ ਠੰਡਾਂ ਤੇ, ਬਰਸਾਤ ਵੀ ਵਧੇਗਾ
ਇਹ ਬੂਟਾ ਨਿਆਰਾ ਏ, ਇਹ ਸਭ ਨੂੰ ਪਿਆਰਾ ਏ
ਨਾ ਦਿੰਦਾ ਧੋਖਾ ਏ, ਨਾ ਲਾਉਂਦਾ ਲਾਰਾ ਏ
ਇਹ ਬੂਟਾ ਸਾਹਿਤ ਦਾ,
ਇਹਦਾ ਤਣਾ ਕਹਾਣੀ ਏ, ਇਹਦਾ ਟਾਹਣਾ ਕਵਿਤਾ ਏ
ਗਜ਼ਲਾਂ ਦੀ ਡੋਡੀ ਏ, ਗੀਤਾਂ ਦਾ ਪੱਤਾ ਏ
ਇਹਦੇ ਸਦਾ ਬਹਾਰਾਂ ਨੇ, ਅਤੇ ਪਤਝੜ ਆਉਂਦੀ ਨਹੀਂ
ਕਲੀ ਜੋ ਖਿੜ ਜਾਂਦੀ, ਉਹ ਫਿਰ ਮੁਰਝਾਉਂਦੀ ਨਹੀਂ।
ਦਰਦਾਂ ਦਾ ਸਾਂਝੀ ਏ, ਇਹ ਦੁੱਖ ਵੰਡਾਉਂਦਾ ਏ।
ਇਹ ਬਿਰਹੋਂ ਕੁਠਿਆਂ ਨੂੰ
ਇਹ ਬਿਰਹੋਂ ਕੁਠਿਆਂ ਨੂੰ, ਵੀ ਠੰਡਕ ਪਾਉਂਦਾ ਏ।
ਇਹ ਸੁਟ ਕੇ ਸਭ ਦੀਆਂ, ਸੀਨੇ ਹੈ ਸਮਾ ਲੈਂਦਾ।
ਇਹ ਪਿਆਰ ਹੀ ਵੰਡਦਾ ਹੈ, ਛਾਤੀ ਨਾਲ ਲਾ ਲੈਂਦਾ।
ਇਹਦੀ ਗੂਹੜੀ ਛਾਂ ਤਕ ਕੇ, ਇਹਦੇ ਥੱਲੇ ਬੈਠਾਂਗੇ।
ਕਹਾਣੀ ਵੀ ਸੁਣਾਵਾਂਗੇ, ਕਵਿਤਾ ਵੀ ਗਾਵਾਂਗੇ।
ਵਾਰਾਂ ਵੀ ਗਾਵਾਂਗੇ, ਢੋਲੇ ਵੀ ਲਾਵਾਂਗੇ।
ਕਈ ਛੈਲ ਛਬੀਲੇ, ਲੋਕ ਗੀਤ ਵੀ ਗਾਵਣਗੇ।
ਬਿਰਹੋਂ ਦੇ ਸਲੇ ਹੋਏ



ਬਿਰਹੋਂ ਦੇ ਸਲੇ ਹੋਏ, ਗ਼ਜ਼ਲਾਂ ਵੀ ਗਾਵਣਗੇ।
ਇਹ ਬੂਟਾ ਸਾਹਿਤ ਦਾ, ਸਾਡੇ ਵਿਹੜੇ ਲੱਗਾ ਏ।
ਇਹ ਦਿਨ ਵੀ ਵਧੇਗਾ, ਇਹ ਰਾਤ ਵੀ ਵਧੇਗਾ।
ਇਹ ਗਰਮੀਆਂ ਠੰਡਾਂ ਤੇ, ਬਰਸਾਤ ਵੀ ਵਧੇਗਾ।
ਇਹ ਬੂਟਾ ਸਾਹਿਤ ਦਾ, "ਘਗ" ਬੜਾ ਨਿਆਰਾ ਏ।
ਸਭ ਨੂੰ ਹੀ ਪਿਆਰਾ ਏ, ਸਭ ਨੂੰ ਹੀ ਪਿਆਰਾ ਏ!!

GLOBAL IMMIGRATION SERVICES



WE ARE PROVIDING ALL IMMIGRATION SERVICES.

ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

For Further Consultation Contact

KARNAIL SINGH NAGRA

11420 GRANVILLE AVE. RICHMOND. B.C.

PH. (604) 270-2100

Success Through Service & Experience

AWARD WINNER

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

For Professional Market Evaluation or Consultation

Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

Ph. Bus: 437-9431 Res: 434-4660

UNITED REALTY LTD.

2443 Kingsway, Vancouver, B.C. V5R 5G8



Ajaib S. Janda


MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

Bhupinder(Bob) Sihota

Ph. 433-1207

Mint Auto Body Ltd.

5590 Lane Street, BURNABY, B.C. V5H 2H5



ਕੈਨੇਡੀਅਨ ਪੰਜਾਬੀ ਕਵਿਤਾ ਦਾ ਨਵਾਂ ਤਾਰਾ — ਰਵਿੰਦਰ ਗਿੱਲ

ਰਵਿੰਦਰ ਗਿੱਲ ਦਾ 20 ਕੁ ਸਾਲ ਦੀ ਛੋਟੀ ਉਮਰੇ ਕਵਿਤਾ ਖੇਤਰ ਵਿਚ ਪ੍ਰਵੇਸ਼ ਕਰਨਾ ਪੰਜਾਬੀ ਬੋਲੀ ਲਈ ਬਹੁਤ ਸ਼ੁਭ-ਸ਼ਗਨਾ ਹੈ। ਮਾਂ-ਬੋਲੀ ਤਾਂ ਇਕ ਪਾਸੇ, ਕੈਨੇਡਾ ਆ ਕੇ ਲੋਕ ਮਾਵਾਂ ਨੂੰ ਵੀ ਭੁੱਲ ਜਾਂਦੇ ਹਨ। ਪੱਛਮੀ ਸਭਿਅਤਾ ਦੀ ਰੰਗਤ ਵਿਚ ਰੰਗੀ ਪੰਜਾਬੀ ਪ੍ਰਵਾਸੀਆਂ ਦੀ ਨਵੀਂ ਉਠ ਰਹੀ ਪੀੜ੍ਹੀ ਵਿਚੋਂ ਉਠ ਪੰਜਾਬੀ ਕਵੀ ਦੇ ਤੌਰ ਤੇ ਪੇਸ਼ ਹੋਣਾ ਰਵਿੰਦਰ ਦਾ ਬਹੁਤ ਹੀ ਸਲਾਹੁਨਾ ਯੋਗ ਯਤਨ ਹੈ। ਭਾਵੇਂ ਰਵਿੰਦਰ ਦੀ ਕਚੇਰੀ ਉਮਰ ਵਾਂਗ ਕਵਿਤਾ ਪ੍ਰਤੀ ਉਸਦੀ ਪਕੜ ਵੀ ਕਚੇਰੀ ਹੈ, ਪਰ ਉਹ ਕਾਵਿ-ਮਨ ਦਾ ਸਵਾਮੀ ਜ਼ਰੂਰ ਹੈ। ਆਪਣੀ ਜਨਮ-ਭੂਮੀ ਪੰਜਾਬ ਲਈ ਉਸਦੇ ਦਿਲ ਵਿਚ ਦਰਦ ਹੈ। ਉਹ ਆਪਣੀ ਪੁਸਤਕ 'ਚਾਨਣ ਦੀ ਭਾਲ' ਦੀ ਪਹਿਲੀ ਕਵਿਤਾ 'ਜ਼ਿਕਰ' ਵਿਚ ਆਖਦਾ ਹੈ :—

ਪਿਛਲੇ ਕਈ ਸਾਲਾਂ ਤੋਂ
ਚੜ੍ਹਦੇ ਪਾਸਿਉਂ ਹੀ ਚੜ੍ਹਦਾ ਹੈ
ਟੁੱਟੇ ਅੰਗਾਂ ਦੇ ਦਰਦ ਨਾਲ ਹੂੰਗਦਾ
ਚੁੰਧਿਆਈਆਂ ਅੱਖਾਂ ਮਲਦਾ
ਥਕਿਆ ਸੂਰਜ,
ਤੇ ਰੋਜ਼ ਦੀ ਤਰ੍ਹਾਂ
ਕਾਰਤੂਸਾਂ ਤੇ ਬੰਬਾਂ ਨਾਲ
ਆਪਣੀ ਧੁੱਪ ਨੂੰ ਜ਼ਖਮੀ ਕਰਵਾ
ਖ਼ੂਨ ਨਾਲ ਲੱਥ-ਪੱਥ
ਜਾ ਡਿੱਗਦਾ ਹੈ
ਲੋਕਾਂ ਦੀ ਜਿੰਦਗੀ ਵਾਂਗ
ਚਿੱਬ-ਖੜਿੱਬੀ ਧਰਤੀ ਉਤੇ।

ਕਿੰਨਾ ਕਾਵਿ-ਮਈ ਹੈ ਇਹ ਬਿੰਬ ਪੰਜਾਬ ਦੀ ਹੋਣੀ ਵਾਂਗ ਬੇਹਾਲ ਹੁੰਦੇ ਸੂਰਜ ਦਾ। ਰਵਿੰਦਰ ਨੂੰ ਕੁਦਰਤ ਵੀ ਪੰਜਾਬ ਦੇ ਦੁੱਖ ਵਾਂਗ ਲਹੂ-ਲੁਹਾਣ ਹੁੰਦੀ ਜਾਪਦੀ ਹੈ। ਆਪਣੀ ਕਵਿਤਾ 'ਪਤਾ ਨਹੀਂ' ਵਿਚ ਰਵਿੰਦਰ ਨੂੰ ਜੋ ਕੁਝ ਪੰਜਾਬ ਵਿਚ ਵਾਪਰ ਰਿਹਾ ਹੈ, ਉਸ ਸਦਕਾ ਪੰਜਾਬ ਦੀ ਦੁਪਹਿਰ ਵੀ ਰਾਤ ਨਾਲੋਂ ਕਾਲੀ ਭਾਸਦੀ ਹੈ

ਪਤਾ ਨਹੀਂ
ਇਹ ਕਿੱਦਾਂ ਦਾ ਵਕਤ ਹੈ
ਕਿ ਰਾਤ ਨਾਲੋਂ ਵੀ
ਕਿਤੇ ਕਾਲੀ ਹੈ ਦੁਪਹਿਰ।
ਪਤਾ ਨਹੀਂ
ਹਰ ਮੰਜ਼ਿਲ ਦੇ ਰਾਹ ਵਿਚ
ਕਿਸਨੇ ਕੰਡੇ ਬੀਜੇ ਨੇ,
ਪਤਾ ਨਹੀਂ
ਕਿਸਨੇ ਘੋਲੀ ਹੈ
ਵਗਦੇ ਪਾਣੀਆਂ 'ਚ ਜ਼ਹਿਰ।

ਆਪਣੀ ਕਵਿਤਾ 'ਹੱਕ' ਵਿਚ ਉਹ ਚੇਤੰਨ ਤੌਰ ਤੇ ਕਰਮਾਂ-ਧਰਮਾਂ ਦੇ ਪਰੰਪਰਾਈ ਤੁੰਬ ਨੂੰ ਲੀਰੋ-ਲੀਰ ਕਰ ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ ਮਨੁੱਖ ਕੋਲ ਦਸਦਾ ਹੋਇਆ ਕਹਿੰਦਾ ਹੈ :—

ਜਿੱਥੇ ਵੀ ਕਦੇ
ਮਨੁੱਖ ਦੇ ਜਿੰਦਗੀ ਜਿਉਣ ਦੇ
ਹੱਕਾਂ ਨੂੰ ਖੋਹਿਆ ਗਿਆ
ਉਥੇ ਹੀ ਕਿਸੇ
ਨਵੀਂ ਸਮੱਸਿਆ ਨੇ ਜਨਮ ਲਿਆ
ਇਸ ਲਈ ਜਿਉਂਦੇ ਜਾਗਦਿਉ!
ਜਿਉਣ ਦੇ ਇਨ੍ਹਾਂ ਹੱਕਾਂ ਨੂੰ
ਹੋਰ ਨਾ ਜ਼ਖਮੀਂ ਕਰੋ।
ਆਉਣ ਵਾਲੀਆਂ ਜਿੰਦਗੀਆਂ ਦੇ
ਹੱਕਾਂ ਦੀ ਰਾਖੀ ਕਰੋ।

ਇਹ ਸਤਰਾਂ ਪੜ੍ਹਕੇ ਸਾਡਾ ਧਿਆਨ ਇਕਦਮ ਪੰਜਾਬੀਆਂ ਤੇ ਫਲਸਤੀਨੀਆਂ ਦੀ ਹੋਣੀ ਵਲ ਜਾਂਦਾ ਹੈ। ਇਹ ਸਾਡੀ ਇਸ ਯੁੱਗ ਦੀ ਸਭ ਤੋਂ ਵੱਡੀ ਤਲਖ ਸਚਾਈ ਹੈ ਕਿ ਥਾਂ-ਥਾਂ ਲੋਕਾਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ ਤੇ ਜਰਵਾਣੇ ਮੱਲਾਂ ਮਾਰੀ ਬੈਠੇ ਹਨ। ਕਵਿਤਾ ਜੇ ਸਮਾਜ ਦਾ ਸ਼ੀਸ਼ਾ ਨਹੀਂ ਤਾਂ ਕੁਝ ਵੀ ਨਹੀਂ। ਕਾਸ਼! ਇਹ ਵਰਣਨ ਕੁਝ ਵਧੇਰੇ ਕਾਵਿਕ ਪੱਧਰ ਤੇ ਹੁੰਦਾ।



ਰਵਿੰਦਰ ਸਿੰਘ ਗਿੱਲ

ਅੱਗੇ ਚੱਲਕੇ 'ਹੋਂਦ' ਉਸਦੀ ਬਹੁਤ ਹੀ ਸੋਹਣੀ ਕਵਿਤਾ ਹੈ। ਔਰਤ ਨੇ ਆਪਣੀ ਹੋਂਦ ਨੂੰ ਪਛਾਣ ਲਿਆ ਹੈ ਤੇ ਉਸ ਨੂੰ ਸੰਵਾਰਨ ਲਈ ਉਹ ਆਪ ਹਿਮਤ ਕਰ ਰਹੀ ਹੈ :

ਹੁਣ ਉਨ੍ਹਾਂ ਦੇ
ਆਪਣੇ ਹੱਥਾਂ ਵਿੱਚ
ਕੁੱਲੀ, ਗੁੱਲੀ ਤੇ ਜੁੱਲੀ
ਦੀਆਂ ਲਕੀਰਾਂ ਹਨ
ਤੇ ਪੈਰਾਂ ਥੱਲੇ
ਆਪਣੀ ਸੋਚ ਸਮਝ ਦਾ
ਆਪਣਾ ਸਫਰ।

ਕਵਿਤਾ 'ਚਾਨਣ ਦੀ ਭਾਲ' ਵਿਚ ਹੇਠਲੀਆਂ ਕੁਝ ਸਤਰਾਂ ਖਾਸ ਤੌਰ ਤੇ ਸਲਾਹੁਣ ਯੋਗ ਹਨ :—

ਤੁਸੀਂ ਵੇਖੀ ਤਾਂ ਹੋਵੇਗੀ
ਸਕੂਲ ਦੀ ਚਾਰ ਦਿਵਾਰੀ
ਜਿਥੇ ਹਰ ਰੋਜ਼ ਰਚਦਾ
ਠਾਕਰ ਪੂਜਾ ਜਿਹਾ ਅਡੰਬਰ।
ਜਿਥੇ ਜਨ ਗਨ ਦੀ ਘੰਟੀ ਤੋਂ ਬਾਅਦ
ਅੰਬਰਾਂ ਨੂੰ ਛੋਹ ਜਾਂਦੀ
ਉਚੀ-ਉਚੀ ਪਹਾੜੇ ਕਹਾਉਣ ਦੀ ਅਵਾਜ਼
ਫੇਰ ਫੱਟੀਆਂ ਧੋਣ ਦੀ ਰਸਮ
ਫੇਰ ਫੱਟੀਆਂ ਲਿਖਣ ਦਾ ਰਿਵਾਜ਼।
ਵੱਜਦਾ ਸੀ ਜੋ ਮੇਰੇ ਬਾਬੇ ਦੇ ਵੇਲੇ
ਅੱਜ ਵੀ ਵੱਜੇ
ਉਹ ਹੀ ਵਿਦਿਆ ਦਾ ਸਾਜ।
ਦੱਸੋ ਤਾਂ ਭਲਾ
ਫਿਰ ਕਿਵੇਂ ਬਦਲੇ ਸਮਾਜ?

ਇਸ ਕਵਿਤਾ ਦਾ ਅੰਤ ਇਸ ਤੋਂ ਵੀ ਪਿਆਰਾ ਹੈ। ਕਵਿਤਾ 'ਪੋਸਟ ਮਾਰਟਮ' ਵਿਚ ਸਾਰਾ ਬਿਆਨ ਭਾਵੇਂ ਸਿੱਧ-ਪੱਧਰੀ ਵਾਰਤਕ ਹੈ, ਪਰ ਹੈ ਬਹੁਤ ਹੀ ਦਿਲਚਸਪ। ਪੰਜਾਬੀ ਪੇਂਡੂ ਜੀਵਨ ਦੇ ਵਿਕੋਲਿਤਰੇ ਪਰ ਹਸਾਉਣੇ ਜੀਵਨ ਦੀ ਇਹ ਇਕ ਜਿਉਂਦੀ ਜਾਗਦੀ ਤਸਵੀਰ ਹੈ। ਇਸ ਕਵਿਤਾ ਦੀਆਂ ਆਖਰੀ ਸਤਰਾਂ ਕਵੀ ਦੀ ਰਾਜਸੀ ਚੇਤੰਨਤਾ ਦੀ ਹਾਮੀ ਭਰਦੀਆਂ ਹਨ :—

ਹੁਣ ਇਹ ਪ੍ਰਦੇਸੀ
ਪਿੰਡ ਕਦੀ ਨਹੀਂ ਪਰਤਣਗੇ
ਕਿਉਂਕਿ ਹੁਣ ਇਹਨਾਂ ਨੂੰ
ਸਿਰਫ ਰੋਟੀ ਦੀ ਹੀ ਲੋੜ ਨਹੀਂ,
ਸਗੋਂ ਹੱਥੀਂ ਸਹੇੜੇ ਨਿਰੰਤਰ ਰਿਸਦੇ
ਜ਼ਖਮਾਂ ਲਈ
ਮੱਲਮ ਦੀ ਵੀ ਜ਼ਰੂਰਤ ਹੈ।

ਇਸੇ ਤਰ੍ਹਾਂ 'ਵਤਨ ਤੋਂ ਦੂਰ' ਵਿਚ ਅਜੇ ਵੀ ਜਗੀਰਦਾਰੀ ਯੁੱਗ ਵਿਚ ਵਸਦੇ ਪੰਜਾਬ ਦਾ ਬਹੁਤ ਰੋਚਕ ਵਰਣਨ ਹੈ। ਕਵਿਤਾ 'ਚਮਕਦਾ ਸੱਚ' ਵਿਚ ਕਵੀ ਪਿਆਰ ਨੂੰ ਆਦਰਸ਼ਿਆ ਕੇ ਪੇਸ਼ ਕਰਦਾ ਹੈ। ਪਿਆਰ ਉਸ ਲਈ ਕੇਵਲ ਦੋ ਜਿਸਮਾਂ ਦੀ ਖੇਡ ਹੀ ਨਹੀਂ, ਸਗੋਂ ਸਰੀਰਕ ਮੇਲ ਲਈ ਤੜਪ ਤੇ ਤਾਂਘ ਤੋਂ ਕਿਤੇ ਵੱਧ ਸੂਖਮ ਹੈ :—

ਤੇਰੇ ਕਾਲੇ ਸਿਆਹ ਵਾਲਾਂ ਦੀ
ਸੰਘਣੀ ਛਾਂ ਕਰਕੇ ਨਹੀਂ
ਨਾ ਹੀ ਤੇਰੇ ਜਿਸਮ ਦੀ
ਧਰਤੀ ਦੀਆਂ ਉਚਾਣਾਂ ਨਿਮਾਣਾਂ ਤੇ
ਅੱਤ ਦੀ ਹਰਿਆਲੀ ਕਰਕੇ,
ਜੇ ਇਹ ਨਾ ਵੀ ਹੁੰਦੇ
ਮੈਂ ਤਦ ਵੀ ਤੈਨੂੰ ਪਿਆਰ ਕਰਦਾ
ਕਿਉਂਕਿ ਪਿਆਰ ਦਾ
ਕੋਈ ਕਾਰਨ ਨਹੀਂ ਹੁੰਦਾ।

ਪਿਆਰ ਦੇ ਰਾਹ ਵਿਚ ਪੈਂਦੀਆਂ ਆਰਥਿਕ ਰੁਕਾਵਟਾਂ ਤੇ ਸਮਾਜਿਕ ਜ਼ੁੰਮੇਂਵਾਰੀਆਂ ਦਾ ਬਹੁਤ ਹੀ ਵਧੀਆ ਚਿੰਨ੍ਹਾਤਮਕ ਵਰਣਨ ਉਸਦੀ 'ਤੂੰ ਇੰਤਜਾਰ ਕਰੀਂ' ਕਵਿਤਾ ਵਿਚ ਮਿਲਦਾ ਹੈ। ਕਵਿਤਾ 'ਮੈਂ, ਜੋ ਮੈਂ ਹਾਂ', ਰਾਹੀਂ ਨੌਜਵਾਨ ਕਵੀ ਆਪਣੇ ਜੀਵਨ ਫਲਸਫੇ ਤੇ ਝਾਤ ਪੁਆਉਂਦਾ ਹੈ। ਉਸਨੇ ਨਿੱਕੀ ਉਮਰੇ ਹੀ ਜਿੰਦਗੀ ਪ੍ਰਤੀ ਇਕ ਤੰਦਰੁਸਤ ਪਹੁੰਚ ਅਪਨਾ ਲਈ ਹੈ। ਉਹ ਆਪਣੀ 'ਮੈਂ' ਦਾ ਪੁਜਾਰੀ ਹੁੰਦਾ ਹੋਇਆ ਵੀ ਕਿਸੇ 'ਤੂੰ' ਦਾ ਪੁਜਾਰੀ ਹੈ। ਕਵਿਤਾ ਵਿਚ ਕਿਸੇ 'ਤੂੰ' ਦੀ ਪੂਜਾ ਦਾ ਸੰਕਲਪ ਸਾਰੀਆਂ ਸਮਾਜਿਕ ਵਿਰੋਧਤਾਈਆਂ ਦੇ ਬਾਵਜੂਦ ਭਰਵੇਂ ਰੂਪ ਵਿਚ ਉਘੜਦਾ ਹੈ। ਕਵਿਤਾ ਦੀ 'ਮੈਂ' ਸਾਰੇ ਸਮਾਜਿਕ ਤਾਣੇ ਪੇਟੇ ਪ੍ਰਤੀ ਚੇਤੰਨ ਹੈ। ਇਹ 'ਮੈਂ' ਸਮਾਜਿਕ ਕੁਰੀਤੀਆਂ ਦੀ ਕਾਂਟ-ਛਾਂਟ ਕਰਦੀ ਆਪਣਾ ਅਸਤਿਤਵ ਕਾਇਮ ਰਖਦੀ ਹੈ :—

... ਕਿਉਂਕਿ ਮੇਰੀ 'ਮੈਂ' ਨੂੰ
ਪੁਰਖਾਂ ਦੀਆਂ ਕਹਾਣੀਆਂ ਦਾ
ਮੁਕਟ ਪਹਿਨ ਚੱਲਣ ਦੀ ਆਦਤ ਨਹੀਂ
ਮੇਰੀ 'ਮੈਂ' ਆਪਣੇ ਨਾਂ ਦਾ ਮੁਕਟ ਪਹਿਨੇਗੀ।

ਇਸ ਕਾਵਿ-ਸੰਗ੍ਰਹਿ ਦੇ ਤੀਜੇ ਭਾਗ ਵਿਚ ਉਸਦੀਆਂ ਸ਼ੁਰੂ ਸ਼ੁਰੂ ਦੀਆਂ ਕਿਰਤਾਂ ਹਨ, ਜਿਨ੍ਹਾਂ ਦਾ ਆਪਣਾ ਇਤਿਹਾਸ ਹੈ। ਇਹਨਾਂ ਵਿਚੋਂ 'ਪਿਆਰ ਕਰੀਏ' ਕਵਿਤਾ ਵਿਚ ਕਵੀ ਪਿਆਰ ਨੂੰ ਆਦਰਸ਼ਿਆਂਦਾ ਤੇ ਫਲਸਫਾਂਦਾ ਹੈ :—

ਪਿਆਰ ਤਾਂ ਇੱਕ ਵਿਸ਼ਵਾਸ਼ ਦਾ ਨਾਂ ਹੈ।
ਪਿਆਰ ਤਾਂ ਇੱਕ ਅਹਿਸਾਸ ਦਾ ਨਾਂ ਹੈ।
ਲੱਖ ਬੁਝਾਇਆਂ ਜੋ ਨਾ ਬੁਝਦੀ
ਪਿਆਰ ਤਾਂ ਉਸ ਪਿਆਸ ਦਾ ਨਾਂ ਹੈ।
ਪਿਆਰ ਤਾਂ ਜ਼ਿੰਦਗੀ ਦਾ ਜਿਉਣਾ
ਆ ਜਿਉਣਾ ਸਵੀਕਾਰ ਕਰੀਏ।
ਆ ਸੱਜਣਾ ਆ ਪਿਆਰ ਕਰੀਏ।

ਕਿਧਰੇ-ਕਿਧਰੇ ਉਸਦੀ ਕਵਿਤਾ ਅਸਲੋਂ ਹੀ ਉਚੀਆਂ ਟੀਸੀਆਂ ਛੋਹਦੀ ਪ੍ਰਤੀਤ ਹੁੰਦੀ ਹੈ :—

ਮੈਂ ਤਾਂ ਮਾਏ ਦਿਲ ਦੀ ਧਰਤੀ
ਪਿਆਰ ਦੇ ਸੁਪਨੇ ਬੀਜੇ।
ਫਿਰ ਵੀ ਗਮ ਹੀ ਨਜ਼ਰੀ ਆਏ
ਦਿਲ ਦੀ ਮਾਂ ਦਹਿਲੀਜੇ।
ਗਮਾਂ 'ਚ ਮਾਏ ਉਲਝ ਕੇ ਮੇਰੇ
ਸੁਪਨੇ ਹੋ ਗਏ ਚੂਰਾ।
ਮਾਏ ਨੀ ਮਾਏ!
ਮੇਰਾ ਪਿਆਰ ਦਾ ਗੀਤ ਅਧੂਰਾ।

ਲੇਬਰ ਪਾਰਟੀ ਵਲੋਂ ਏਸ਼ੀਅਨ ਔਰਤਾਂ ਨੂੰ ਟਿਕਟ ਦੀ ਪੇਸ਼ਕਸ਼

ਸਾਊਥਾਲ —— ਵਾਕਸਲੋ ਵਾਰਡ ਵਿਚ ਕੌਂਸਲਰ ਪੀਟਰ ਸੇਨੈਲਟ ਵਲੋਂ ਅਸਤੀਫਾ ਦੇਣ ਕਾਰਨ ਖਾਲੀ ਥਾਂ ਲਈ ਉਪਚੋਣ ਹੋ ਰਹੀ ਹੈ। ਲੇਬਰ ਲੀਡਰਾਂ ਨੇ ਏਸ਼ੀਅਨ ਔਰਤਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਅੱਗੇ ਆਉਣ ਅਤੇ ਲੇਬਰ ਪਾਰਟੀ ਦੇ ਟਿਕਟ ਉੱਤੇ ਇਸ ਹਲਕੇ ਦੀ ਚੋਣ ਲੜਨ- ਲੇਬਰ ਪਾਰਟੀ ਕਿਸੇ ਵੀ ਏਸ਼ੀਅਨ ਔਰਤ ਨੂੰ ਟਿਕਟ ਦੇਣ ਲਈ ਤਿਆਰ ਹੈ। ਕੌਂਸਲਰ ਗੁਰਚਰਨ ਸਿੰਘ ਜੋ ਵਾਕਸਲੋ ਵਾਰਡ ਲੇਬਰ ਪਾਰਟੀ ਦੇ ਮੀਤ ਪ੍ਰਧਾਨ ਹਨ ਨੇ ਇਸ ਸੰਬੰਧ ਵਿਚ ਸਿੱਧੀ ਗੱਲਬਾਤ ਦਾ ਸੱਦਾ ਦਿੱਤਾ ਹੈ।

ਅਜੀਬ ਸ਼ਹਿਰ

ਲਾਲ ਫਰੀਦਕੋਟੀ

ਕੈਸਾ ਸ਼ਹਿਰ ਹੈ ਇਹ—
ਕਿ ਜਿਸਦੀ ਪਹਿਲੀ ਤਰੀਕ ਵੀ
ਮਹੀਨੇ ਦੀ ਆਖ਼ਰੀ ਤਰੀਕ ਵਰਗੀ ਹੈ
ਤੇ ਲੋਕਾਂ ਦੇ ਚਿਹਰੇ—
ਠਰੇ ਹੋਏ ਚੁਲ੍ਹਿਆਂ ਵਾਂਗ ਜਾਪਦੇ ਹਨ

ਹਰ ਘਰ—
ਮੱਕੜੀ ਦੇ ਜਾਲ ਵਰਗਾ ਹੈ
ਤੇ ਹਰ ਗਲੀ—
ਲੋਕਾਂ ਦੇ ਦਿਲ ਵਾਂਗ ਭੀੜੀ ਹੈ

ਇਹ ਲੋਕਾਂ ਦੀ ਖ਼ਾਹਿਸ਼ ਹੈ
ਕਿ ਪੇਂਟਰ ਦੀ ਸ਼ਰਾਰਤ
ਜਾਂ ਰੰਗਾਂ ਦੀ ਸਾਜ਼ਿਸ਼
ਕਿ ਘਰਾਂ ਦੇ ਬੂਹਿਆਂ 'ਤੇ ਲਟਕਦੀਆਂ ਨੇਮ-ਪਲੇਟਾਂ 'ਤੇ
ਨਾਵਾਂ ਨਾਲੋਂ ਜਾਤਾਂ ਦੇ ਅੱਖਰ ਗੂੜ੍ਹੇ ਹਨ

ਕੈਸਾ ਸ਼ਹਿਰ ਹੈ ਇਹ—
ਕਿ ਜਿਸਦੀਆਂ ਸੜਕਾਂ ਦੇ ਹਰ ਮੋੜ ਤੇ
ਲਿਖੇ ਹੋਏ ਨੇ ਖ਼ੁਦਕਸ਼ੀ ਕਰਨ ਦੇ ਢੰਗ
ਤੇ ਹਰ ਚੌਂਕ 'ਚ
ਲੱਗੇ ਹੋਏ ਨੇ ਬੁੱਤ—
ਸੂਰਜ ਮੁਖੀ ਸੁਪਨਿਆਂ ਦੇ ਕਾਤਲਾਂ ਦੇ

ਅਜੀਬ ਸ਼ਹਿਰ ਹੈ ਇਹ—
ਕਿ ਇਸ਼ਤਿਹਾਰਾਂ ਦੀ ਲੇਵੀ ਚੱਟ ਚੱਟ ਕੇ
ਕੰਧਾਂ ਦੀਆਂ ਜੀਭਾਂ 'ਤੇ
ਹੋਏ ਪਏ ਨੇ ਛਾਲੇ
ਪਰ ਫਿਰ ਵੀ—
ਇਸ ਸ਼ਹਿਰ ਦੀਆਂ ਕੰਧਾਂ ਖ਼ਾਮੋਸ਼ ਨੇ
ਅਜੀਬ ਸ਼ਹਿਰ ਹੈ ਇਹ !



ਜਾਂ ਫਿਰ :—

ਪਾਟਿਆ ਨੀ ਮਾਏ ਮੇਰਾ
ਝੱਗਾ ਅਰਮਾਨਾਂ ਦਾ ਨੀ,
ਤਨ ਮੇਰਾ ਗਮਾਂ 'ਚ ਠਰੇ।
ਕਿਹੜੀ ਨੀ ਮੈਂ ਸੂਰਜੇ ਦੀ
ਕਿਰਨ ਜਗਾਵਾਂ ਮਾਏ
ਕੋਈ ਕਿਰਨ ਵੀ ਸੇਕ ਨਾ ਕਰੇ।

ਰਵਿੰਦਰ ਦੀ ਕਵਿਤਾ ਦੇ ਵਿਸ਼ੇ ਭਾਵੇਂ ਅਨੋਖੇ ਤੇ ਨਵੇਕਲੇ ਨਹੀਂ ਪ੍ਰੰਤੂ ਉਨ੍ਹਾਂ ਪ੍ਰਤੀ ਉਸਦੀ ਪਹੁੰਚ ਚੇਤੰਨ ਤੇ ਸਵਸਥ ਹੈ। ਉਸਦੀ ਕਵਿਤਾ ਵਿਚ ਬਿੰਬਾਂ ਦੀ ਘਾਟ ਰੜਕਦੀ ਹੈ। ਲੱਗਦਾ ਹੈ, ਜਿੰਨਾ ਉਚਾ ਉਹ ਉਡਣਾ ਚਾਹੁੰਦਾ ਹੈ, ਬਿੰਬਾਂ ਦੇ ਖੰਭ, ਉਨਾਂ ਉਚਾ ਉਡਣ ਲਈ ਉਸਦਾ ਸਾਥ ਨਹੀਂ ਦਿੰਦੇ। ਕਾਰਨ ? ਛੋਟੀ ਉਮਰ ਤੇ ਅਧਿਐਨ ਦੀ ਘਾਟ ਜਾਂ ਫਿਰ ਕਵਿਤਾ ਦਾ ਆਪ ਮੁਹਾਰੇ ਨਾ ਉਤਰਨਾ ਹੋ ਸਕਦਾ ਹੈ। ਕਈ ਥਾਂ ਕਵਿਤਾ ਕਾਵਿ-ਮਈ ਵਾਰਤਕ ਹੋ ਗਈ ਜਾਪਦੀ ਹੈ। ਜਿਵੇਂ 'ਪੋਸਟ ਮਾਰਟਮ' ਕਵਿਤਾ ਦਾ ਬਹੁਤਾ ਹਿੱਸਾ। ਏਥੇ ਪਿੰਡ ਦੇ ਜੀਵਨ ਦਾ ਪੋਸਟਮਾਰਟਮ ਤਾਂ ਹੋਇਆ ਹੈ ਪ੍ਰੰਤੂ ਪ੍ਰਗਟਾ ਕਾਵਿਕ ਗੁਣਾਂ ਤੋਂ ਸੱਖਣਾ ਹੈ। ਕਵਿਤਾ ਕਵੀ ਦੀ ਬਿੰਬਾਂ ਰਾਹੀਂ ਕਹੀ ਵਿਥਿਆ ਹੈ, ਆਤਮ ਕਥਾ ਹੈ। ਜਜ਼ਬਾ ਪ੍ਰਗਟਾ ਲਈ ਬਿੰਬ ਦਾ ਰੂਪ ਧਾਰਨ ਕਰਦਾ ਹੈ। ਕੁਝ ਕੁ ਥਾਈਂ ਬਿੰਬ ਬੜੇ ਕਾਮਕ ਹੋ ਗਏ ਹਨ ਜਿਵੇਂ 'ਵਫਾ ਨਾਲ ਲਿਪਿਆ ਪਿਆਰ ਦਾ ਕੋਠਾ ਫਿਰ ਵੀ ਕਿਉਂ ਹਾਏ ਚੋ ਪਿਆ', ਜਾਂ 'ਤਨ ਕਿਤੇ ਬੰਜਰ ਨਾ ਹੋ ਜਾਏ ਦੱਸ ਕਦੋਂ ਤੋਂ ਵਾਹੁਣਾ', ਜਾਂ 'ਤੇਰੇ ਜਿਸਮ ਦੀਆਂ ਉਚਾਣਾਂ ਨਿਮਾਣਾਂ ਤੇ ਇਕ ਰਾਊਂਡ ਲਗਾਉਣ ਦੀ', ਆਦਿ।

ਪਰ ਸਮੁੱਚੇ ਤੌਰ ਤੇ ਦੇਖਿਆ ਜਾਵੇ ਤਾਂ ਏਨੀ ਛੋਟੀ ਉਮਰੇ ਇਹ ਇੱਕ ਬਹੁਤ ਵੱਡਾ ਉਪਰਾਲਾ ਹੈ ਜਿਸ ਲਈ ਰਵਿੰਦਰ ਸਾਡੀ ਪ੍ਰਸੰਸਾ ਦਾ ਪਾਤਰ ਹੈ। ਅਜਿਹੇ ਯਤਨ ਲਈ ਨੌਜਵਾਨ ਕਵੀ ਨੂੰ ਪਾਠਕਾਂ ਵਲੋਂ ਭਰਵਾਂ ਹੁੰਗਾਰਾ ਮਿਲਣਾ ਹੀ ਚਾਹੀਦਾ ਹੈ। ਮੈਨੂੰ ਪੂਰਨ ਆਸ ਹੈ ਕਿ ਲਗਨ, ਮਿਹਨਤ ਅਤੇ ਪੰਜਾਬੀ ਤੇ ਹੋਰ ਜ਼ੁਬਾਨਾਂ ਦੀ ਕਵਿਤਾ ਦੇ ਅਧਿਐਨ ਨਾਲ ਰਵਿੰਦਰ ਕਵਿਤਾ ਦੀ ਸੂਖਮਤਾ ਦੀਆਂ ਉਚਾਈਆਂ ਨੂੰ ਮਹਿਸੂਸਦਾ ਤੇ ਕਾਵਿ ਆਤਮਾ ਨੂੰ ਸਿਆਣਦਾ ਹੋਇਆ ਕੈਨੇਡੀਅਨ ਪੰਜਾਬੀ ਕਵਿਤਾ ਵਿਚ ਛੇਤੀ ਹੀ ਆਪਣਾ ਯੋਗ ਥਾਂ ਸਥਾਪਤ ਕਰ ਲਵੇਗਾ।

ਗੁਰਮੀਤ ਸਿੰਘ ਟਿਵਾਣਾ (ਢੁੱਡੀਕੇ)

ਨਜ਼ਮਾਂ ਦੀ ਫ਼ਸਲ

ਮੰਗਾ ਸਿੰਘ 'ਬਾਸੀ'



ਜਿਸਮਾਨੀ ਮਰਨਾ;
ਸੋਚ ਦੀ ਮੌਤ ਨਹੀਂ,
ਸਿਰਫ਼ ਕੁੰਜ ਉਤਾਰਨਾ ਹੈ,
ਪਰ ਸ਼ਾਇਦ !
ਉਹਨਾਂ ਨੂੰ ਭੁਲੇਖਾ ਹੋਵੇ, ਕਿ
ਸੋਚਾਂ ਕਤਲ ਕਰ,
ਕਲਮਾਂ ਤੋੜ ਦਿੱਤੀਆਂ।
ਨਜ਼ਮਾਂ ਜਨੂੰਨੀ ਭੜੋਲਿਆਂ ਵਿਚ ਲਿੱਪ,
ਆਸਾਂ ਦੀਆਂ ਕੱਢੀਆਂ,
ਲੀਕਾਂ ਮਿਟਾ ਦਿਤੀਆਂ।
ਜਦੋਂ ਉਹ, ਹਨੇਰੇ ਵਿਚ ਬਲਦੇ,
ਰੌਸ਼ਨੀ ਦੇ ਚਿਰਾਗ਼ ਨੂੰ
ਬਰੂਦੀ ਫ਼ਰਾਟੇ ਸੰਗ ਬੁਝਾ,
ਵਾਪਸ ਵਰਤੇ।
ਨਹੀਂ, ਇਝ ਨਹੀਂ ਹੋਇਆ ;
ਖੂਹ ਦਾ ਡੱਡੂ,
ਉਡਦੇ ਪ੍ਰਿੰਦੇ,
ਕਿਵੇਂ ਫੜ ਸਕਦਾ ਹੈ।
ਭੁਲੇਖਾ ਹੈ, ਕਿ
ਧਰਤੀ ਤੋਂ ਅਸਮਾਨ ਵਲ,
ਸੁੱਟੀ ਵਸਤੂ,
ਵਾਪਸ ਨਹੀਂ ਆਉਂਦੀ।
ਭੁਲੇਖਾ ਹੀ ਹੈ, ਕਿ
ਗ੍ਰਹਿਣ ਸਮੇਂ,
ਪੂਜਾ ਬਿਨਾਂ
ਸੂਰਜ ਰਾਕਸ਼ ਪੰਜੇ,
ਵਿਚ ਹੀ ਰਹਿੰਦਾ ਹੈ।
ਸੱਚ ਤਾਂ ਇਹ ਹੈ,
ਕਿ ਪੱਥਰ ਨਾਲ ਪੱਥਰ ਟਕਰਾ ਕੇ
ਅੱਗ ਦਾ ਜਨਮ ਹੁੰਦਾ ਹੈ।
'ਤੇਲਾ' ਸਰ੍ਹੋਂ ਦੇ ਫੁੱਲਾਂ ਦੀ ਮਹਿਕ,
ਹਵਾ ਵਿਚ ਘੁਲਣ ਤੋਂ
ਨਹੀਂ ਰੋਕ ਸਕਦਾ।
ਨਾ ਹੀ ਵਰ੍ਹਦੇ ਗੜਿਆਂ ਤੋਂ ਡਰ ਕੇ,
ਸੁਨਹਿਰੀ ਬੱਲੀਆਂ,
ਕਿਸੇ ਛੱਪਰ ਦੀ ਓਟ,
ਤਕਦੀਆਂ ਹਨ।
ਧਰਤੀ ਤੇ ਕਿਰਕੇ ਵੀ,
ਉਗ ਪੈਂਦੀਆਂ ਹਨ।


ਤੇ ਨਾ ਹੀ ਕਦੇ,
'ਢੋਰੇ' ਦੇ ਕਹਿਣ ਤੇ
ਹੀਰਿਆਂ ਦੀ ਚਮਕ,
ਬੇਹਲਾਂ ਦੀ ਖ਼ੁਸ਼ਬੋ
ਬਣ ਸਕਦੀ ਹੈ।
ਤੁਹਾਡੀਆਂ ਕਲਮਾਂ ਦਾ ਸਫ਼ਰ,
ਅਜੇ ਮੁੱਕਿਆ ਨਹੀਂ।
ਢੁੱਟੇ ਮੁਇਆਂ ਨੇ,
ਤੁਹਾਡੇ 'ਬੱਗੇ' ਪੰਜਾਬ ਦਾ,
'ਕੌਤਲ ਵਰਗਾ' ਪਿੰਡਾ,
ਜੋ ਲਹੂ ਲੁਹਾਣ ਕੀਤਾ ਹੈ,
ਉਸ ਤੇ ਮਲ੍ਹਮ ਲਾਉਣੀ ਹੈ।
ਤੇ ਸਿੰਗਾਂ ਨੂੰ ਲੱਗੀ 'ਮੌਹਰੀ'
ਤੁਹਾਡੀ ਦੁੱਧ ਰੰਗੀ
ਸੋਚ ਨੇ ਧੋਅ ਦੇਣੀ ਹੈ।
ਮੋਹੜ ਕੀਤਾ ਕੰਨਾ,
ਤੁਹਾਡੀਆਂ ਨਜ਼ਮਾਂ ਨੇ,
ਠਾਕ ਦੇਣਾ ਹੈ।

ਤੁਹਾਡੀਆਂ ਕਲਮਾਂ ਲਈ,
ਕੁਝ ਹੋਰ ਵੀ ਬਾਕੀ ਹੈ।
ਸਾਂਝਾਂ ਦੇ ਹਲਾਂ ਤੇ
ਸ਼ਬਦਾਂ ਦੀ ਫਾਲ ਚਾੜ੍ਹ,
ਜਨੂੰਨੀ ਵੱਡ ਵਾਹੁਣੇ ਹਨ।
ਤੇ ਕੱਢੇ ਸਿਆੜਾਂ ਵਿਚ,
ਨਜ਼ਮਾਂ ਦੀ ਫ਼ਸਲ,
ਬੀਜਣੀ ਹੈ।
ਤੁਹਾਡੇ ਅਰਮਾਨਾਂ ਦਾ 'ਯੁਗੀਆ'
ਉੱਗੀਆਂ ਫਸਲਾਂ ਦੇ,
ਮੁੱਢੀਂ ਪਾਉਣਾ ਹੈ।
ਤੇ ਕਾਂਗਹਾਰੀ ਦਾ ਪ੍ਰਛਾਵਾਂ ਵੀ,
ਲਹਿਰਾਉਂਦੇ ਖੇਤਾਂ ਦੇ,
ਨੇੜੇ ਨਹੀਂ ਢੁੱਕਣ ਦੇਣਾ !
ਬਰੂ, ਪਿਆਜ਼ੀ, ਪੋਲ੍ਹੀ ਤੇ ਨਦੀਨ ਮੋਥਰੇ ਨੂੰ,
ਜੜ੍ਹੋਂ ਪੁੱਟ ਬੰਨਿਆਂ ਤੇ ਧਰਨਾ ਹੈ।
ਹਰ ਚੁਰਸਤੇ ਤੇ,
ਤੁਹਾਡੇ ਸੁਫ਼ਨੇ ਦਾ,
ਚਮੁੱਖੀਆ ਦੀਵਾ ਬਾਲ,
ਲੋਅ ਕਰਨੀ ਹੈ।
ਤਾਂ ਕਿ ਜੰਗਲੀ ਰਸਮਾਂ ਤੋਂ ਡਰਕੇ,
ਪੂਰਬ ਪੱਛਮ, ਉਤਰ ਤੇ ਦੱਖਣ,
ਮਸਤਕ ਲੁਕਾ,
ਪਿਆਰ ਦੇ ਚੁੰਮਣ ਤੋਂ,
ਸੱਖਣੇ ਹੀ ਨਾ,
ਗੁਜ਼ਰ ਜਾਣ।
ਪੰਛੀਆਂ ਤੁਹਾਡੀ,
ਸੋਚ ਲੈ ਉਡਣਾ ਹੈ।
ਕੋਇਲਾਂ ਤੁਹਾਡੇ,
ਗੀਤ ਗਾਉਣੇ ਹਨ।
ਮੋਰਾਂ ਮਸਤੀ ਵਿਚ,
ਨੱਚਣਾ ਹੈ।
ਹਵਾ ਨੇ,
ਤੁਹਾਡੀ ਸੋਚ ਦਾ, ਡੁੱਲਿਆ ਕਿਰਮਚੀ ਰੰਗ,
ਤੁਹਾਡੇ ਖ਼ਾਬਾਂ ਦਾ ਪਰੋਲਾ ਲੈ,
ਧਰਤੀ ਤੇ ਫੇਰਨਾ ਹੈ।
ਤਦ ਜ਼ਮੀਨ ਤੇ ਅਕਾਸ਼,
ਮਾਨਵਤਾ ਜ਼ਿੰਦਾਬਾਦ — ਜ਼ਿੰਦਾਬਾਦ !
ਪੁਕਾਰ ਉਠੇਗਾ !

ਹੰਸਲੋ ਦੇ ਆਸ਼ਕਾਂ ਨੂੰ ਸਖਤ ਸਜ਼ਾਵਾਂ



ਬਲਰਾਜ




ਅਸਲਮ

ਲੰਡਨ —— ਓਲਡਬੇਲੀ ਨੇ ਤਿੰਨ ਚਾਤਰ ਏਸ਼ੀਅਨਾਂ ਨੂੰ ਲੰਡਨ ਵਿਚੋਂ ਔਰਤਾਂ ਚੁੱਕ ਕੇ ਉਹਨਾ ਦੀ ਪੱਤ ਲੁਟਣ ਦੇ ਸਿਲਸਿਲੇ ਵਿਚ ਬਹੁਤ ਕਰੜੀਆਂ ਸਜ਼ਾਵਾਂ ਦਿੱਤੀਆਂ ਹਨ। ਅਦਾਲਤ ਦੇ ਕਿਊ ਸੀ ਸ੍ਰੀ ਜੇਮਜ਼ ਨੇ 21 ਸਾਲਾ ਰਿੰਗ ਲੀਡਰ ਮਾਊਬੀਨ ਅਸਲਮ ਨੂੰ 19 ਸਾਲ ਦੀ ਸਜ਼ਾ ਦਿੱਤੀ ਹੈ। 23 ਸਾਲਾ ਬੇਰੁਜ਼ਗਾਰ ਬਲਰਾਜ ਦਾਸ ਨੂੰ 13 ਸਾਲਾਂ ਦੀ ਅਤੇ 21 ਸਾਲਾ ਮੁਹਿੰਦਰ ਆਹਲੂਵਾਲੀਆ ਨੂੰ 12 ਸਾਲਾਂ ਦੀ ਸਜ਼ਾ ਦਿੱਤੀ ਹੈ। ਇਸ ਸਾਰੇ ਹੰਸਲੋ ਦੇ ਵਸਨੀਕ ਹਨ। ਇਹਨਾਂ ਤੇ ਸੈਕਸ ਸੰਬੰਧੀ ਬਹੁਤ ਗੰਭੀਰ ਦੋਸ਼ ਸਨ।

ਇਕ ਹੋਰ ਹਲਜਿੰਦਰ ਦਾਸ ਨੂੰ ਸਜਾ ਬਾਅਦ ਵਿਚ ਹੋਣੀ ਸੀ। ਪੰਜਵਾਂ ਜਮਾਨਤ ਤੇ ਰਿਹਾਅ ਸੀ ਪਰ ਹੁਣ ਦੌੜਿਆ ਹੋਇਆ ਹੈ। ਇਹਨਾਂ ਆਸ਼ਕਾਂ ਨੇ ਪੈਡਿੰਗਟਨ ਇਲਾਕੇ ਚੋਂ ਤਿੰਨ ਹਫਤਿਆਂ 'ਚ 5 ਔਰਤਾਂ ਨੂੰ ਚੁੱਕੇ ਉਹਨਾਂ ਨਾਲ ਖੇਹ ਖਾਧੀ। ਇਹਨਾਂ ਵਿਚ ਵੇਸਵਾਵਾਂ ਤੇ ਇਕ 26 ਸਾਲਾ ਸਕੂਲ ਅਧਿਆਪਕਾ ਵੀ ਸ਼ਾਮਲ ਸੀ। ਔਰਤਾਂ ਨੂੰ ਚਾਕੂ ਵਿਖਾ ਕੇ ਉਹਨਾਂ ਦੀ ਪੱਤ ਲੁਟਦੇ ਸਨ। ਇਹ ਫੜੇ ਤਾਂ ਗਏ ਕਿ ਇਕ ਔਰਤ ਨੇ ਇਹਨਾਂ ਦੀ ਕਾਰ ਦਾ ਨੰਬਰ ਨੋਟ ਕਰ ਲਿਆ।

ਅਸਲਮ ਹੈਸਟਨ ਦੀ ਬਿਸਕੋ ਕਲੋਜ਼ ਵਿਖੇ ਰਹਿੰਦੇ ਹੈ। ਬਲਰਾਜ ਹੰਸਲੋ ਦੀ ਵੈਲਟਨ ਰੋਡ ਦਾ ਵਾਸੀ ਹੈ। ਆਹਲੂਵਾਲੀਆ ਵੀਟ ਲੈਂਡਜ਼ ਐਸਟੇਟ ਹੈਸਟਨ ਦਾ ਸਕਿਊਰਿਟੀ ਗਾਰਡ ਹੈ।

ਮੇਹਰ ਮਿੱਤਰ ਨੇ ਸਵੈ ਜੀਵਨੀ ਲਿਖੀ




ਪੰਜਾਬੀ ਫਿਲਮਾਂ ਦਾ ਚਹੇਤਾ ਕਲਾਕਾਰ ਮੇਹਰ ਮਿਤਲ ਹੁਣ ਲੇਖਕ ਵੀ ਬਣ ਗਿਆ ਹੈ ਅਤੇ ਉਸਨੇ ਆਪਣੀ ਸਵੈ ਜੀਵਨੀ ਲਿਖੀ ਹੈ। ਇਸ ਸਵੈ ਜੀਵਨੀ ਵਿਚ ਉਸਨੇ ਆਪਣੇ ਫਿਲਮੀ ਸਫਰ ਦੀਆਂ ਕੌੜੀਆਂ ਮਿੱਠੀਆਂ ਯਾਦਾਂ ਨੂੰ ਕਲਮਬੰਦ ਕੀਤਾ ਹੈ। ਉਸਦੇ ਫਿਲਮੀ ਸੰਘਰਸ਼ ਦੀ ਕਹਾਣੀ ਅਤੇ ਉਸਦੇ ਪੰਜਾਬ ਤੋਂ ਬੰਬਈ ਜਾਣ ਦੇ ਸਾਰੇ ਕਿੱਸੇ ਉਸਨੇ ਬੜੀ ਖ਼ੂਬਸੂਰਤੀ ਨਾਲ ਲਿਖੇ ਹਨ। ਇਹ ਕਿਤਾਬ ਨਿਸ਼ਚੈ ਹੀ ਉਹਨਾਂ ਲੋਕਾਂ ਲਈ ਵੱਧ ਸਹਾਈ ਹੋਵੇਗੀ ਜੋ ਬਿਨਾਂ ਸੋਚਿਆ ਸਮਝਿਆਂ ਮੂੰਹ ਚੁੱਕ ਕੇ ਫਿਲਮਾਂ ਵਿਚ ਕੰਮ ਕਰਨ ਲਈ ਬੰਬਈ ਦੀ ਗੱਡੀ ਚੜ੍ਹ ਜਾਂਦੇ ਹਨ।

The Manitoba Mirror
ਮੈਨੀਟੋਬਾ ਦਰਪਣ

ਸਿਹਤ

ਪੇਟ ਘਟਾਉਣ ਲਈ ਕਸਰਤਾਂ



ਕਹਾਵਤ ਪ੍ਰਸਿਧ ਹੈ ਕਿ ਹਰਕਤ ਵਿਚ ਬਰਕਤ ਹੈ। ਹਰਕਤ ਦਾ ਨਾਮ ਹੀ ਜ਼ਿੰਦਗੀ ਹੈ ਅਤੇ ਇਹ ਹਰਕਤ ਹੀ ਹੈ ਜੋ ਬੇਜਾਨ ਅਤੇ ਜਾਨਦਾਰ ਚੀਜ਼ਾਂ ਲਈ ਵਖਰੇਵੇਂ ਦਾ ਕਾਰਣ ਬਣੀ ਹੈ। ਹਰਕਤ ਮਨੁੱਖੀ ਜੀਵਨ ਦਾ ਇਕ ਮਹੱਤਵਪੂਰਨ ਹਿਸਾ ਹੈ। ਸਰੀਰ ਨੂੰ ਤੰਦਰੁਸਤ ਰਖਣ ਲਈ ਲਾਜ਼ਮੀ ਹੈ ਕਿ ਅਸੀਂ ਹਰਕਤ ਕਰੀਏ ਅਰਥਾਤ ਸਾਡੇ ਸਾਰੇ ਅੰਗ ਚੰਗੀ ਤਰਾਂ ਹਰਕਤ ਕਰਨ। ਪਰ ਅਜ ਦੇ ਦੌਰ ਵਿਚ ਅਸੀਂ ਠੀਕ ਤਰਾਂ ਆਪਣੇ ਅੰਗਾਂ ਨੂੰ ਹਰਕਤ ਨਹੀਂ ਦਿੰਦੇ ਅਤੇ ਆਮ ਤੌਰ ਤੇ ਇਕ ਜਗ੍ਹਾ ਬੈਠ ਕੇ ਆਪਣੇ ਕਰਤਵ ਨਿਭਾਉਂਦੇ ਰਹਿੰਦੇ ਹਾਂ। ਇਸ ਲਈ ਸਾਡੇ ਲਈ ਕਸਰਤ ਕਰਨਾ ਲਾਜ਼ਮੀ ਹੈ।

ਕੁਰਸੀ ਤੇ ਬੈਠ ਕੇ ਕੰਮ ਕਰਨ ਵਾਲੇ ਮੋਟਾਪੇ ਦਾ ਸਿਕਾਰ ਹੋ ਜਾਂਦੇ ਹਨ ਅਤੇ ਉਹਨਾਂ ਦਾ ਪੇਟ ਨਿਕਲ ਆਉਂਦਾ ਹੈ ਜੋ ਨਾ ਸਿਰਫ ਸਰੀਰਕ ਬਦਸੂਰਤੀ ਦਾ ਕਾਰਨ ਬਣਦਾ ਹੈ ਸਗੋਂ ਉਸਦੇ ਕਾਰਨ ਬੀਮਾਰੀਆਂ ਵੀ ਲੱਗ ਜਾਂਦੀਆਂ ਹਨ ਜਿਹਨਾਂ ਵਿਚ ਦਿਲ ਦੀ ਬੀਮਾਰੀ ਵੀ ਸ਼ਾਮਲ ਹੈ। ਬਿਮਾਰੀ ਦਾ ਸ਼ਿਕਾਰ ਹੋ ਕੇ ਆਦਮੀ ਅਨਗਿਣਤ ਦਵਾਈਆਂ ਦੀ ਵਰਤੋਂ ਸ਼ੁਰੂ ਕਰ ਦਿੰਦਾ ਹੈ, ਹਾਲਾਂਕਿ ਕਈ ਸਥਿਤੀਆਂ ਵਿਚ ਸਰੀਰ ਨੂੰ ਮਜਬੂਤ ਬਨਾਉਣ ਨਾਲ ਹੀ ਬੀਮਾਰੀ ਖਤਮ ਹੋ ਸਕਦੀ ਹੈ।

ਵਖ ਵਖ ਬੀਮਾਰੀਆਂ ਦੀਆਂ ਕਸਰਤਾਂ ਵੀ ਵਖ - ਹਨ ਇਹਨਾਂ ਕਸਰਤਾਂ ਦੀ ਸੂਚੀ ਬੜੀ ਲੰਮੀ ਹੈ ਫਿਰ ਵੀ ਏਥੇ ਉਹਨਾਂ ਕਸਰਤਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਜਿਹਨਾ ਤੇ ਅਮਲ ਕਰਨ ਨਾਲ ਵਧ ਰਿਹਾ ਪੇਟ ਆਪਣੀ ਅਸਲੀ ਹਾਲਤ ਵਿਚ ਆ ਜਾਂਦਾ ਹੈ।

ਕਸਰਤ ਨੰ: 1

ਸਮਤਲ ਫਰਸ਼ ਤੇ ਸਿੱਧੇ ਲੇਟ ਕੇ ਸਿਰ ਅਤੇ ਟੰਗਾਂ ਹੌਲੀ ਹੌਲੀ ਉਪਰ ਚੁਕੋ ਅਤੇ ਹੌਲੀ ਜਿਹੇ ਉਹਨਾ ਨੂੰ ਵਾਪਸ ਲੈ ਜਾਓ। ਇਹ ਅਮਲ ਘਟੋ ਘੱਟ ਅਠ ਵਾਰ ਦੁਹਰਾਓ ਅਤੇ ਫਿਰ ਇਹ ਦੁਹਰਾਉਂਦੇ ਚਲੇ ਜਾਓ।

ਕਸਰਤ ਨੰ: 2

ਕਮਰੇ ਦੇ ਫਰਸ਼ ਜਾਂ ਤਖਤ ਪੋਸ਼ ਤੇ ਲੇਟ ਕੇ ਟੰਗਾਂ ਨੂੰ ਹੌਲੀ ਹੌਲੀ ਉਪਰ ਚੁਕੋ। ਫਿਰ ਉਸੇ ਅੰਦਾਜ਼ ਨਾਲ ਹੇਠਾਂ ਲਿਆਓ ਬਾਹਾਂ ਸਿਧੀਆਂ ਰਖੋ ਅਤੇ ਕੋਸ਼ਿਸ਼ ਕਰੋ ਕਿ ਗੋਡੇ ਮੁੜਣ ਨਹੀਂ। ਇਹ ਕਸਰਤ ਅਠ ਵਾਰ ਕਰੋ।

ਕਸਰਤ ਨੰ: 3

ਫਰਸ਼ ਤੇ ਲੇਟ ਕੇ ਟੰਗਾਂ ਨੂੰ ਵਜ਼ਨੀ ਕੁਰਸੀ ਜਾਂ ਕਿਸੇ ਵਜ਼ਨੀ ਚੀਜ਼ ਮਿਸਾਲ ਲਈ, ਅਲਮਾਰੀ ਵਗੈਰਾ ਦੇ ਹੇਠਾਂ ਫਸਾਓ। ਅਲਮਾਰੀ ਏਨੀ ਵਜ਼ਨੀ ਹੋਵੇ ਕਿ ਤੁਹਾਡੇ ਉਪਰ ਨਾ ਡਿੱਗ ਸਕੇ। ਬਾਂਹ ਨੂੰ ਸਰੀਰ ਦੇ ਨਾਲ ਲਗਾ ਕੇ ਧੜ ਨੂੰ ਹੌਲੀ ਹੌਲੀ ਉਪਰ ਚੁਕੋ ਫਿਰ ਹੌਲੀ ਹੌਲੀ ਹੇਠਾਂ ਲੈ ਜਾਓ। ਇਹ ਅਮਲ ਰੋਜ਼ ਅਠ ਵਾਰ ਕਰੋ।

ਕਸਰਤ ਨੰ: 4

ਕਸਰਤ ਨੰ: ਦੋ ਦੇ ਅਨੁਸਾਰ ਪੈਰ ਅਲਮਾਰੀ ਦੇ ਹੇਠਾਂ ਜਾਂ ਕੁਰਸੀ ਦੇ ਹੇਠਾਂ ਫਸਾਓ ਪਰ ਬਾਂਹ ਸਿਰ ਦੇ ਹੇਠਾਂ ਰਖੋ ਅਤੇ ਧੜ ਨੂੰ ਉਪਰ ਉਠਾਉਣ ਦੀ ਕੋਸ਼ਿਸ਼ ਕਰੋ। ਇਹ ਅਮਲ ਵੀ ਅਠ ਵਾਰ ਰੋਜ਼ ਕਰੋ।

ਕਸਰਤ ਨੰ: 5

ਦੋਹਾਂ ਪੈਰਾਂ ਦੀ ਅੱਡੀਆਂ ਜੋੜੋ ਅਤੇ ਹੇਠਾਂ ਇਸ ਤਰਾਂ ਖੋਲ ਕੇ ਖੜੇ ਹੋ ਜਾਓ ।ਕ ਉਲਟੇ ਅਠ ਦੀ ਸ਼ਕਲ ਬਣ ਜਾਵੇ। ਦੋਹਾਂ ਹੱਥਾਂ ਨੂੰ ਕੂਹਨੀਆਂ ਤੇ ਰਖੋ। ਸਰੀਰ ਨੂੰ ਕਸ ਲਓ। ਇਸ ਤਰਾਂ ਰੋਜ਼ ਲਾਉਂਦੇ ਹੋਏ ਪਰ ਹੌਲੀ ਹੌਲੀ ਜਿੰਨਾ ਸੰਭਵ ਹੋਵੇ ਅੱਗੇ ਨੂੰ ਝੁਕੋ ਫਿਰ ਪਿਛੇ ਨੂੰ ਝੁਕੋ। ਇਹ ਅਮਲ ਚਾਰ ਪੰਜ ਵਾਰ ਦੁਹਰਾਓ। ਇਸ ਤਰਾਂ ਸਜੇ ਪਾਸੇ ਅਤੇ ਫਿਰ ਖੱਬੇ ਪਾਸੇ ਝੁਕੋ। ਇਸ ਕਸਰਤ ਦੌਰਾਨ ਜ਼ਰੂਰੀ ਹੈ ਕਿ ਸਰੀਰ ਅਕੜਿਆ ਰਹੇ।

ਕਸਰਤ ਨੰ: 6

ਸਿੱਧੇ ਖੜੇ ਹੋ ਜਾਓ। ਦੋਵੇਂ ਬਾਹਾਂ ਸਿਰ ਦੇ ਉਪਰ ਲੈ ਜਾਓ। ਮੁਠੀਆਂ ਬੰਦ ਕਰ ਲਓ। ਬਾਹਾਂ ਕਰਸ ਲਓ। ਸੱਜਾ ਪੈਰ ਪਿਛੇ ਹਟਾਓ ਸਰੀਰ ਦਾ ਉਪਰ ਵਾਲਾ ਹਿਸਾ ਪਿਛਾਂਹ ਵੱਲ ਜਿੰਨਾ ਝੁਕ ਸਕਦਾ ਹੋਵੇ ਝੁਕਾਓ। ਹੁਣ ਅਸਲੀ ਹਾਲ ਵਿਚ ਵਾਪਸ ਆ ਜਾਓ। ਫਿਰ ਸੱਜਾ ਪੈਜ ਪੈਰ ਆਪਣੀ ਜਗ੍ਹਾ ਕਾਇਮ ਰਖੋ ਅਤੇ ਖੱਬਾ ਪਿਛੇ ਵੱਲ ਲੈ ਜਾਓ। ਇਹ ਕਸਰਤ ਕਈ ਵਾਰ ਦੁਹਰਾਓ।

ਸੱਭ ਤੋਂ ਮਹਿੰਗਾ ਟੀ. ਵੀ. ਸੀਰੀਅਲ

ਸ਼ਿਆਮ ਬੈਨੇਗਲ ਇਨ੍ਹੀਂ ਦਿਨੀਂ ਆਪਣੀ ਜ਼ਿੰਦਗੀ ਦੇ ਬਹੁਤ ਵੱਡੇ ਉਥਲ ਪੁਥਲ ਦੇ ਦੌਰ ਵਿਚੋਂ ਲੰਘ ਰਹੇ ਹਨ। ਪਹਿਲੀ ਵਾਰ ਦੂਰਦਰਸ਼ਨ ਇਕ ਇਨੇ ਜ਼ਿਆਦਾ ਖਰਚੀਲੇ ਸੀਰੀਅਲ ਦਾ ਨਿਰਮਾਣ ਕਰ ਰਿਹਾ ਹੈ 'ਡਿਸਕਵਰੀ ਆਫ ਇੰਡੀਆ' ਨਾਂ ਦਾ ਇਹ ਸੀਰੀਅਲ ਦਸੰਬਰ ਤੋਂ ਉਸ ਸਮੇਂ ਟੈਲੀਕਾਸਟ ਹੋਵੇਗਾ ਜਿਸ ਵੇਲੇ ਰਾਮਾਇਣ ਸੀਰੀਅਲ ਦਿਖਾਇਆ ਜਾਂਦਾ ਹੁੰਦਾ ਸੀ। ਸਮਰਾਟ ਅਸ਼ੋਕ ਦੀ ਜ਼ਿੰਦਗੀ ਉੱਤੇ ਆਧਾਰਤ ਇਸ ਸੀਰੀਅਲ ਵਿਚ ਅਸ਼ੋਕ ਦੀ ਭੂਮਿਕਾ ਅਭਿਨੇ ਸਮਰਾਟ ਓਮ ਪੁਰੀ ਨਿਭ ਰਿਹਾ ਹੈ। •

ਦਿੱਲੀ ਦੰਗਿਆਂ ਵਿਚ ਛੇ ਨੂੰ ਉਮਰ ਕੈਦ

ਪੰਜ ਬਰੀ ਕਰ ਦਿੱਤੇ ਗਏ

ਨਵੀਂ ਦਿੱਲੀ — ਖਬਰ ਹੈ ਕਿ ਦਿੱਲੀ ਹਾਈ ਕੋਰਟ ਨੇ 1984 ਦੇ ਦੰਗਿਆਂ ਦੇ ਸੰਬੰਧ ਵਿਚ ਇਕ ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਛੇ ਦੋਸ਼ੀਆਂ ਨੂੰ ਸਖਤ ਉਮਰ ਕੈਦ ਦਾ ਹੁਕਮ ਸੁਣਾਇਆ ਹੈ। ਪਰ ਅਦਾਲਤ ਨੇ ਇਸੇ ਸੰਬੰਧ ਵਿਚ ਪੰਜ ਹੋਰਨਾਂ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਆਪਣੇ ਹੁਕਮ ਵਿਚ ਹਾਈਕੋਰਟ ਦੇ ਜੱਜ ਨੇ ਪੁਲਸ ਅਧਿਕਾਰੀਆਂ ਦੇ ਵਿਰੁਧ ਸਖਤ ਸ਼ਬਦਾਂ ਵਿਚ ਲਿਖਿਆ ਹੈ ਕਿ ਉਨ੍ਹਾਂ ਨੇ ਜਾਣ ਬੁਝ ਕੇ ਬਰੀ ਹੋਣ ਵਾਲੇ ਪੰਜਾਂ ਦੇ ਕੇਸਾਂ ਵਿਚ ਕਈ ਜ਼ਰੂਰੀ ਤੱਥ ਛੱਡ ਦਿੱਤੇ ਹਨ ਜਿਸ ਦੇ ਕਾਰਨ ਉਹ ਬਰੀ ਕਰ ਦਿੱਤੇ ਗਏ ਹਨ।

ਯਾਦ ਰਹੇ ਸਾਰੇ ਜਮਹੂਰੀਅਤ ਪਸੰਦ ਲੋਕ ਲਗਾਤਾਰ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਦੀ ਮੰਗ ਕਰਦੇ ਆ ਰਹੇ ਹਨ। ਪਰ ਸਰਕਾਰ ਆਪਣੇ ਕੁਝ ਸੀਨੀਅਰੀ ਬੰਦਿਆਂ ਨੂੰ ਬਚਾਉਣਾ ਚਾਹੁੰਦੀ ਸੀ। ਉਸ ਨੇ ਇਸ ਪਾਸੇ ਈਮਾਨਦਾਰੀ ਨਾਲ ਅਮਲ ਨਾ ਕਰਕੇ ਅਨੇਕਾਂ ਭਾਰਤੀ ਲੋਕਾਂ ਦੀ ਵਿਰੋਧਤਾ ਮੁੱਲ ਲੈ ਲਈ ਹੈ।

ਵੀਕਲੀ ਫੀਚਰ

ਬੱਚਿਆਂ ਦੇ ਮਸਲੇ



ਵਲੋਂ — ਵਿਦਿਆਰਥੀ

ਪਿਛਲੇ ਹਿੱਸੇ ਵਿਚ ਅੱਲੜ ਜਾਂ ਕੱਚੇ ਬੱਚੇ ਬਾਰੇ ਗੱਲ ਕੀਤੀ ਸੀ। ਕਈ ਵਾਰ ਅੱਲੜ ਵਿਵਹਾਰ ਦੀ ਵਾਧੂ ਨੁਕਤਾਚੀਨੀ ਸਗੋਂ ਮਸਲੇ ਨੂੰ ਹੋਰ ਖਰਾਬ ਕਰਨ ਦੀ ਗੱਲ ਹੋ ਸਕਦੀ ਹੈ। ਬਚਗਾਨਾ ਵਿਵਹਾਰ ਹਟਾਉਣ ਲਈ ਭਾਵੁਕ ਮਦਦ ਅਤੇ ਹੌਸਲਾ ਅਫਜ਼ਾਈ ਦੀ ਲੋੜ ਹੈ। ਇਸ ਗੁੰਝਲ ਨੂੰ ਸੁਲਝਾਉਣ ਲਈ ਬੱਚਿਆਂ ਨੂੰ ਕਿਸੇ ਗੱਲ ਤੇ ਪੂਰਾ ਧਿਆਨ ਦੇਣ, ਮਸਲਾ ਹੱਲ ਕਰਨ, ਸਮੇਂ ਦੀ ਯੋਗ ਵਰਤੋਂ, ਜ਼ਿਮੇਂਵਾਰੀ ਅਪਨਾਉਣਾ, ਧਿਆਨ ਨਾਲ ਸੁਣਨ ਤੇ ਸੁਣਾਉਣ ਅਤੇ ਤ੍ਰਿਪਤੀ ਜਾਂ ਸੰਤੁਸ਼ਟਤਾ ਨੂੰ ਦੇਰੀ ਨਾਲ ਪੂਰਾ ਹੋਣ ਆਦਿ ਬਾਰੇ ਸਿਖਾਉਣਾ ਜ਼ਰੂਰੀ ਹੈ। ਸਵੈ ਮਾਣ, ਸਵੈ ਵਿਸ਼ਵਾਸ ਅਤੇ ਸਮਾਜੀ ਰਿਸ਼ਤਿਆਂ ਤੋਂ ਪ੍ਰਸੰਨਤਾ ਆਦਿ ਮਦਦਗਾਰ ਹੈ। ਉਮਰ ਅਨੁਸਾਰ ਯੋਗਤਾ ਵਾਲੇ ਬੱਚੇ ਲਚਕਦਾਰ ਹੁੰਦੇ ਹਨ। ਉਹ ਕਿਸੇ ਮਸਲੇ/ਗੱਲ ਬਾਰੇ ਪ੍ਰਤੀਕਰਮ (ਰੱਦੇ ਅਮਲ) ਨੂੰ ਸੋਚ ਕੇ ਦੇਰੀ ਨਾਲ ਕਰਦੇ ਹਨ। ਪਕਿਆਈ (Maturity) ਵਾਲੇ ਬੱਚਿਆਂ ਵਿਚ ਤਣਾਉ ਨੂੰ ਸਹਿਣ ਕਰਨ ਦੀ ਯੋਗਤਾ ਵਧਦੀ ਰਹਿੰਦੀ ਹੈ।

ਬੱਚਿਆਂ ਨੂੰ ਜ਼ਿਮੇਂਵਾਰੀ ਲੈਣੀ ਸਿਖਾਉ। ਅਤੇ ਇਸ ਲਈ ਯੋਗਤਾ ਵਧਦੀ ਹੀ ਜਾਣੀ ਚਾਹੀਦੀ ਹੈ। ਅਤਿ ਦੀ ਸਰਗਰਮੀ ਜਾਂ ਬਹੁਤ ਹੀ ਜ਼ਿਆਦਾ ਇਲਤਾਂ ਜਾਂ ਕੋਈ ਭੀ ਅਤਿ ਦੀ ਜਿਸਮਾਨੀ ਐਕਸ਼ਨ ਨਾ-ਪੱਖੀ ਗਿਣਿਆ ਜਾਂਦਾ ਹੈ। ਇਸ ਨੂੰ ਗਲਤ, ਨਾ-ਵਾਜਬ ਜਾਂ ਗਲਤ ਸੇਧ ਸਮਝਿਆ ਜਾਂਦਾ ਹੈ। ਇਸ ਦਾ ਫੁਰਤੀ ਜਾਂ ਸਰਗਰਮੀ ਨਾਲੋਂ ਫਰਕ ਹੈ ਕਿਉਂਕਿ ਸਰਗਰਮੀ ਵਿਚ ਸੇਧ ਹੁੰਦੀ ਹੈ ਅਤੇ ਉਹ ਅਰਥ ਭਰਪੂਰ ਤੇ ਰਚਨਾਤਮਕ ਹੁੰਦੀ ਹੈ। ਖੋਜੀਆਂ ਦੀ ਰਾਏ ਹੈ ਕਿ ਅਤਿ ਦੇ ਜਿਸਮਾਨੀ ਐਕਸ਼ਨ ਵਾਲੇ ਬੱਚਿਆਂ ਦੀ ਮੋਟਰ ਚਲਦੀ ਰਹਿੰਦੀ ਹੈ ਤੇ ਉਹ ਆਖਦੇ ਹਨ ਕਿ ਇਹੋ ਜਿਹੇ ਬੱਚੇ ਆਮ ਤੌਰ ਤੇ ਆਰਥਕ ਤੌਰ ਤੇ ਪਛੜੇ ਹੋਏ, ਗਰੀਬ ਤੇ ਤੰਗੀ ਵਾਲੇ ਘਰਾਂ ਵਿਚੋਂ ਹੁੰਦੇ ਹਨ।

ਦੋ ਤਿੰਨ ਸਾਲ ਦੀ ਉਮਰ ਦੇ ਸਰਗਰਮ ਜਾਂ ਚੁਸਤ ਬੱਚਿਆਂ ਵਿਚ ਜ਼ਿਆਦਾ ਖੋਜ ਕਰਨ ਵਾਲੇ ਅਤੇ ਸਮਝਦਾਰੀ ਦੇ ਅੰਸ਼ ਹੁੰਦੇ ਹਨ। ਖੋਜੀ ਇਹ ਭੀ ਆਖਦੇ ਹਨ ਕਿ ਪੰਜ ਤੋਂ ਦਸ ਫੀਸਦੀ ਬੱਚਿਆਂ ਨੂੰ ਮਾਨਸਿਕ ਕਲਿਨਿਕਾਂ ਤੋਂ ਸਲਾਹ ਮਸ਼ਵਰੇ ਲਈ ਭੇਜਿਆ ਜਾਂਦਾ ਹੈ। ਤੇਰਵੇਂ ਸਾਲ ਤੋਂ ਪਿਛੋਂ (ਇਹਨਾ ਬੱਚਿਆਂ) ਵਿਚ ਪਕਿਆਈ ਤੇ ਸਮਝ ਆਉਣ ਨਾਲ ਅਤਿ ਦੀ ਵਾਧੂ ਸਰਗਰਮੀ ਘੱਟ ਜਾਂਦੀ ਹੈ। ਕਈ ਬੱਚੇ ਸਰੀਰਕ ਬਣਤਰ ਵਜੋਂ ਉਤਪਤੀ (genetic) ਕਾਰਨਾਂ ਕਰਕੇ ਦਿਮਾਗੀ ਤੌਰ ਤੇ ਨੁਕਸ ਜਾਂ ਪੂਰਾ ਨਾ ਕੰਮ ਕਰਕੇ ਜਾਂ ਮਿਰਗੀ ਦੇ ਕਰਕੇ ਭੀ ਅਤਿ ਦੇ ਐਕਸ਼ਨ ਹੋ ਸਕਦੇ ਹਨ।

ਇਸ ਨੂੰ ਰੋਕਣ ਜਾਂ ਦੂਰ ਕਰਨ ਲਈ ਗੁਣਕਾਰੀ ਤੇ ਸਿਹਤਮੰਦ ਮਾਹੌਲ ਪੈਦਾ ਕਰਨਾ ਜ਼ਰੂਰੀ ਹੈ। ਗਰਭ ਦੇ ਸਮੇਂ ਮਾਂ ਦਾ ਨਸ਼ੇ ਖਾਣੇ, ਬੀਮਾਰੀ, ਤਣਾਉ, ਚਿੰਤਾ ਆਦਿ ਬੱਚੇ ਵਿਚ ਅਤਿ ਦੀ ਹਾਈਪਰ ਸਰਗਰਮੀ ਪੈਦਾ ਕਰ ਸਕਦੀਆਂ ਹਨ। ਸੋ ਗਰਭ ਸਮੇਂ ਮਾਂ ਨੂੰ ਕਿਸੇ ਨਸ਼ੇ, ਸ਼ਰਾਬ, ਸਿਗਰਟਾਂ, ਅਮਲ, ਸੁਲਫਾ (ਭੰਗ), ਅਫੀਮ ਅਤੇ ਮਨ ਟਿਕਾਊ ਦਵਾਈਆਂ ਨਹੀਂ ਖਾਣੀਆਂ ਚਾਹੀਦੀਆਂ। ਮਾਂ ਬਾਪ ਨੂੰ ਬੱਚੇ ਦੇ ਉਸਾਰੂ ਵਿਵਹਾਰ ਦੀ ਪ੍ਰਸੰਸਾ ਕਰਨੀ ਚਾਹੀਦੀ ਹੈ। ਚੰਗੀ ਸੇਧ ਦੇਣ ਲਈ ਛੋਟੇ ਵੱਡੇ ਟੀਚੇ ਮਿਥਣੇ ਚਾਹੀਦੇ ਹਨ। ਮਾਪੇ ਆਪ ਨਮੂਨਾ ਬਣਨ ਅਤੇ ਮਾਪੇ ਆਪ ਯੋਗ ਅਰਥ ਭਰਪੂਰ ਕੰਮ ਦਾ ਪ੍ਰਗਟਾਵਾ ਕਰਨ ਤੇ ਵਿਖਾਉਣ। ਬੱਚਾ ਨਕਲ ਕਰਦਾ ਹੈ ਤੇ ਬੱਚੇ ਦੇ ਚੰਗੇ ਕੰਮ ਦੀ ਇਕਦਮ ਪ੍ਰਸੰਸਾ ਹੋਣੀ ਚਾਹੀਦੀ ਹੈ। ਜੋ ਬੱਚੇ ਨੂੰ ਆਖਦੇ ਤੇ ਵਾਅਦੇ ਕਰਦੇ ਹੋ, ਉਹ ਸਪਸ਼ਟ ਤੇ ਛੇਤੀ ਪਿਛੋਂ ਪੂਰਾ ਹੋਣ ਵਾਲਾ ਹੋਵੇ। ਆਖੀ ਹੋਈ ਗੱਲ/ਵਾਅਦੇ ਨੂੰ ਪੂਰਾ ਕਰੋ। ਵਾਅਦੇ ਤੋਂ ਫਿਰਨਾ ਜਾਂ ਟਾਲ ਮਟੋਲ ਨਾਲ ਬੱਚੇ ਤੇ ਚੰਗਾ ਅਸਰ ਨਹੀਂ ਪੈਂਦਾ। ਦੋਹਰਾ ਮਾਪ ਨਹੀਂ ਚਾਹੀਦਾ। ਚੰਗੇ ਵਿਵਹਾਰ ਲਈ ਚੰਗਾ ਇਵਜ਼ਾਨਾ ਤੇ ਇਨਾਮ ਹੋਵੇ। ਮਾਪੇ ਬੱਚੇ ਨੂੰ ਇਹ ਸਾਫ ਦੱਸਣ ਤੇ ਸਿਖਾਉਣ ਕਿ ਉਹ ਕੀ ਆਸ ਕਰਦੇ ਹਨ, ਕਿਹੋ ਜਿਹਾ ਵਿਵਹਾਰ ਚਾਹੀਦਾ ਹੈ ਅਤੇ ਉਹ ਟੀਚਾ/ਵਿਵਹਾਰ ਪ੍ਰਾਪਤ ਕਰਨ ਲਈ ਕੀ ਤੇ ਕਿਵੇਂ ਕਰਨਾ ਹੈ।

ਬੱਚੇ ਵੇਖ ਕੇ ਭੀ ਸਿੱਖਦੇ ਹਨ। ਹਰ ਵੇਲੇ ਆਪਣੇ ਬੱਚੇ ਨੂੰ ਦੂਜੇ ਚੰਗੇ ਬੱਚੇ ਨਾਲ ਤੁਲਨਾ ਦੇ ਕੇ ਤੇ ਨਹੋਰੇ ਮਾਰਨ ਤੋਂ ਸੰਕੋਚ ਚਾਹੀਦਾ ਹੈ। ਨਿਸਚਿਤ ਤੇ ਠੋਸ ਸੁਝਾਵਾਂ ਰਾਹੀਂ ਢਾਂਚਾ ਜਾਂ ਬਣਤਰ ਪੇਸ਼ ਕਰੋ। ਬੱਚੇ ਦੀ ਵਾਧੂ ਤੇ ਹਾਈਪਰ (ਅਤਿ ਦੀ) ਸਰਗਰਮੀ ਨੂੰ ਥੋੜਾ ਕਰਨ ਲਈ ਮਾਪਿਆਂ ਦਾ ਉਸਾਰੂ ਤੇ ਹਾਂ ਪੱਖੀ ਵਤੀਰਾ ਧਾਰਨਾ ਚਾਹੀਦਾ ਹੈ। ਕਈ ਵਾਰ ਹਾਈਪਰ ਅਮਲ ਨੂੰ ਨਜ਼ਰ ਅੰਦਾਜ਼ ਕਰਨਾ ਚੰਗੀ ਗੱਲ ਹੈ। ਮਾਪਿਆਂ ਨੂੰ ਆਪਣੀ ਗੁੱਸੇ ਭਰੀ, ਝਿੜਕਾਂ ਤੇ ਤਾਅਨੇ ਮਾਰਨ ਵਾਲੀ ਆਦਤ ਨੂੰ ਭੀ ਬਦਲਨਾ ਜ਼ਰੂਰੀ ਹੈ।

(ਚਲਦਾ)

(ਅਗਲਾ — ਮਨਮੌਜੀ ਤੇ ਕਲਾਊਨਿੰਗ)

ਦੀਵਾਲੀ ਦੇ ਸ਼ੁਭ
ਤਿਓਹਾਰ ਤੇ
ਵਧਾਈਆਂ!

ਕਨੇਡਾ ਦਰਪਣ

The Manitoba Mirror

ਮੈਨੀਟੋਬਾ ਦਰਪਣ

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

ਰਾਜ ਸਿੰਘ ਮਾਨ

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

NORTH AMERICAN LIFE



R R S P ■ Personal ■ Children's ■ Group ■ Annuities

Raj Singh Maan Sales Manager
Res. 694-0731
Commissioner for oaths

Ph. 943-1526
1507 - 330 Portage Ave. WINNIPEG, MAN. R3C 0C4

V.I.P. SUPERMARKET
Ph. 774-8671

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ:

V.I.P. SUPERMARKET
739, Elice Ave. WINNIPEG, MAN.

Moti Flour Industries
620 - Sophia St., SELKIRK — MAN.


Ph. 204-482-4111
Or. 204-785-1054

100% ਡੁਰਮ ਕਣਕ ਦਾ ਆਟਾ

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ
ਸਕਦਾ ਹੈ



BALDEV S. BEDI M.A. B.A. (Hons.)
BROKER AND COMMISSIONER
FOR OATHS

ਕਿਸੇ ਭੀ ਕਿਸਮ ਦੀ ਜਾਇਦਾਦ ਖ਼ੀਦਣਾ ਜਾਂ ਵੇਚਣਾ ਚਾਹੁੰਦੇ ਹੋ ?
ਮੁਫਤ ਸਲਾਹ ਮਸ਼ਵਰੇ ਲਈ ਫ਼ੋਨ ਕਰੋ :

ਬਲਦੇਵ ਸਿੰਘ ਬੇਦੀ M.A. B.A. (Hons.)

- ਜਾਇਦਾਦ ਰਿਹਾਇਸ਼ੀ, ਕਮਰਸ਼ਲ, ਅਪਾਰਟਮੈਂਟ ਬਲਾਕ, ਵਿਹਲੀ ਜ਼ਮੀਨ, ਹੋਟਲ, ਮੋਟਲ ਜਾਂ ਕੋਈ ਬਿਜ਼ਨਿਸ ਹੋਵੇ!
- ਮਾਰਗੇਜ ਦਾ ਪ੍ਰਬੰਧ ਕਰਨਾ ਹੋਵੇ
- ਕਿਰਾਏ ਦੇ ਮਕਾਨਾਂ ਸੰਬੰਧੀ ਕੋਈ ਮਸ਼ਵਰਾ ਲੈਣਾ ਹੋਵੇ

ਆਪਣੀ ਪੰਜਾਬੀ ਰੀਅਲ ਅਸਟੇਟ ਕੰਪਨੀ ਦੀਆਂ ਸੇਵਾਵਾਂ ਦਾ ਲਾਭ ਉਠਾਓ

ਜਿਥੇ ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ !!

Bus. 269-4411, Res. 261-7598,
24 Hrs: 942-0141
Pager 6366

AMAN REALTY
1223 Markham Road Winnipeg Man. R3T 4B1

ਫਿਲਮਨਾਮਾ

ਬਾਰੀਕ ਤੇ ਸੁਭਾਵਕ ਅਦਾਕਾਰ ਨਸੀਰੁਦੀਨ ਸ਼ਾਹ



ਸਾਰਥਕ ਫਿਲਮਾਂ ਤੇ ਕਮਰਸ਼ੀਅਲ ਫਿਲਮਾਂ 'ਚੋਂ ਵਿੱਥ ਮਿਟਾਉਣ ਦਾ ਚਾਹਵਾਨ ਨਸੀਰੁਦੀਨ ਸ਼ਾਹ

ਨਸੀਰੁ ਆਪਣੇ ਬਾਰੇ ਬਣੀ ਹਰ ਧਾਰਨਾ 'ਤੇ ਰਾਏ ਨੂੰ ਰੱਦ ਕਰਦਾ ਹੈ। ਜਦੋਂ ਸਾਰਥਕ ਫਿਲਮਾਂ ਦਾ ਉਸ ਨੂੰ ਐਂਗਰੀ ਯੰਗ ਮੈਨ ਕਿਹਾ ਜਾਣ ਲੱਗਾ ਤਾਂ ਉਸ ਕਿਹਾ, ਅਜਿਹੇ ਸ਼ਬਦਾਂ ਤੋਂ ਮੈਨੂੰ ਸਖਤ ਚਿੜ੍ਹ ਹੈ। ਫਿਰ ਜਦੋਂ ਨਸੀਰੁ ਦਾ ਮੁਕਾਬਲਾ ਓਮਪੁਰੀ ਨਾਲ ਹੋਣ ਲੱਗ ਪਿਆ ਸੀ ਤਾਂ ਉਸ ਨੇ ਛਟਪਟਾ ਕੇ ਆਖਿਆ ਮੇਰਾ ਮੁਕਾਬਲਾ ਕਿਸੇ ਨਾਲ ਨਹੀਂ ਬਲਕਿ ਆਪਣੇ ਆਪ ਨਾਲ ਹੈ। ਜਦੋਂ ਉਸ ਨੂੰ ਕਿਸੇ ਨੇ ਇਹ ਪੁਛਿਆ ਕਿ ਤੁਸੀਂ ਆਰਟ ਫਿਲਮਾਂ ਦੇ ਕਲਾਕਾਰ ਕਹਾਉਣਾ ਚਾਹੁੰਦੇ ਹੋ ਜਾਂ ਦੂਜੀਆਂ ਫਿਲਮਾਂ ਦੇ ਵੀ ਤਾਂ ਨਸੀਰੁ ਨੇ ਚਿੜ੍ਹ ਕੇ ਅਤੇ ਦ੍ਰਿੜ੍ਹਤਾ ਨਾਲ ਆਖਿਆ ਸੀ : ਫਿਲਮਾਂ ਦੀ ਇਸ ਪ੍ਰਕਾਰ ਦੀ ਵੰਡ ਕਰਨਾ ਮੂਰਖਤਾ ਹੈ, ਇਕ ਕਮਰਸ਼ੀਅਲ ਫਿਲਮ 'ਚ ਵੀ ਆਰਟ ਫਿਲਮ ਵਾਲੀ ਗੱਲ ਹੋ ਸਕਦੀ ਹੈ ਤੇ ਇਕ ਆਰਟ ਫਿਲਮ ਵੀ ਕਮਰਸ਼ੀਅਲ ਤੱਤਾਂ ਨਾਲ ਓਤਪੋਤ ਹੋ ਸਕਦੀ ਹੈ। ਫਿਲਮ ਨੂੰ ਫਿਲਮ ਕਹੋ, ਵੱਖ ਵੱਖ ਖਾਨਿਆਂ 'ਚ ਬੰਦ ਨਾ ਕਰੋ। ਉਸ ਦਾ ਵਿਚਾਰ ਹੈ ਕਿ ਕਲਾਕਾਰ ਨੂੰ ਆਪਣਾ ਪੱਕਿਆ ਹੋਇਆ 'ਇਮੇਜ' ਜਲਦ ਤੋਂ ਜਲਦ ਤੋੜ ਦੇਣਾ ਚਾਹੀਦਾ ਹੈ ਤੇ ਨਵੇਂ ਤੋਂ ਨਵੇਂ 'ਇਮੇਜ' ਵੱਲ ਤੁਰਨਾ ਚਾਹੀਦਾ ਹੈ।

ਸ਼ਿਆਮ ਬੈਨੇਗਲ ਨੇ 'ਨਿਸ਼ਾਂਤ' ਫਿਲਮ ਰਾਹੀਂ ਨਸੀਰੁਦੀਨ ਸ਼ਾਹ ਨੂੰ ਪਹਿਲੀ ਵਾਰ ਪਰਦੇ 'ਤੇ ਦਿਖਾਇਆ ਸੀ। ਇਥੋਂ ਹੀ ਉਸ ਨੂੰ ਬਤੌਰ ਅਦਾਕਾਰ ਗੰਭੀਰਤਾ ਨਾਲ ਲੈ ਲਿਆ ਗਿਆ। ਬੈਨੇਗਲ ਨਾਲ ਨਸੀਰੁ ਨੇ 'ਮੰਥਨ' 'ਭੂਮਿਕਾ ਤੇ 'ਜਨੂੰਨ' ਆਦਿ ਹੋਰ ਕਈ ਫਿਲਮਾਂ ਕੀਤੀਆਂ। 'ਆਕ੍ਰੋਸ਼', 'ਚੱਕਰ', 'ਸਪਰਸ਼', 'ਮਾਸੂਮ', 'ਮਿਰਚ-ਮਸਾਲਾ', ਤੇ 'ਪਾਰ' ਵਰਗੀਆਂ ਨਿੱਗਰ ਫਿਲਮਾਂ ਨਾਲ ਨਸੀਰੁਦੀਨ ਭਾਰਤ ਪੱਧਰ 'ਤੇ ਹੀ ਨਹੀਂ ਬਲਕਿ ਕੌਮਾਂਤਰੀ ਪੱਧਰ 'ਤੇ ਸਤਿਕਾਰਿਤ ਐਕਟਰ ਬਣ ਗਿਆ।

ਫਿਰ ਜਦੋਂ 'ਕਰਮਾ' ਤੇ 'ਗੁਲਾਮੀ' ਵਰਗੀਆਂ ਟਿਕਟ/ਖਿੜਕੀ 'ਤੇ ਹਿੱਟ ਫਿਲਮਾਂ ਵਿਚ ਨਸੀਰੁ ਨੇ ਐਕਸ਼ਨ-ਰੋਲ ਕੀਤੇ ਤਾਂ 'ਸ਼ੁਧ ਬੁੱਧੀਜੀਵੀਆਂ' ਨੇ ਉਸ ਨੂੰ ਤਾਅਨੇ ਮਾਰੇ ਤੇ ਕਿਹਾ ਕਿ ਨਸੀਰੁਦੀਨ ਸ਼ਾਹ ਫਿਲਮੀ ਚਕਾਚੌਂਧ 'ਚ ਆ ਗਿਆ ਹੈ, ਨਸੀਰੁਦੀਨ ਪੈਸਾ ਕਮਾਉਣ ਵੱਲ ਹੋ ਗਿਆ ਹੈ ਵਗੈਰਾ ਵਗੈਰਾ।

ਪਰ ਨਸੀਰੁਦੀਨ ਦਾ ਆਖਣਾ ਹੈ ਕਿ ਜੇਕਰ ਮੈਂ ਕਲਾ-ਫਿਲਮਾਂ ਵਿਚ ਹੀ 'ਗੁੰਮਿਆ' ਰਹਿੰਦਾ ਤੇ 'ਕਲਾ ਦੀ ਸੇਵਾ' ਕਰਨ ਦਾ ਦਾਅਵੇਦਾਰ ਬਣਿਆ ਰਹਿੰਦਾ ਤਾਂ ਹੁਣ ਨੂੰ ਕਈ ਬਿਮਾਰੀਆਂ ਦਾ ਸ਼ਿਕਾਰ ਹੋਇਆ ਹੁੰਦਾ ਜਾਂ ਘੱਟੋ ਘੱਟ ਮੁਕੰਮਲ ਰੂਪ ਵਿਚ ਵਿਹਲਾ ਹੋ ਗਿਆ ਹੁੰਦਾ। ਉਹ ਇਕ ਮਿਸਾਲ ਦਿੰਦਾ ਹੈ ਕਿ 'ਸੁਨਯਨਾ' ਫਿਲਮ 'ਚ ਕੰਮ ਕਰਨ ਬਦਲੇ ਰਾਜ ਸ਼ਿਰੀ ਵਾਲਿਆਂ ਨੇ ਉਸ ਨੂੰ ਏਨੇ ਕੁ ਪੈਸੇ ਦਿੱਤੇ ਜਿਤਨੇ ਸ਼ਿਆਮ ਬੈਨੇਗਲ ਦੀਆਂ ਚਾਰ ਫਿਲਮਾਂ ਦੇ ਜੋੜ ਕੇ ਨਹੀਂ ਬਣਦੇ। ਸੁਭਾਸ਼ ਘਈ ਨੇ 'ਕਰਮਾ' ਵਿਚਲੇ ਰੋਲ ਬਦਲੇ ਨਸੀਰੁ ਨੂੰ ਏਨੀ ਰਕਮ ਦਿੱਤੀ ਜਿਤਨੀ ਉਹਦੀਆਂ ਚਲ ਰਹੀਆਂ ਕਲਾ-ਫਿਲਮਾਂ ਦੀ ਬਣਦੀ ਹੈ। ਨਸੀਰੁਦੀਨ ਦੀ ਦਲੀਲ ਹੈ ਕਿ ਫਿਲਮ ਚਾਹੇ ਕਮਰਸ਼ੀਅਲ ਹੋਵੇ ਤੇ ਚਾਹੇ ਆਰਟ, ਕਲਾਕਾਰ ਨੂੰ ਇਕੋ ਜਿਹੀ ਮਿਹਨਤ ਕਰਨੀ ਪੈਂਦੀ ਹੈ।

ਇਸ ਸਮੇਂ ਨਸੀਰੁਦੀਨ ਸ਼ਾਹ ਪੂਰੀ ਤਰ੍ਹਾਂ ਮਸਾਲਾ ਫਿਲਮਾਂ ਵਿਚ ਰੁਝਾ ਹੋਇਆ ਕਲਾਕਾਰ ਹੈ। ਉਸ ਨੂੰ ਦੁਖ ਹੈ ਕਿ ਸਾਡੇ ਹੀ ਪੱਧਰ ਦਾ ਕਲਾਕਾਰ ਅਨੁਪਮ ਖੇਰ ਸਾਥੋਂ ਕਿਤੇ ਅਗੇ ਕਿਉਂ ਨਿਕਲ ਗਿਆ। ਨਸੀਰੁ ਨੂੰ ਦੁਖ ਹੈ ਕਿ ਉਸ ਦਾ ਦਿੱਲੀ ਵੇਲਿਆਂ ਦਾ ਤੇ ਕਲਾ-ਫਿਲਮਾਂ ਸਾਰਿਆਂ ਦਾ ਪਿਆਰਾ ਬੇਲੀ ਓਮਪੁਰੀ ਕਮਰਸ਼ੀਅਲ ਫਿਲਮਕਾਰਾਂ ਨੂੰ ਕਿਉਂ ਅਪ੍ਰਵਾਨ ਹੈ!

ਉਸ ਦੀ ਤਮੰਨਾ ਹੈ ਕਿ ਜੇ ਗੋਵਿੰਦ ਨਿਹਲਾਨੀ, ਸ਼ਿਆਮ ਬੈਨੇਗਲ, ਸ਼ਬਾਨਾ ਆਜ਼ਮੀ, ਦੀਪਤੀ ਨਵਲ, ਸਾਈਂ ਪਰਾਂਜਪੇ, ਪ੍ਰਕਾਸ਼ ਝਾਅ ਤੇ ਦੇਵੀ ਦੱਤ ਵਰਗੀਆਂ ਸਾਰੀਆਂ ਦੀਆਂ ਸਾਰੀਆਂ ਕਲਾ-ਫਿਲਮਾਂ ਦੇ ਖੇਤਰ 'ਚ ਮਾਅਰਕੇ ਮਾਰਨ ਵਾਲੀਆਂ ਹਸਤੀਆਂ ਏਧਰ ਕਮਰਸ਼ੀਅਲ ਫਿਲਮਾਂ ਵੱਲ ਆ ਜਾਣ ਤਾਂ ਇਕ ਅਜਿਹਾ ਕਾਫਲਾ ਬਣਾਇਆ ਜਾ ਸਕਦਾ ਹੈ ਜੋ ਕਮਰਸ਼ੀਅਲ ਫਿਲਮਾਂ ਨੂੰ ਹੀ ਸਾਰਥਿਕ ਫਿਲਮਾਂ ਦਾ ਜਾਮਾ ਪਹਿਨਾ ਦੇਵੇ।

ਸ਼ਮੀ ਕਪੂਰ ਨੇ ਰਾਜ ਕਰਾਇਆ

ਸ਼ਮੀ ਕਪੂਰ ਦਿਨੋਂ ਦਿਨ ਏਨਾ ਅੰਤਰਮੁਖੀ ਹੁੰਦਾ ਜਾਂਦਾ ਹੈ ਕਿ ਸਭ ਨੂੰ ਹੈਰਾਨੀ ਹੁੰਦੀ ਹੈ। ਭਾਵੇਂ ਗੀਤਾ ਬਾਲੀ ਦੀ ਮੌਤ ਉਪਰੰਤ ਹੀ ਸ਼ਮੀ ਕਪੂਰ ਦੇ ਮਨ ਅੰਦਰ ਡੂੰਘਾ ਟੋਆ ਪੈ ਗਿਆ ਸੀ ਪਰ ਦੁਬਾਰਾ ਸ਼ਾਦੀ ਕਰਾਉਣ ਤੇ ਨਿਆਣੇ-ਨਿੱਕਿਆਂ ਨਾਲ ਪਰਚ ਕੇ ਉਹਨੇ ਗੀਤਾ ਬਾਲੀ ਦੇ ਗ਼ਮ ਨੂੰ ਹੌਲੀ ਹੌਲੀ ਕਾਫੀ ਘੱਟ ਕਰ ਲਿਆ ਸੀ। ਜਦੋਂ ਦੀ ਵੱਡੇ ਭਰਾ ਰਾਜ ਕਪੂਰ ਦੀ ਮ੍ਰਿਤੂ ਹੋਈ ਹੈ, ਉਦੋਂ ਦਾ ਸ਼ਮੀ ਕਪੂਰ ਕੁਝ ਜ਼ਿਆਦਾ ਹੀ ਮੌਨ ਹੋ ਗਿਆ ਹੈ। ਕਪੂਰ ਪਰਿਵਾਰ 'ਚੋਂ ਰਾਜ ਕਪੂਰ ਦੀ ਮ੍ਰਿਤੂ 'ਤੇ ਸਭ ਤੋਂ ਘੱਟ ਹੰਝੂ ਸ਼ਮੀ ਕਪੂਰ ਨੇ ਵਹਾਏ, ਪਰ ਜਿਸ ਤਰ੍ਹਾਂ ਦੇ ਹਉਕੇ ਲੈਣ ਉਹ ਲੱਗ ਗਿਆ ਹੈ, ਜਾਪਦਾ ਹੈ ਕਿ ਉਹ ਰਾਜ ਕਪੂਰ ਨੂੰ ਹਰ ਪਲ, ਹਰ ਸਾਹ ਯਾਦ ਕਰ ਰਿਹਾ ਹੈ। ਭਗਤੀ ਤੇ ਪਾਠ-ਪੂਜਾ ਵੱਲ ਸ਼ਮੀ ਕਪੂਰ ਪਹਿਲਾਂ ਨਾਲੋਂ ਵੀ ਵੱਧ ਸਮਾਂ ਦੇਣ ਲੱਗ ਪਿਆ ਹੈ। ਚਰਿਤਰ-ਅਭਿਨੇਤਾ ਵਜੋਂ ਉਹ ਜਿਹੜੀਆਂ ਫਿਲਮਾਂ ਇਨ੍ਹੀਂ ਦਿਨੀਂ ਕਰ ਰਿਹਾ ਹੈ, ਉਨ੍ਹਾਂ ਦੀ ਆਊਟਡੋਰ ਸ਼ੂਟਿੰਗ ਦੌਰਾਨ ਵੀ ਜਿਤਨਾ ਕੁ ਸਮਾਂ ਵਿਹਲ ਮਿਲੇ, ਉਹ ਅੱਖਾਂ ਮੀਚ ਕੇ ਮਾਲਾ ਫੇਰਨ ਲਗ ਜਾਂਦਾ ਹੈ ਜਾਂ ਮੇਕਅਪ-ਰੂਮ ਜਾ ਕੇ ਪਾਠ-ਪੂਜਾ ਕਰਨ ਲਗ ਪੈਂਦਾ ਹੈ। ਉਹ ਪਹਿਲਾਂ ਵਾਂਗ ਹੱਸਣ ਵਾਲੀਆਂ ਗੱਲਾਂ 'ਤੇ ਲੋੜੋਂ ਵੱਧ ਨਹੀਂ ਹੱਸਦਾ। ਜਦੋਂ ਹੱਸਣ ਦੀ ਨੌਬਤ ਆ ਵੀ ਜਾਵੇ ਤਾਂ ਉਹ ਕੇਵਲ ਮੁਸਕਰਾਉਂਦਾ ਹੈ ਤੇ ਉਸ ਵੀ ਥੋੜ੍ਹਾ-ਥੋੜ੍ਹਾ।


ਯਾਦ ਕਰਕੇ ਹੈਰਾਨੀ ਹੁੰਦੀ ਹੈ ਕਿ ਇਹ ਉਹੀਓ ਸ਼ਮੀ ਕਪੂਰ ਹੈ ਜੋ ਪੰਜਵੇਂ ਅਤੇ ਛੇਵੇਂ ਦਹਾਕੇ 'ਚ ਭਾਰਤੀ ਫਿਲਮਾਂ ਵਿਚ ਛਾਇਆ ਰਿਹਾ। "ਯਾ...ਹੂ" ਦਾ ਅੰਦਾਜ਼ ਨਿਰੋਲ ਸ਼ਮੀ ਕਪੂਰ ਦਾ ਸੀ। "ਤਾਰੀਫ ਕਰੂੰ ਕਿਆ ਉਸਕੀ" "ਤੁਮਸੇ ਅੱਛਾ ਕੌਨ ਹੈ", ਤੁਮਨੇ ਪੁਕਾਰਾ ਔਰ ਹਮ ਚਲੇ ਆਏ", "ਲਾਲ ਛੜੀ ਮੈਦਾਨ ਖੜੀ" "ਚਾਹੇ ਮੁਝੇ ਕੋਈ ਜੰਗਲੀ ਕਹੇ", "ਦਿਲ ਕੇ ਝਰੋਖੇ ਮੇਂ ਤੁਝ ਕੋ ਬਿਠਾ ਕਰ" ਆਦਿ ਮੁਖੜਿਆਂ ਵਾਲੇ ਦਰਜਨਾਂ ਗੀਤ ਭਾਵੇਂ ਮੁਹੰਮਦ ਰਫੀ ਦੀ ਆਵਾਜ਼ 'ਚ ਰਿਕਾਰਡ ਹੋਏ ਪਰ ਸਕਰੀਨ ਉਪਰ ਇਨ੍ਹਾਂ ਨੂੰ ਸ਼ਮੀ ਕਪੂਰ ਨੇ ਬਾਖੂਬ ਨਿਭਾਇਆ ਤੇ ਇਕ ਤਰ੍ਹਾਂ ਨਾਲ ਇਨ੍ਹਾਂ ਗੀਤਾਂ ਨੂੰ ਸ਼ਮੀ ਕਪੂਰ ਦੇ ਗੀਤ ਹੀ ਕਿਹਾ ਜਾਂਦਾ ਹੈ। ਇਹ ਗੀਤ ਹਰ ਚਾਰ-ਪੰਜ ਸਾਲ ਬਾਅਦ ਮੁੜ ਮੁੜ ਉਭਰਦੇ ਹਨ ਤੇ ਲਗਦਾ ਹੈ ਕਿ ਕਦੇ ਵੀ ਪੁਰਾਣੇ ਨਹੀਂ ਹੋਣਗੇ।

ਭੋਲਾਪਣ ਤੇ ਚੁਲਬੁਲਾਪਣ ਸ਼ਮੀ ਕਪੂਰ ਦੀ ਅਦਾਕਾਰੀ ਦਾ ਖਾਸਾ ਰਿਹਾ ਹੈ ਹਲਕੀ-ਫੁਲਕੀ ਕਾਮੇਡੀ ਤੇ ਹਰ ਗੱਲ ਨੂੰ ਮਟਕੀਲੇ ਅੰਦਾਜ਼ 'ਚ ਕਹਿਣਾ ਉਹਦੀ ਵੱਖਰੀ ਪਛਾਣ ਸੀ ਜਿਸ ਨੇ ਲੱਖਾਂ ਚਹੇਤੇ ਬਣਾ ਲਏ ਸਨ।

"ਗੁਲ ਸਨੋਵਰ" ਤੋਂ ਸ਼ੁਰੂ ਕਰਕੇ ਸ਼ਮੀ ਕਪੂਰ ਨੇ ਇਕ ਅਭਿਨੇਤਾ ਵਜੋਂ "ਤੁਮ ਸਾ ਨਹੀਂ ਦੇਖਾ", "ਦਿਲ ਦੇ ਕੇ ਦੇਖੋ", "ਜੰਗਲੀ", "ਦਿਲ ਤੇਰਾ ਦੀਵਾਨਾ", "ਪ੍ਰੋਫੈਸਰ", "ਕਸ਼ਮੀਰ ਕੀ ਕਲੀ", "ਰਾਜ ਕਪੂਰ", "ਤੀਸਰੀ ਮੰਜ਼ਿਲ", "ਸਚਾਈ", ਤੇ "ਬ੍ਰਹਮਚਾਰੀ" ਆਦਿ ਖੂਬਸੂਰਤ ਤੇ ਹਿੱਟ ਫਿਲਮਾਂ ਦਿੱਤੀਆਂ। ਚਰਿਤਰ-ਅਭਿਨੇਤਾ ਵਜੋਂ ਉਹਦੀਆਂ "ਬੇਤਾਬ", "ਵਿਧਾਤਾ", ਤੇ "ਹਕੂਮਤ" ਫਿਲਮਾਂ ਖੂਬ ਚੱਲੀਆਂ। ਟੀ ਵੀ ਸੀਰੀਅਲਾਂ ਤੇ ਐਡ ਫਿਲਮਾਂ ਵਿਚ ਵੀ ਉਹ ਆਮ ਦਿਖਾਈ ਦਿੰਦਾ ਰਹਿੰਦਾ ਹੈ।

ਸ਼ਮੀ ਕਪੂਰ ਦੀਆਂ ਹੀਰੋਇਨਾਂ ਵਿਚ ਗੀਤਾ ਬਾਲੀ, ਆਸ਼ਾ ਪਾਰਿਖ, ਸਾਇਰਾ ਬਾਨੋ, ਚਾਂਦ ਉਸਮਾਨੀ, ਰਾਗਨੀ, ਕਲਪਨਾ, ਰਾਜ ਸ਼ਿਰੀ ਤੇ ਸ਼ਰਮੀਲਾ ਟੈਗੋਰ ਦਾ ਨਾਂ ਆਉਂਦਾ ਹੈ। ਉਹ ਜਿਤਨਾ ਚਿਰ ਅਭਿਨੇਤਾ ਰਿਹਾ ਹਰ ਅਭਿਨੇਤਰੀ ਦੀ ਤਮੰਨਾ ਹੁੰਦੀ ਸੀ ਕਿ ਸ਼ਮੀ ਕਪੂਰ ਨਾਲ ਫਿਲਮ ਸਾਈਨ ਕਰਾਂ।


ਸੰਨ 1974 ਵਿਚ ਸ਼ਮੀ ਕਪੂਰ ਇਕ ਸਾਧੂ ਤੋਂ ਪ੍ਰਭਾਵਤ ਹੋ ਗਿਆ ਤੇ ਉਸ ਨੂੰ ਆਪਣਾ 'ਗੁਰੂ' ਸਵੀਕਾਰ ਕਰ ਲਿਆ। ਉਸਦੇ ਗੁਰੂ ਦਾ ਡੇਰਾ ਨੈਣੀਤਾਲ ਨੇੜੇ ਸਥਿਤ ਹੈ। ਸ਼ਮੀ ਕਪੂਰ ਨੇ ਪਦਾਰਥਕ ਵਸਤਾਂ ਨੂੰ ਰੱਜ ਕੇ ਹੰਢਾਇਆ ਹੈ ਤੇ ਖਾਣ-ਪੀਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਉਸ ਦਾ ਮਾਨਸਿਕ ਤੇ ਰੂਹਾਨੀ ਖੁਰਾਕ ਲੈਣ ਵੱਲ ਵੱਧ ਧਿਆਨ ਹੈ ਤੇ ਇਸੇ ਲਈ ਜ਼ਿਆਦਾ ਅੰਤਰਮੁਖੀ ਹੋਣਾ ਸੁਭਾਵਕ ਗੱਲ ਹੈ।



ਸ਼ਸ਼ੀ ਕਪੂਰ ਦਾ 'ਠੋਸ' ਦਾਅਵਾ

ਸ਼ਸ਼ੀ ਕਪੂਰ ਨੇ ਆਪਣੀ ਨਿਰਮਾਣ-ਅਧੀਨ ਫਿਲਮ 'ਅਜੂਬਾ' ਬਾਰੇ ਉਸੇ ਕਿਸਮ ਦਾ ਦਾਅਵਾ ਕੀਤਾ ਹੈ ਜਿਸ ਤਰ੍ਹਾਂ ਦਾ ਕਿਸੇ ਵੇਲੇ ਉਸ ਦੇ ਵੱਡੇ ਭਰਾ ਰਾਜ ਕਪੂਰ ਨੇ 'ਬਾਬੀ' ਫਿਲਮ ਬਣਾਉਣ ਦੇ ਸਮਿਆਂ 'ਚ ਕੀਤਾ ਸੀ। ਜਦੋਂ 'ਮੇਰਾ ਨਾਮ ਜੋਕਰ' ਫੇਲ੍ਹ ਹੋ ਗਈ ਸੀ ਤਾਂ ਗੁੱਸੇ 'ਚ ਆ ਕੇ ਰਾਜ ਕਪੂਰ ਨੇ ਆਖਿਆ ਸੀ, 'ਅਗਲੀ ਵਾਰ ਮੈਂ ਮਿਥ ਕੇ ਘਟੀਆ ਫਿਲਮ ਬਣਾਵਾਂਗਾ ਜੋ ਬਾਕਸ ਆਫਿਸ 'ਤੇ ਸਭ ਨੂੰ ਹੈਰਾਨ ਕਰੇਗੀ।'

'ਉਤਸਵ' ਦੇ ਬੁਰੀ ਤਰ੍ਹਾਂ ਫੇਲ੍ਹ ਹੋਣ ਉਪਰੰਤ ਸ਼ਸ਼ੀ ਕਪੂਰ ਵੀ ਟੁੱਟ ਗਿਆ ਸੀ ਸ਼ਸ਼ੀ ਦਾ ਕਹਿਣਾ ਹੈ ਕਿ ਸਾਡੇ ਦਰਸ਼ਕ ਜੇ ਆਪਣੇ ਟੈਸਟ ਦਾ ਪੱਧਰ ਉ[illegible] ਹੀਂ ਚੁੱਕਣਾ ਚਾਹੁੰਦੇ ਤਾਂ ਫਿਰ ਸਾਡਾ ਫਿਲਮਕਾਰਾਂ ਦਾ ਕੀ ਢਿੱਡ ਦੁਖਦਾ [illegible] ਸੀਂ ਸਾਰਥਕ ਫਿਲਮਾਂ ਹੀ ਬਣਾਈਏ। ਸ਼ਸ਼ੀ ਕਪੂਰ ਦਾ ਦਾਅਵਾ ਹੈ ਕਿ ਉਸ ਦੀ 'ਅਜੂਬਾ' ਫਿਲਮ ਵਿਚ ਏਨੇ ਫਿਲਮੀ ਮਸਾਲੇ ਭਰੇ ਜਾ ਰਹੇ ਹਨ ਕਿ ਦਰਸ਼ਕ ਇਕ ਤੋਂ ਵੱਧ ਪਾਰ ਫਿਲਮ ਦੇਖਣ ਲਈ ਮਜਬੂਰ ਹੋ ਜਾਣਗੇ। ਉਹ ਹੁਣੇ ਤੋਂ ਸਪਸ਼ਟ ਰੂਪ 'ਚ ਆਖ ਰਿਹਾ ਹੈ ਕਿ ਗੰਭੀਰ ਸਿਨੇ-ਦਰਸ਼ਕ ਨੂੰ 'ਅਜੂਬਾ' ਵਿਚੋਂ ਕੁਝ ਨਹੀਂ ਲੱਭੇਗਾ ਪਰ ਵੱਡੀ ਗਿਣਤੀ ਦਰਸ਼ਕ ਅਸ਼-ਅਸ਼ ਕਰ ਉਠਣਗੇ। 'ਅਜੂਬਾ' ਵਿਚ ਅਮਿਤਾਭ ਬਚਨ ਤੇ ਡਿੰਪਲ ਕਪਾਡੀਆ ਵਰਗੇ ਸਟਾਰ ਕਲਕਾਰ ਕੰਮ ਕਰ ਰਹੇ ਹਨ। ਇਹ ਰੂਸ ਦੇ ਸਹਿਯੋਗ ਨਾਲ ਬਣ ਰਹੀ ਹੈ ਤੇ ਇਸ ਦੀ ਆਊਟ-ਡੋਰ ਸ਼ੂਟਿੰਗ ਵੀ ਰੂਸ ਵਿਚ ਕੀਤੀ ਜਾ ਰਹੀ ਹੈ।



Popular Furniture Mfg. Ltd.

7935 - 128th Street, SURREY, B.C. **Ph. 596-1216**

ਵੈਨਕੂਵਰ ਵਿਚ
ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ

ਦੀਵਾਲੀ ਮੁਬਾਰਕ!

ਸਿੱਧੇ ਫੈਕਟਰੀ 'ਤੇ ਪਹੁੰਚੋ

ਤੇ ਮਨਮਰਜ਼ੀ ਦਾ ਫਰਨੀਚਰ ਖ੍ਰੀਦੋ

ਰੰਗ-ਬਰੰਗੀਆਂ ਸੇਲਾਂ ਤੋਂ ਬਚੋ —

ਰੀਟੇਲ ਫਰਨੀਚਰ ਸਟੋਰਾਂ ਨੇ ਫੈਕਟਰੀ ਕੀਮਤਾਂ ਬੀਟ (Beat) ਤਾਂ ਕੀ ਕਰਨੀਆਂ ਹਨ — ਨੇੜੇ (Meet) ਵੀ ਨਹੀਂ ਪਹੁੰਚ ਸਕਦੇ।



885 Pine



585 Pine



985 Pine



685 Pine

ਫਰਨੀਚਰ ਫੈਕਟਰੀ ਤੋਂ ਸਿੱਧਾ ਖ੍ਰੀਦਣ ਨਾਲ

ਬੱਚਤ ਹੀ ਬੱਚਤ

ਆਓ, ਆ ਕੇ ਦੇਖੋ ਤੇ ਕੀਮਤਾਂ ਅਜ਼ਮਾਓ

- ਕਸਟਮ ਮੇਡ ਫਰਨੀਚਰ
- ਕੁਆਲਿਟੀ ਦੀ ਗਰੰਟੀ
- ਲੱਕੜ (Wood) ਦਾ ਬਣਿਆ ਫਰਨੀਚਰ

ਫੈਕਟਰੀ ਸ਼ੋ-ਰੂਮ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

Facroty Hours: 12.00 PM to 5:00 PM